ਯਿਸੂ ਨੇ ਸਲੀਬ ਨੂੰ ਸਵਰਗ ਤੋਂ ਆਉਣ ਵਾਲੇ ਪ੍ਰਕਾਸ਼ ਦੀ ਇੱਕਸਾਰਤਾ ਵਿੱਚ ਰੱਖਿਆ, ਕਿਉਂਕਿ ਇਹ ਉਥੇ ਮਨੁੱਖ ਦੇ ਧਿਆਨ ਨੂੰ ਖਿੱਚ ਲਵੇਗ। ਸਲੀਬ ਰੂਹਾਨੀ ਚੇਹਰਿਆਂ ਦੀ ਚਮਕ ਦੇ ਨਾਲ ਸਿੱਧੀ ਰੇਖਾ ਵਿੱਚ ਹੈ, ਤਾਂਕਿ ਲੋਕ ਸਲੀਬ ਨੂੰ ਦੇਖ ਕੇ ਪਰਮੇਸ਼ੁਰ ਅਤੇ ਯਿਸੂ ਮਸੀਹ ਨੂੰ ਦੇਖ ਅਤੇ ਜਾਣ ਸਕਣ, ਜਿਸਨੇ ਉਸਨੂੰ ਭੇਜਿਆ ਹੈ। ਪਰਮੇਸ਼ੁਰ ਨੂੰ ਦੇਖਣ ਦੁਆਰਾ ਅਸੀਂ ਉਸ ਨੂੰ ਦੇਖਦੇ ਹਾਂ ਜਿਸਨੇ ਆਪਣੇ ਆਤਮਾ ਨੂੰ ਮੌਤ ਦੇ ਲਈ ਵਹਾ ਦਿੱਤਾ। ਸਲੀਬ ਨੂੰ ਦੇਖਣ ਦੁਆਰਾ, ਪਰਮੇਸ਼ੁਰ ਦੇ ਵੱਲ ਧਿਆਨ ਨੂੰ ਵਧਾਇਆ ਜਾਂਦਾ ਹੈ, ਪਾਪ ਦੇ ਪ੍ਰਤੀ ਉਸਦੀ ਨਫਰਤ ਨੂੰ ਸਮਝਿਆ ਜਾਂਦਾ ਹੈ। ਪਰ ਜਦੋਂ ਅਸੀਂ ਸਲੀਬ ਦੇ ਉੱਤੇ ਪਾਪ ਦੇ ਪ੍ਰਤੀ ਪਰਮੇਸ਼ੁਰ ਦੀ ਨਫਰਤ ਨੂੰ ਦੇਖਦੇ ਹਾਂ, ਤਾਂ ਅਸੀਂ ਪਾਪੀਆਂ ਦੇ ਲਈ ਉਸਦੇ ਪਿਆਰ ਨੂੰ ਵੀ ਦੇਖਦੇ ਹਾਂ, ਜੋ ਕਿ ਮੌਤ ਤੋਂ ਵੀ ਵੱਧ ਸ਼ਕਤੀਸ਼ਾਲੀ ਹੈ। ਸੰਸਾਰ ਦੇ ਲਈ ਸਲੀਬ ਇੱਕ

ਵਿਵਾਦਿਤ ਤਰੱਕ ਹੈ ਕਿ ਪਰਮੇਸ਼ੁਰ ਸੱਚਾਈ, ਪ੍ਰਕਾਸ਼ ਅਤੇ ਪਿਆਰ ਹੈ।

**(6) ਹਾਲਾਕਿ ਪਾਪ ਦੁਆਰਾ ਅਸੀਂ ਪਰਮੇਸ਼ੁਰ ਤੋਂ ਅਲੱਗ ਕੀਤੇ ਗਏ ਸੀ, ਫਿਰ ਵੀ ਜੋ ਲੋਕ ਇਸਨੂੰ ਸਵੀਕਾਰ ਕਰਦੇ ਹਨ, ਉਹਨਾਂ ਲਈ ਯਿਸੂ ਦੀ ਮੌਤ ਦੇ ਜ਼ਰੀਏ ਦਯਾ ਦਾ ਕਿਹੜਾ ਕਾਰਜ ਪੂਰਾ ਕੀਤਾ ਗਿਆ ਸੀ।**

***ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵੱਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਂਵਾਂਗੇ। ਅਤੇ ਕੇਵਲ ਇਹੋ ਨਹੀਂ ਸਗੋਂ ਅਸੀਂ ਪਰਮੇਸ਼ੁਰ ਉੱਤੇ ਵੀ ਆਪਣੇ ਪ੍ਰਭੂ ਯਿਸੂ ਮਸੀਹ ਦੇ ਵਸੀਲੇ ਨਾਲ ਜਿਸ ਕਰਕੇ ਅਸੀਂ ਹੁਣ ਮਿਲਾਏ ਗਏ ਅਭਮਾਨ ਕਰਦੇ ਹਾਂ। (ਰੋਮੀਆਂ ਨੂੰ 5:10-11)***

ਪਾਪ ਦੁਆਰਾ ਮਨੁੱਖ ਨੂੰ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਕਰ ਦਿੱਤਾ ਗਿਆ ਸੀ। ਪਰਮੇਸ਼ੁਰ ਦਾ ਆਤਮਾ ਪਾਪ ਦੇ ਰਚਣਹਾਰੇ, ਸ਼ੈਤਾਨ ਦੀਆਂ ਸਾਜ਼ਿਸ਼ਾਂ ਦੇ ਕਰਨ ਦੁੱਖੀ ਸੀ। ਉਹ ਆਪਣੇ ਆਪ ਵਿੱਚ ਪਾਪ ਨੂੰ ਮਹਿਸੂਸ ਕਰਨ ਤੋਂ ਅਸਮਰੱਥ ਹੈ, ਅਤੇ ਰੂਹਾਨੀ ਸੁਭਾਅ ਦੀ ਸ਼ਲਾਗਾ ਕਰਨ ਅਤੇ ਇਸਨੂੰ ਅਪਨਾਉਣ ਦੇ ਵਿੱਚ ਅਸਮਰੱਥ ਹੈ। ਜੇਕਰ ਉਸਨੂੰ ਉਸਦੀ ਪਹੁੰਚ ਕੇ ਵਿੱਚ ਲੈ ਕੇ ਆਇਆ ਜਾਂਦਾ ਤਾਂ ਇਸਦੇ ਵਿੱਚ ਅਜਿਹਾ ਕੁਝ ਵੀ ਨਾ ਹੁੰਦਾ ਜਿਸਦੀ ਉਸਦੇ ਸੁਭਾਵਿਕ ਦਿਲ ਨੂੰ ਇੱਛਾ ਹੁੰਦੀ।

ਪਰ ਪਰਮੇਸ਼ੁਰ ਸ਼ੈਤਾਨ ਤੋਂ ਨਹੀਂ ਹਾਰੇਗਾ। ਉਸਨੇ ਆਪਣੇ ਪੁੱਤਰ ਨੂੰ ਇਸ ਸੰਸਾਰ ਵਿੱਚ ਭੇਜਿਆ ਤਾਂਕਿ ਉਸਦੇ ਮਨੁੱਖੀ ਰੂਪ ਅਤੇ ਸੁਭਾਅ ਨੂੰ ਧਾਰਨ ਕਰਨ ਦੁਆਰਾ ਰੂਹਾਨੀਅਤ ਅਤੇ ਇਨਸਾਨੀਅਤ ਉਸਦੇ ਵਿੱਚ ਇੱਕਠਿਆਂ

ਕਰ ਦੇਵੇ ਜੋ ਕੀ ਪਰਮੇਸ਼ੁਰ ਦੇ ਨਾਲ ਨੈਤਿਕ ਮੁੱਲਾਂ ਦੇ ਪੈਮਾਨੇ ਨੂੰ ਉੱਪਰ ਚੁੱਕਿਆ ਜਾ ਸਕੇ।

ਪਰਮੇਸ਼ੁਰ ਦਾ ਪਿਆਰ ਸੰਸਾਰ ਦੇ ਲਈ ਇਸ ਲਈ ਪ੍ਰਗਟ ਨਹੀਂ ਹੋਇਆ ਕਿ ਕਿਉਂਕਿ ਉਸਨੇ ਆਪਣੇ ਪੁੱਤਰ ਨੂੰ ਭੇਜਿਆ ਸੀ, ਪਰ ਕਿਉਂਕਿ ਉਹ ਸੰਸਾਰ ਦੇ ਨਾਲ ਪਿਆਰ ਕਰਦਾ ਸੀ। ਉਸਨੇ ਆਪਣੇ ਪੁੱਤਰ ਨੂੰ ਸੀ ਸੰਸਾਰ ਵਿੱਚ ਭੇਜਿਆ ਤਾਂਕਿ ਇਨਸਾਨੀਅਤ ਦੇ ਰੂਪ ਵਿੱਚ ਰੂਹਾਨੀਅਤ, ਮਨੁੱਖਜਾਤੀ ਨੂੰ ਛੂਹ ਸਕੇ ਜਦਕਿ ਰੂਹਾਨੀਅਤ ਰੂਹਾਨੀਅਤ ਨੂੰ ਹੀ ਧਾਰਨ ਕਰਦੀ ਹੈ। ਭਾਵੇਂ ਪਾਪ ਨੇ ਮਨੁੱਖ ਅਤੇ ਉਸਦੇ ਪਰਮੇਸ਼ੁਰ ਦੇ ਵਿੱਚ ਇੱਕ ਖਾਈ ਨੂੰ ਪੈਦਾ ਕਰ ਦਿੱਤਾ ਸੀ, ਪਰ ਇੱਕ ਰੂਹਾਨੀ ਪਰਉਪਕਾਰ ਨੇ ਉਸ ਖਾਈ ਦੇ ਉੱਤੇ ਪੁੱਲ ਬਣਾਉਣ ਦੀ ਯੋਜਨਾ ਪ੍ਰਧਾਨ ਕੀਤੀ। ਅਤੇ ਉਸਨੇ ਕਿਸ ਸਮੱਗਰੀ ਦਾ ਇਸਤੇਮਾਲ ਕੀਤਾ? ਖ਼ੁਦ ਦਾ ਇੱਕ ਹਿੱਸਾ। ਪਿਤਾ ਦਾ ਪ੍ਰਕਾਸ਼ ਇੱਕ ਅਜਿਹੇ ਸੰਸਾਰ ਵਿੱਚ ਆ ਗਿਆ ਜੋ ਪੂਰੀ ਤਰਾਂ ਸੁੱਕਿਆ ਹੋਇਆ ਅਤੇ ਸ਼ਰਾਪ ਦੇ ਨਾਲ ਪ੍ਰਭਾਵਿਤ ਸੀ, ਅਤੇ ਉਸਨੇ ਆਪਣੇ ਖ਼ੁਦ ਦੇ ਈਸ਼ਵਰੀ ਚਰਿੱਤਰ, ਖ਼ੁਦ ਦੇ ਈਸ਼ਵਰੀ ਸ਼ਰੀਰ ਵਿੱਚ ਉਸ ਖਾਈ ਉੱਤੇ ਰਸਤਾ ਬਣਾਇਆ। ਤਦ ਸਵਰਗ ਦੀਆਂ ਖਿੜਕੀਆਂ ਖੋਲ ਦਿੱਤੀਆਂ ਗਈਆਂ ਚੰਗਿਆਈ ਦੀਆਂ ਧਾਰਾਵਾਂ ਵਿੱਚੋਂ ਸਵਰਗੀ ਕਿਰਪਾ ਦੀਆਂ ਵਾਛੜਾਂ ਸਾਡੀ ਹਨੇਰ ਦੁਨੀਆ ਵਿੱਚ ਆ ਗਈਆਂ।

**(7) ਜਿਵੇਂ ਜਿਵੇਂ ਸਦੀਪਕ ਕਾਲ ਦੇ ਵਰ੍ਹੇ ਗੁਜ਼ਰਦੇ ਹਨ ਅਤੇ ਉਹਨਾਂ ਦੇ ਨਾਲ ਪਰਮੇਸ਼ੁਰ ਦੇ ਪਿਆਰ, ਦਯਾ, ਅਤੇ ਨਿਆਂ ਦਾ ਹੋਰ ਵੀ ਗਹਿਰਾ ਪ੍ਰਕਾਸ਼ਨ ਹੁੰਦਾ ਹੈ, ਸਾਡਾ ਵਡਿਆਈ ਦਾ ਗੀਤ ਕਿਹੜਾ ਹੋਵੇਗਾ?**

***ਹਰੇਕ ਰਚਨਾ ਨੂੰ ਜੋ ਸਵਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ***

*ਜੋ ਉਹਨਾਂ ਦੇ ਵਿੱਚ ਹਨ, ਮੈਂ ਇਹ ਆਖਦੇ ਸੁਣਿਆ, ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹ ਦਾ ਅਤੇ ਲੇਲੇ ਦਾ ਧੰਨਵਾਦ, ਮਾਣ, ਮਹਿਮਾ ਤੇ ਪਰਾਕਰਮ ਜੁੱਗੋ-ਜੁੱਗ ਹੋਵੇ!" (ਪ੍ਰਕਾਸ਼ ਦੀ ਪੋਥੀ 5:13)*

ਅਤੇ ਸਦੀਪਕ ਕਾਲ ਦੇ ਵਰ੍ਹੇ ਜਿਵੇਂ ਜਿਵੇਂ ਬੀਤਣਗੇ, ਉਹ ਪਰਮੇਸ਼ੁਰ ਅਤੇ ਮਸੀਹ ਦੇ ਹੋਰ ਵੀ ਜ਼ਿਆਦਾ ਧਨੀ ਅਤੇ ਸ਼ਾਨਦਾਰ ਪ੍ਰਕਾਸ਼ਨਾਂ ਨੂੰ ਲੈ ਕੇ ਆਉਣਗੇ। ਜਿਵੇਂ ਜਿਵੇਂ ਗਿਆਨ ਵੱਧਦਾ ਹੈ, ਤਿਵੇਂ ਹੀ ਪਿਆਰ, ਸਤਿਕਾਰ ਅਤੇ ਪ੍ਰਸੰਨਤਾ ਵੀ ਵੱਧਣਗੇ। ਜਿੰਨਾ ਜਿਆਦਾ ਮਨੁੱਖ ਪਰਮੇਸ਼ੁਰ ਦੇ ਬਾਰੇ ਸਿੱਖਣਗੇ, ਪਰਮੇਸ਼ੁਰ ਦੇ ਚਰਿੱਤਰ ਦੇ ਪ੍ਰਤੀ ਉਹਨਾਂ ਦੀ ਸ਼ਲਾਗਾ ਹੋਰ ਵੀ ਵੱਧ ਹੋਵੇਗੀ। ਜਿਵੇਂ ਹੀ ਯਿਸੂ ਉਹਨਾਂ ਦੇ ਸਾਹਮਣੇ ਛੁੱਟਕਾਰੇ ਦੇ ਧੰਨ ਅਤੇ ਸ਼ੈਤਾਨ ਦੇ ਨਾਲ ਮਹਾਨ ਸੰਗਰਸ਼ ਦੀਆਂ ਹੈਰਾਨੀਜਨਕ ਪ੍ਰਾਪਤੀਆਂ ਨੂੰ ਖੋਲ੍ਹਦਾ ਹੈ ਤਾਂ ਛੁੱਟਕਾਰਾ ਪਾਏ ਹੋਇਆ ਦੇ ਦਿਲ ਹੋਰ ਵੀ ਉਤਸ਼ਾਹੀ ਭਗਤੀ ਦੇ ਨਾਲ ਭਰ ਜਾਂਦੇ ਹਨ ਅਤੇ ਹੋਰ ਜੋਸ਼ੀਲੇ ਆਨੰਦ ਨਾਲ ਸੋਨੇ ਦੀਆਂ ਵੀਣਾ ਨੂੰ ਵਜਾਉਂਦੇ ਹਨ; ਅਤੇ ਦੱਸ ਹਜ਼ਾਰ ਗੁਣਾਂ ਦੱਸ ਹਜ਼ਾਰ ਅਤੇ ਹਜ਼ਾਰਾਂ ਆਵਾਜ਼ਾਂ ਮਹਿਮਾ ਦੇ ਮਹਾਨ ਗੀਤ ਨੂੰ ਮਿਲ ਕੇ ਗਾਉਂਦੇ ਹਨ।

ਮਹਾਨ ਵਿਵਾਦ ਸਮਾਪਤ ਹੋ ਗਿਆ ਹੈ। ਪਾਪ ਅਤੇ ਪਾਪੀ ਹੁਣ ਨਹੀਂ ਰਹੇ। ਸਾਰੀ ਕਾਇਨਾਤ ਸ਼ੁੱਧ ਹੈ। ਇੱਕਸਾਰਤਾ ਅਤੇ ਆਨੰਦ ਦੀ ਇੱਕ ਨਬਜ਼ ਵਿਸ਼ਾਲ ਕਾਇਨਾਤ ਵਿੱਚ ਧੜਕਦੀ ਹੈ। ਉਸ ਤੋਂ ਜਿਸ ਨੇ ਸਭ ਕੁਝ ਬਣਾਇਆ, ਜੀਵਨ ਅਤੇ ਪ੍ਰਕਾਸ਼ ਅਤੇ ਅਨੰਦ ਸਾਰੇ ਅਸੀਮਿਤ ਅੰਤਰਿਕਸ਼ ਵਿੱਚ ਵਹਿੰਦਾ ਹੈ। ਸੂਖਮ ਪਰਮਾਣੂ ਤੋਂ ਲੈ ਕੇ ਮਹਾਨ ਸੰਸਾਰ ਤੱਕ, ਸਾਰੀਆਂ ਚੀਜ਼ਾਂ, ਜੀਵ ਅਤੇ ਨਿਰਜੀਵ ਆਪਣੀ ਬੇਦਾਗ਼ ਸੁੰਦਰਤਾ ਅਤੇ ਪੂਰਨ ਅਨੰਦ ਵਿੱਚ, ਇਹ ਕਹਿੰਦੇ ਹਨ ਕਿ ਪਰਮੇਸ਼ੁਰ ਪਿਆਰ ਹੈ।

**(8) ਪਿਤਾ ਦੁਆਰਾ ਸਾਡੇ ਮੁੜ੍ਹ ਜਾਣ ਨੂੰ ਸਾਫ ਅਤੇ ਢੱਕਣ ਤੋਂ ਬਾਅਦ, ਸਾਡੇ ਪਾਪਾਂ ਨੂੰ ਕਿੰਨਾ ਦੂਰ ਕਰ ਦਿੱਤਾ ਗਿਆ?**

***ਜਿੰਨਾਂ ਪੂਰਬ ਪੱਛਮ ਤੋਂ ਦੂਰ ਹੈ, ਓਨ੍ਹੇ ਹੀ ਉਹ ਨੇ ਸਾਡੇ ਅਪਰਾਧ ਸਾਥੋਂ ਦੂਰ ਕੀਤੇ ਹਨ! (ਜਬੂਰਾਂ ਦੀ ਪੋਥੀ 103:12)***

ਪਰ ਬਹੁਤ ਸਾਰੇ ਵਿਚਾਰਾਂ ਦੇ ਨਾਲੋਂ, ਮੁਆਫੀ ਦਾ ਮੱਤਲਬ ਬਹੁਤ ਵੱਡਾ ਹੈ। ਜਦੋਂ ਪਰਮੇਸ਼ੁਰ ਵਾਅਦਾ ਦਿੰਦਾ ਹੈ ਕਿ ਉਹ ਬਹੁਤਾਤ ਦੇ ਨਾਲ ਮੁਆਫ ਕਰੇਗਾ, "ਤਦ ਉਹ ਅੱਗੇ ਕਹਿੰਦਾ ਹੈ ਜਿਵੇਂ ਇਸ ਵਾਇਦੇ ਦਾ ਮੱਤਲਬ ਉਸ ਸਭ ਨਾਲੋਂ ਹੋਰ ਵੀ ਵੱਧ ਜਾਂਦਾ ਹੈ, ਜੋ ਅਸੀਂ ਸਮਝ ਸਕਦੇ ਸੀ: "ਕਿਉਂ ਜੋ ਮੇਰੇ ਖ਼ਿਆਲ ਤੁਹਾਡੇ ਖ਼ਿਆਲ ਨਹੀਂ, ਅਤੇ ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖ਼ਿਆਲ ਤੁਹਾਡੇ ਖ਼ਿਆਲਾਂ ਤੋਂ ਉੱਚੇ ਹਨ।" ਯਸਾਯਾਹ 55:7–9. ਪਰਮੇਸ਼ੁਰ ਦੀ ਮੁਆਫ਼ੀ ਕੇਵਲ ਇੱਕ ਕਨੂੰਨੀ ਕਾਰਵਾਈ ਨਹੀਂ ਹੈ ਜਿਸਦੇ ਨਾਲ ਉਹ ਸਾਨੂੰ ਸਜਾ ਤੋਂ ਮੁਕਤ ਕਰਦਾ ਹੈ। ਇਹ ਨਾ ਕੇਵਲ ਪਾਪ ਦੀ ਮੁਆਫੀ ਹੈ, ਬਲਕਿ ਪਾਪਾਂ ਤੋਂ ਮੁਕਤੀ ਵੀ ਹੈ। ਇਹ ਪਿਆਰ ਨੂੰ ਛੁੱਟਕਾਰੇ ਦੇ ਪਿਆਰ ਦਾ ਵਹਾਅ ਹੈ ਜੋ ਮਨ ਨੂੰ ਬਦਲਦਾ ਹੈ। ਜਦੋਂ ਦਾਊਦ ਨੇ ਪ੍ਰਾਥਨਾ ਕੀਤੀ ਤਾਂ ਉਸ ਕੋਲ ਮੁਆਫੀ ਦੀ ਸੱਚੀ ਧਾਰਨਾ ਸੀ, "ਹੇ ਪਰਮੇਸ਼ੁਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ, ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ।" ਜਬੂਰਾਂ ਦੀ ਪੋਥੀ 51:10.

**(9) ਜਦੋਂ ਅਸੀਂ ਪਾਪੀ ਹੋਣ ਦੇ ਨਾਤੇ, ਪੌਲੁਸ ਦੀ ਤਰਾਂ ਸਲੀਬ ਉੱਤੇ ਵਿਖਾਏ ਗਏ ਪਰਮੇਸ਼ੁਰ ਦੇ ਪਿਆਰ ਦੇ ਮਹੱਤਵ ਨੂੰ ਜਾਣਦੇ ਹਾਂ, ਤਾਂ ਅਸੀਂ ਕਿਵੇਂ ਲਲਕਾਰਾਂਗੇ?**

***ਪਰ ਮੇਰੇ ਤੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਘਮੰਡ ਕਰਾਂ ਬਿਨ੍ਹਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ। (ਗਲਾਤੀਆਂ ਨੂੰ 6:14)***

ਮਸੀਹ ਦੀ ਮੌਤ ਮਨੁੱਖ ਦੇ ਲਈ ਪਰਮੇਸ਼ੁਰ ਦੇ ਮਹਾਨ ਪਿਆਰ ਨੂੰ ਪ੍ਰਮਾਣਿਤ ਕਰਦੀ ਹੈ। ਇਹ ਸਾਡੀ ਮੁੱਕਤੀ ਦਾ ਕੇਂਦਰ ਹੈ। ਇੱਕ ਮਸੀਹ ਤੋਂ ਸਲੀਬ ਨੂੰ ਹਟਾਉਣਾ, ਅਕਾਸ਼ ਦੇ ਵਿੱਚੋਂ ਸੂਰਜ ਨੂੰ ਧੁੰਦਲਾ ਕਰ ਦੇਣ ਦੇ ਬਰਾਬਰ ਹੋਵੇਗਾ। ਸਲੀਬ ਸਾਨੂੰ ਮਸੀਹ ਦੇ ਕੋਲ ਲੈ ਕੇ ਆਉਂਦੀ ਹੈ, ਸਾਨੂੰ ਉਸਦੇ ਨਾਲ ਸਾਡਾ ਮੇਲ ਕਰਾਉਂਦੀ ਹੈ, ਇੱਕ ਪਿਤਾ ਦੇ ਪਿਆਰ ਦੀ ਕਿਰਪਾ ਨਾਲ, ਯਹੋਵਾਹ ਉਸ ਦਰਦ ਨੂੰ ਦੇਖਦਾ ਹੈ ਜਿਹੜਾ ਉਸਦੇ ਪੁੱਤਰ ਨੇ ਇਸ ਪੀੜੀ ਨੂੰ ਅਨੰਤ ਮੌਤ ਤੋਂ ਬਚਾਉਣ ਦੇ ਲਈ ਸਹਿਆ, ਅਤੇ ਸਾਨੂੰ ਉਸਦੇ ਪਿਆਰੇ ਦੇ ਵਿੱਚ ਕਬੂਲ ਕੀਤਾ।
ਸਲੀਬ ਦੇ ਬਿਨਾ ਮਨੁੱਖ ਦਾ ਪਿਤਾ ਦੇ ਨਾਲ ਕੋਈ ਵੀ ਮਿਲਾਪ ਨਹੀਂ ਹੋ ਸਕਦਾ ਸੀ। ਇਸਦੇ ਉੱਤੇ ਸਾਡੀ ਸਾਰੀ ਉਮੀਦ ਟਿਕੀ ਹੋਈ ਹੈ। ਇਸ ਤੋਂ ਮੁੱਕਤੀਦਾਤੇ ਦੇ ਪਿਆਰ ਦਾ ਪ੍ਰਕਾਸ਼ ਚਮਕਦਾ ਹੈ, ਅਤੇ ਜਦੋਂ ਪਾਪੀ ਸਲੀਬ ਦੇ ਪੈਰਾਂ ਦੇ ਵਿੱਚ ਉਸ ਦੇ ਵੱਲ ਤੱਕਦਾ ਹੈ ਜਿਹੜਾ ਉਸਨੂੰ ਬਚਾਉਣ ਦੇ ਲਈ ਮਾਰ ਗਿਆ, ਤਾਂ ਉਹ ਆਨੰਦ ਦੀ ਭਰਭੂਰੀ ਦੇ ਵਿੱਚ ਖੁਸ਼ ਹੋ ਸਕਦਾ ਹੈ, ਕਿਉਂਕਿ ਉਸਦੇ ਪਾਪ ਮੁਆਫ ਕੀਤੇ ਜਾਂਦੇ ਹਨ। ਸਲੀਬ ਦੇ ਕੋਲ ਵਿਸ਼ਵਾਸ ਦੇ ਨਾਲ ਗੋਡੇ ਟੇਕਣ ਦੁਆਰਾ, ਉਹ ਸਭ ਤੋਂ ਉੱਚੇ ਸਥਾਨ ਤੇ ਪਹੁੰਚ ਗਿਆ ਹੈ ਜਿਸਨੂੰ ਮਨੁੱਖ ਪ੍ਰਾਪਤ ਕਰ ਸਕਦਾ ਹੈ।

ਸਲੀਬ ਦੁਆਰਾ ਅਸੀਂ ਇਹ ਸਿੱਖਦੇ ਹਾਂ ਕਿ ਸਵਰਗੀ ਪਿਤਾ ਸਾਨੂੰ ਉਸ ਪਿਆਰ ਦੇ ਨਾਲ ਪਿਆਰ ਕਰਦੇ ਹਨ ਜੋ ਸਦੀਪਕ ਹੈ। ਕੀ ਅਸੀਂ ਹੈਰਾਨ ਹੋ ਸਕਦੇ ਹਾਂ ਕਿ ਪੌਲੁਸ ਨੇ ਕੀ ਕਿਹਾ, "ਪਰ ਮੇਰੇ ਤੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਘਮੰਡ ਕਰਾਂ ਬਿਨ੍ਹਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ? ਗਲਾਤੀਆਂ ਨੂੰ 6:14. ਸਲੀਬ ਦੇ ਵਿੱਚ ਵਡਿਆਈ ਕਰਨਾ ਵੀ ਸਾਡੇ ਲਈ ਮਾਨ ਹੈ, ਸਾਡਾ ਮਾਨ ਹੈ ਕਿ ਅਸੀਂ ਆਪਣੇ ਆਪ ਨੂੰ ਪੂਰੀ ਤਰਾਂ ਉਸ ਨੂੰ ਦੇ ਦੇਈਏ ਜਿਸਨੇ ਸਾਡੇ ਲਈ ਆਪਣੇ ਆਪ ਨੂੰ ਦੇ ਦਿੱਤਾ। ਤਦ ਸਾਡੇ ਚੇਹਰਿਆਂ ਉੱਤੇ ਕਲਵਰੀ ਤੋਂ ਆ ਰਹੀ ਰੌਸ਼ਨੀ ਦੇ ਨਾਲ, ਅਸੀਂ ਇਸ ਪ੍ਰਕਾਸ਼ ਨੂੰ ਹਨੇਰੇ ਵਿੱਚ ਪਏ ਲੋਕਾਂ ਦੇ ਸਾਹਮਣੇ ਪ੍ਰਗਟ ਕਰਨ ਦੇ ਲਈ ਅੱਗੇ ਵੱਧ ਸਕਦੇ ਹਾਂ।

*ਹੁਣ ਮੈਂ ਸਮਝ ਗਿਆ ਹਾਂ ਕਿ ਮਸੀਹ ਪਰਮੇਸ਼ੁਰ ਦੇ ਪਿਆਰ ਦੀ ਬਿਵਸਥਾ ਦੀ ਪੁਸ਼ਟੀ ਕਰਨ ਦੇ ਲਈ ਆਇਆ ਅਤੇ ਇਸਨੂੰ ਖ਼ਤਮ ਕਰਨ ਦੇ ਲਈ ਨਹੀਂ ਆਇਆ। ਇਹ ਸੱਚਾਈ ਕਿ ਮਸੀਹ ਸਾਨੂੰ ਬਚਾਉਣ ਦੀ ਖਾਤਿਰ ਮਰਿਆ, ਇਸਦੇ ਮਹੱਤਵ ਅਤੇ ਇਸਦੀ ਅਨੰਤ ਹੋਂਦ ਦੀ ਪੁਸ਼ਟੀ ਕਰਦਾ ਹੈ।.*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਦੇਖਦਾ ਹਾਂ ਕਿ ਪਰਮੇਸ਼ੁਰ ਦਾ ਪਿਆਰ ਨਿਆਂ ਅਤੇ ਦਯਾ ਦੇ ਵਿੱਚ ਸੰਪੂਰਨ ਸੰਤੁਲਨ ਹੈ, ਅਤੇ ਇਹ ਉਸਦੇ ਤਖ਼ਤ ਅਤੇ ਹਕੂਮਤ ਦੀ ਨੀਂਹ ਹੈ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

ਮੈਂ ਪਰਮੇਸ਼ੁਰ ਦਾ ਧੰਨਵਾਦੀ ਹਾਂ ਕਿ ਉਹ ਨਹੀਂ ਚਾਹੁੰਦੇ ਕਿ ਕੋਈ ਵੀ ਨਾਸ਼ ਹੋਵੇ ਅਤੇ ਮੈਂ ਯਿਸੂ ਦੀ ਸਲੀਬ ਨੂੰ ਦੇਖਦਾ ਹਾਂ ਅਤੇ ਆਪਣੇ ਪਾਪਾਂ ਨੂੰ ਢੱਕਣ ਦੇ ਲਈ ਉਸਦੇ ਬਹੁਮੁੱਲੇ ਖ਼ੂਨ ਨੂੰ ਦਾਅਵਾ ਕਰਦਾ ਹਾਂ।

ਘੇਰਾ ਲਗਾਓ:    ਹਾਂ    ਪੱਕਾ ਨਹੀਂ ਹੈ

ਮੈਂ ਹੈਰਾਨ ਹਾਂ ਕਿ ਮਸੀਹ ਨੂੰ ਚੁਣਨ ਅਤੇ ਉਸਦੇ ਆਤਮਾ ਨੂੰ ਮੈਨੂੰ ਭਰਨ ਦੇਣ ਦੁਆਰਾ, ਮੈਨੂੰ ਉਸਦੇ ਈਸ਼ਵਰੀ ਸੁਭਾਅ ਨੂੰ ਮੇਰੇ ਵਿੱਚੋਂ ਦੀ ਹੋਕੇ ਰਹਿਣ ਦਾ ਮੌਕਾ ਮਿਲ ਸਕਦਾ ਹੈ। ਮੈਂ ਉਸ ਮੌਕੇ ਨੂੰ ਪਰਮੇਸ਼ੁਰ ਤੋਂ ਹੁਣੇ ਹੀ ਮੰਗਦਾ ਹਾਂ।

ਘੇਰਾ ਲਗਾਓ:    ਹਾਂ    ਪੱਕਾ ਨਹੀਂ ਹੈ



## ਅਧਿਆਇ 7
## ਭਗਤੀ ਦਾ ਭੇਤ

**(1) ਮਸੀਹ ਜੀਵਿਤ ਵਚਨ ਨੇ ਕੀ ਕੀਤਾ ਅਤੇ ਸਭ ਤੋਂ ਹੈਰਾਨੀਜਨਕ ਕਿਹੜੀ ਗੱਲ ਹੈ ਜੋ ਕਦੇ ਹੋਈ ਹੋਵੇ?**

***ਸ਼ਬਦ ਦੇਹਧਾਰੀ ਹੋ ਗਿਆ ਅਤੇ ਸਾਡੇ ਵਿੱਚ ਰਿਹਾ, ਅਸੀਂ ਉਸ ਦੀ ਮਹਿਮਾ ਦੇਖੀ ਉਹ ਮਹਿਮਾ ਜੋ ਪਿਤਾ ਦੇ ਇੱਕਲੌਤੇ ਪੁੱਤਰ ਦੀ ਹੈ, ਜੋ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਸੀ। (ਯੂਹੰਨਾ 1:14)***

ਜਦੋਂ ਅਸੀਂ ਅਧਿਐਨ ਕਰਨ ਦੇ ਲਈ ਇੱਕ ਡੂੰਗੀ ਸਮੱਸਿਆ ਨੂੰ ਚਾਹੁੰਦੇ ਹਾਂ, ਤਾਂ ਆਓ ਅਸੀਂ ਆਪਣੇ ਮਨ ਨੂੰ ਸਭ ਤੋਂ ਅਦਭੁਤ ਵਸਤੂ ਤੇ ਕੇਂਦਰਿਤ ਕਰੀਏ ਜਿਹੜੀ ਕਦੇ ਧਰਤੀ ਅਤੇ ਸਵਰਗ ਵਿੱਚ ਹੋਈ ਸੀ- ਪਰਮੇਸ਼ੁਰ ਦੇ ਪੁੱਤਰ ਦਾ ਦੇਹ ਧਾਰਨ ਕਰਨਾ। ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਪਾਪੀ ਮਨੁੱਖਾਂ ਦੇ ਲਈ ਅਪਮਾਨ ਅਤੇ ਸ਼ਰਮਨਾਕ ਮੌਤ ਮਰਨ ਦੇ ਲਈ ਦੇ ਦਿੱਤਾ। ਉਹ ਸਵਰਗੀ ਸਥਾਨਾਂ ਦੇ ਵਿੱਚ ਹੁਕਮ ਚਲਾਉਣ ਵਾਲਾ ਸੀ ਉਸਨੇ

ਆਪਣਾ ਸ਼ਾਹੀ ਲਿਬਾਸ ਅਤੇ ਰਾਜਸੀ ਮੁੱਕਟ ਲਾਂਭੇ ਰੱਖ ਦਿੱਤਾ, ਮਨੁੱਖਤਾ ਦੇ ਨਾਲ ਆਪਣੀ ਰੂਹਾਨੀਅਤ ਨੂੰ ਕੱਜ ਲਿਆ ਅਤੇ ਇਸ ਦੁਨੀਆ ਵਿੱਚ ਮਨੁੱਖੀ ਪੀੜ੍ਹੀ ਦੇ ਸਿਰ ਉੱਤੇ ਆਦਰਸ਼-ਮਨੁੱਖ ਦੇ ਰੂਪ ਵਿੱਚ ਖੜ੍ਹਾ ਹੋਇਆ। ਉਸਨੇ ਆਪਣੇ ਆਪ ਨੂੰ ਦੀਨ ਕੀਤਾ ਕਿ ਪੀੜ੍ਹੀ ਦੇ ਨਾਲ ਕਸ਼ਟ ਸਹੇ, ਅਤੇ ਉਹਨਾਂ ਦੇ ਸਾਰੇ ਦੁੱਖਾਂ ਦੇ ਵਿੱਚ ਪੀੜਿਤ ਹੋਵੇ। ਸਾਰਾ ਸੰਸਾਰ ਉਸਦਾ ਸੀ, ਪਰ ਉਸਨੇ ਆਪਣੇ ਆਪ ਨੂੰ ਇੰਨਾ ਖਾਲੀ ਕਰ ਦਿੱਤਾ ਕਿ ਆਪਣੀ ਸੇਵਾਕਾਈ ਦੌਰਾਨ, ਉਸਨੇ ਇਹ ਘੋਸ਼ਣਾ ਕੀਤੀ, “ਲੂੰਬੜੀਆਂ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਲ੍ਹਣੇ ਹਨ ਪਰ ਮਨੁੱਖ ਦੇ ਪੁੱਤਰ ਦੇ ਸਿਰ ਰੱਖਣ ਨੂੰ ਵੀ ਥਾਂ ਨਹੀਂ।” [ਇਬਰਾਨੀਆਂ 2:14–18 ਤੋਂ ਹਵਾਲਾ ਦਿੱਤਾ ਗਿਆ]

**(2) ਇੰਮਾਨੂਏਲ ਸ਼ਬਦ ਦਾ ਕੀ ਅਰਥ ਹੈ ਜੋ ਮਸੀਹ ਅਤੇ ਉਸਦੇ ਸਾਡੇ ਨਾਲ ਅਥਾਹ ਰਿਸ਼ਤੇ ਨਾਲ ਸੰਬੰਧਿਤ ਹੈ ?**

***“ਵੇਖੋ, ਇੱਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ, ਅਤੇ ਉਹ ਉਸ ਦਾ ਨਾਮ ਇੰਮਾਨੂਏਲ ਰੱਖਣਗੇ। ਜਿਹ ਦਾ ਅਰਥ ਹੈ “ਪਰਮੇਸ਼ੁਰ ਸਾਡੇ ਨਾਲ”*** **(ਮੱਤੀ 1:23)**

ਮਨੁੱਖਤਾਂ ਦੇ ਵਿੱਚ ਮਸੀਹ ਦੇ ਅਵਤਾਰ ਉੱਤੇ ਮਨਨ ਕਰਦੇ ਹੋਏ, ਅਸੀਂ ਇੱਕ ਅਥਾਹ ਭੇਤ ਦੇ ਸਾਹਮਣੇ ਹੈਰਾਨ ਹੋ ਜਾਂਦੇ ਹਾਂ, ਜਿਸਨੂੰ ਕੋਈ ਮਨੁੱਖੀ ਦਿਮਾਗ ਨਹੀਂ ਸਮਝ ਸਕਦਾ ਹੈ। ਜਿਨਾਂ ਅਸੀਂ ਇਸ ਉੱਤੇ ਮਨਨ ਕਰਦੇ ਹਾਂ ਓਨਾ ਹੀ ਇਹ ਇਹ ਹੈਰਾਨੀਜਨਕ ਪ੍ਰਤੀਤ ਹੁੰਦਾ ਹੈ। ਬੈਤਲਹਮ ਦੀ ਚਰਣੀ ਵਿੱਚ ਪਏ ਇੱਕ ਲਾਚਾਰ ਜੁਆਕ ਅਤੇ ਮਸੀਹ ਦੀ ਈਸ਼ਵਰਤਾ ਦੇ ਵਿੱਚ ਅੰਤਰ ਕਿੰਨਾ ਵੱਡਾ ਹੈ! ਅਸੀਂ ਪ੍ਰਾਕਰਮੀ ਪਰਮੇਸ਼ੁਰ ਅਤੇ ਇੱਕ ਲਾਚਾਰ

ਜੁਆਕ ਦੇ ਵਿੱਚਲੀ ਦੂਰੀ ਨੂੰ ਕਿਵੇਂ ਮਾਪ ਸਕਦੇ ਹਾਂ? ਅਤੇ ਫਿਰ ਵੀ ਸੰਸਾਰਾਂ ਦਾ ਸਿਰਜਣਹਾਰ, ਜਿਸ ਵਿੱਚ ਈਸ਼ਵਰਤਾਈ ਦੀ ਸੰਪੂਰਨਤਾ ਸੀ, ਉਹ ਸ਼ਰੀਰਕ ਤੌਰ ਤੇ ਇੱਕ ਲਾਚਾਰ ਬੱਚੇ ਦੇ ਰੂਪ ਵਿੱਚ ਚਰਣੀ ਦੇ ਵਿੱਚ ਪ੍ਰਗਟ ਹੋਇਆ। ਉਹ ਹਰਕੇ ਦੂਤ ਦੇ ਨਾਲੋਂ ਉੱਚਾ, ਮਹਿਮਾ ਅਤੇ ਇੱਜ਼ਤ ਦੇ ਵਿੱਚ  ਪਿਤਾ ਦੇ ਬਰਾਬਰ, ਪਰ ਫਿਰ ਵੀ ਉਸਨੇ ਮਨੁੱਖਤਾ ਦਾ ਭੇਸ ਵਟਾਇਆ! ਰੂਹਾਨੀਅਤ ਅਤੇ ਇਨਸਾਨੀਅਤ ਬੜੇ ਹੀ ਰਹੱਸਮਈ ਢੰਗ ਦੇ ਨਾਲ ਇੱਕਠੇ ਹੋ ਗਏ, ਅਤੇ ਮਨੁੱਖ ਅਤੇ ਪਰਮੇਸ਼ੁਰ ਇੱਕ ਹੋ ਗਏ। ਇਹੀ ਹੋ ਸੰਗਠਨ ਹੈ ਜਿਸ ਵਿੱਚ ਅਸੀਂ ਆਪਣੀ ਪਾਪੀ ਪੀੜ੍ਹੀ ਦੇ ਲਈ ਆਸ ਨੂੰ ਵੇਖਦੇ ਹਾਂ। ਮਨੁੱਖਤਾ ਦੇ ਵਿੱਚ ਮਸੀਹ ਨੂੰ ਦੇਖਦੇ ਹੋਏ, ਅਸੀਂ ਪਰਮੇਸ਼ੁਰ ਦੀ ਵੱਲ ਦੇਖਦੇ ਹਾਂ, ਅਤੇ ਉਸਦੇ ਵਿੱਚ ਉਸਦੀ ਮਹਿਮਾ ਦੀ ਚਮਕ ਦੇਖਦੇ ਹਾਂ ਜੋ ਕੀ ਉਸਦੇ ਵਿਅਕਤੀਤਵ ਦੀ ਪ੍ਰਤੱਖ ਸੂਰਤ ਨੂੰ ਦੇਖਦੇ ਹਾਂ।

**(3) ਪਿਤਾ ਦੁਆਰਾ ਭੇਜੇ ਗਏ ਮਸੀਹ ਦੇ ਪਿਆਰ ਦਾ ਉਦੇਸ਼ ਕੀ ਸੀ ਤਾਂਕਿ ਅਸੀਂ ਪਰਮੇਸ਼ੁਰ ਦੀ ਲੇਪਾਲਕ ਸੰਤਾਨ ਦੇ ਰੂਪ ਵਿੱਚ ਕਬੂਲ ਕੀਤੇ ਜਾਂਦੇ?**

***ਪਰ ਜਦੋਂ ਸਮਾਂ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਭੇਜਿਆ ਜਿਹੜਾ ਔਰਤ ਤੋਂ ਜੰਮਿਆ ਅਤੇ ਬਿਵਸਥਾ ਦੇ ਅਧੀਨ ਜੰਮਿਆ। ਇਸ ਲਈ ਜੋ ਮੁੱਲ ਦੇ ਕੇ ਉਹਨਾਂ ਨੂੰ ਜਿਹੜੇ ਬਿਵਸਥਾ ਦੇ ਅਧੀਨ ਹਨ ਛੁਡਾਵੇ ਕਿ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪ੍ਰਾਪਤ ਹੋਵੇ। (ਗਲਾਤੀਆਂ ਨੂੰ 4:4-5)***

ਜਦੋਂ ਪਾਪੀ ਕਲਵਰੀ ਉੱਤੇ ਮਰਨ ਵਾਲੇ ਮੁਕਤੀਦਾਤੇ ਦੇ ਵੱਲ ਦੇਖਦਾ ਹੈ ਅਤੇ ਇਹ ਜਾਣਦਾ ਹੈ ਕਿ ਦੁੱਖ ਝੱਲਣ ਵਾਲਾ ਰੂਹਾਨੀ ਹੈ, ਉਹ ਪੁੱਛਦਾ ਹੈ ਕਿ ਇਹ ਮਹਾਨ ਬਲੀਦਾਨ ਕਿਓਂ ਕੀਤਾ ਗਿਆ ਸੀ, ਅਤੇ ਸਲੀਬ

ਪਰਮੇਸ਼ੁਰ ਦੀ ਪਵਿੱਤਰ ਬਿਵਸਥਾ ਦੇ ਵੱਲ ਇਸ਼ਾਰਾ ਕਰਦੀ ਹੈ ਜਿਸਦੀ ਉਲੰਗਣਾ ਕੀਤੀ ਗਈ ਹੈ। ਬਿਵਸਥਾ ਦੀ ਧਾਰਮਿਕਤਾ ਅਤੇ ਸਥਿਰਤਾ ਦੇ ਬਾਰੇ ਵਿੱਚ ਮਸੀਹ ਦੀ ਮੌਤ ਇੱਕ ਲਾਜਵਾਬ ਤਰੱਕ ਹੈ।

ਮਸੀਹ ਦੇ ਬਾਰੇ ਵਿੱਚ ਭਵਿੱਖਬਾਣੀ ਕਰਦਿਆਂ, ਯਸਾਯਾਹ ਕਹਿੰਦਾ ਹੈ, " ਉਹ ਬਿਵਸਥਾ ਦੀ ਵਡਿਆਈ ਕਰੇਗਾ, ਅਤੇ ਉਸਨੂੰ ਆਦਰ ਦੇ ਯੋਗ ਠਹਿਰਾਵੇਗਾ (ਯਸਾਯਾਹ 42:21). ਬਿਵਸਥਾ ਦੇ ਕੋਲ ਅਪਰਾਧੀ ਨੂੰ ਮਾਫ਼ ਕਰਨ ਦਾ ਕੋਈ ਅਧਿਕਾਰ ਨਹੀਂ ਹੈ, ਇਸਦਾ ਕਾਰਜ ਉਸਦੇ ਦੋਸ਼ਾਂ ਨੂੰ ਜ਼ਾਹਿਰ ਕਰਨਾ ਹੈ, ਤਾਂਕਿ ਉਹ ਉਸਨੂੰ ਬਚਾਉਣ ਵਾਲੇ ਦੀ ਜ਼ਰੂਰਤ ਨੂੰ ਮਹਿਸੂਸ ਕਰ ਸਕੇ, ਅਤੇ ਉਹ ਉਸਦੇ ਇਵਜੀ, ਧਾਰਮਿਕਤਾ ਅਤੇ ਜ਼ਮਾਨਤੀ ਹੋਣ ਵਾਲੇ ਦੀ ਜ਼ਰੂਰਤ ਨੂੰ ਮਹਿਸੂਸ ਕਰ ਸਕੇ। ਯਿਸੂ ਪਾਪੀ ਦੀ ਲੋੜ ਨੂੰ ਪੂਰਾ ਕਰਦਾ ਹੈ; ਕਿਉਂਕਿ ਉਸਨੇ ਅਪਰਾਧੀ ਦੇ ਪਾਪਾਂ ਨੂੰ ਆਪਣੇ ਉੱਤੇ ਲੈ ਲਿਆ ਹੈ। "ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਅਤੇ ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ ਹਾਂ।" (ਯਸਾਯਾਹ 53:5) ਪਰਮੇਸ਼ੁਰ ਪਾਪੀ ਦਾ ਨਾਸ਼ ਕਰ ਸਕਦਾ ਸੀ ਅਤੇ ਉਸਦਾ ਪੂਰੀ ਤਰਾਂ ਨਾਲ ਸੱਤਿਆਨਾਸ਼ ਕਰ ਸਕਦਾ ਸੀ, ਪਰ ਬਹੁਤ ਮਹਿੰਗੀ ਯੋਜਨਾ ਦੀ ਚੋਣ ਕੀਤੀ ਗਈ। ਆਪਣੇ ਮਹਾਨ ਪਿਆਰ ਵਿੱਚ ਉਹ ਨਿਰਾਸ਼ਾਵਾਦੀਆਂ ਨੂੰ ਆਸ਼ਾ ਦਿੰਦਾ ਹੈ, ਅਤੇ ਆਪਣੇ ਇੱਕਲੌਤੇ ਪੁੱਤਰ ਨੂੰ ਸੰਸਾਰ ਦੇ ਪਾਪਾਂ ਨੂੰ ਸਹਿਣ ਦੇ ਲੈ ਦੇ ਦਿੰਦਾ ਹੈ। ਅਤੇ ਜਦੋਂ ਤੋਂ ਉਸਨੇ ਉਸ ਧਨੀ ਦਾਨ ਵਿੱਚ ਸਾਰਾ ਸਵਰਗ ਰੋੜ ਦਿੱਤਾ ਹੈ, ਤਾਂ ਉਹ ਮਨੁੱਖ ਤੋਂ ਕੋਈ ਵੀ ਜ਼ਰੂਰੀ ਸਹਾਇਤਾ ਨੂੰ ਨਹੀਂ ਰੋਕੇਗਾ ਤਾਂਜੋ ਉਹ ਮੁੱਕਤੀ ਦੇ ਕਟੋਰੇ ਨੂੰ ਚੁੱਕ ਸਕੇ, ਅਤੇ

ਪਰਮੇਸ਼ੁਰ ਦਾ ਇੱਕ ਵਾਰਿਸ ਅਤੇ ਮਸੀਹ ਦੇ ਸੰਗ ਵਾਰਿਸ ਬਣ ਜਾਵੇ।

**(4) ਆਤਮ-ਬਲੀਦਾਨ ਦੇ ਪਿਆਰ ਵਿੱਚ, ਸਾਡੀ ਸੰਪੂਰਨ ਬਹਾਲੀ ਨੂੰ ਸੁਰੱਖਿਅਤ ਕਰਨ ਅਤੇ ਸਾਨੂੰ ਕਾਹਦੇ ਤੋਂ ਛੁਡਾਉਣ ਦੇ ਲਈ ਮਸੀਹ ਧਰਤੀ ਉੱਤੇ ਆਇਆ ਸੀ?**

***ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਕੱਢ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪਹੁੰਚਾ ਦਿੱਤਾ। ਉਸ ਦੇ ਵਿੱਚ ਸਾਨੂੰ ਛੁਟਕਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ। (ਕੁਲੁੱਸੀਆਂ 1:13-14)***

ਹੋ ਸਕਦਾ ਹੈ ਕਿ ਮਸੀਹ ਸਾਡੇ ਪਾਪ ਦੇ ਕਾਰਣ ਸਾਡੇ ਤੋਂ ਦੂਰ ਚਲਾ ਜਾਂਦਾ। ਪਰ ਸਾਡੇ ਤੋਂ ਦੂਰ ਜਾਣ ਦੀ ਬਜਾਏ, ਈਸ਼ਵਰਤਾਈ ਦੀ ਸੰਪੂਰਨਤਾ ਦੇ ਨਾਲ ਭਰਭੂਰ, ਸਾਡੇ ਨਾਲ ਇੱਕ ਹੋਣ ਲਈ  ਉਹ ਆਇਆ ਅਤੇ ਸਾਡੇ ਵਿੱਚਕਾਰ ਵਾਸ ਕੀਤਾ, ਤਾਂਕਿ ਉਸਦੀ ਕਿਰਪਾ ਦੇ ਨਾਲ ਅਸੀਂ ਸੰਪੂਰਨਤਾ ਨੂੰ ਪ੍ਰਾਪਤ ਕਰ ਸਕੀਏ। ਸ਼ਰਮਨਾਕ ਦਰਦ ਦੀ ਮੌਤ ਦੁਆਰਾ, ਉਸਨੇ ਨੇ ਮਨੁੱਖ ਦੇ ਛੁੱਟਕਾਰੇ ਦੇ ਮੁੱਲ ਨੂੰ ਤਾਰਿਆ। ਇਹ ਕਿਹੋ ਜਿਹਾ ਆਤਮ-ਬਲੀਦਾਨੀ ਪਿਆਰ ਹੈ। ਰੂਹਾਨੀਅਤ ਨੂੰ ਇਨਸਾਨੀਅਤ ਦੇ ਨਾਲ ਕੱਜੇ ਹੋਏ, ਉਹ ਸਰਵ-ਉੱਚ ਸਰਵ-ਸਰੇਸ਼ਟਤਾ ਤੋਂ ਆਇਆ ਅਤੇ ਉਹ ਕਦਮ ਦਰ ਕਦਮ ਅਪਮਾਨ ਦੀ ਡੂੰਗਿਆਈ ਦੇ ਵਿੱਚ ਉੱਤਰ ਗਿਆ। ਕੋਈ ਵੀ ਰੇਖਾ ਉਸਦੇ ਪਿਆਰ ਦੀ ਗਹਿਰਾਈ ਨੂੰ ਨਹੀਂ ਮਾਪ ਸਕਦੀ ਹੈ। ਮਸੀਹ ਨੇ ਸਾਨੂੰ ਦਿਖਾਇਆ ਕਿ ਪਰਮੇਸ਼ੁਰ ਕਿੰਨਾ ਪਿਆਰ ਕਰ ਸਕਦਾ ਹੈ ਅਤੇ ਸਾਡਾ ਮੁਕਤੀਦਾਤਾ ਸਾਡੀ ਸੰਪੂਰਨ ਬਹਾਲੀ ਨੂੰ ਸੁਰੱਖਿਅਤ ਕਰਨ ਲਈ ਕਿੰਨਾ ਦੁੱਖ ਝੱਲ ਸਕਦਾ ਹੈ।  ਉਹ ਚਾਹੁੰਦਾ ਹੈ ਕਿ ਉਸਦੇ ਬੱਚੇ ਉਸਦੇ

ਚਰਿੱਤਰ ਨੂੰ ਜ਼ਾਹਿਰ ਕਰਨ, ਅਤੇ ਉਸਦੇ ਪ੍ਰਭਾਵ ਦਾ ਅਭਿਆਸ ਕਰਨ, ਤਾਂ ਜੋ ਹੋਰਾਂ ਦੇ ਮਨਾਂ ਨੂੰ ਪਰਮੇਸ਼ੁਰ ਦੇ ਮਨ ਨਾਲ ਇੱਕਸਾਰਤਾ ਵਿੱਚ ਹੋ ਜਾਣ।

**(5) ਪੌਲੁਸ ਕਿਹੜੇ ਹੈਰਾਨੀਜਨਕ ਤੱਥ ਵੱਲ ਇਸ਼ਾਰਾ ਕਰਦਾ ਹੈ ਜੋ ਮਨੁੱਖ ਦੇ ਰੂਪ ਵਿੱਚ ਮਸੀਹ ਦੇ ਦੇਹਧਾਰਨ ਵਿੱਚ ਪਿਆਰ ਦੇ ਕਾਰਜ ਨੂੰ ਸਮਝ ਤੋਂ ਬਾਹਰ ਬਣਾ ਦਿੰਦਾ ਹੈ?**

***ਅਤੇ ਉਹ ਸਭ ਤੋਂ ਪਹਿਲਾਂ ਹੈ ਅਤੇ ਸੱਭੋ ਕੁਝ ਉਸੇ ਵਿੱਚ ਸਥਿਰ ਰਹਿੰਦਾ ਹੈ। (ਕੁਲੁੱਸੀਆਂ 1:17)***

ਰਸੂਲ ਨੇ ਮਸੀਹ ਨੂੰ ਆਪਣੇ ਭਰਾਵਾਂ ਅੱਗੇ ਉਸਦੇ ਰੂਪ ਵਿੱਚ ਉੱਚਾ ਕੀਤਾ ਜਿਸ ਦੁਆਰਾ ਪਰਮੇਸ਼ੁਰ ਨੇ ਸਭ ਕੁਝ ਬਣਾਇਆ ਹੈ ਅਤੇ ਜਿਸ ਦੁਆਰਾ ਉਸਨੇ ਉਨ੍ਹਾਂ ਦੇ ਛੁਟਕਾਰੇ ਦਾ ਕੰਮ ਕੀਤਾ ਸੀ। ਉਸਨੇ ਐਲਾਨ ਕੀਤਾ ਕਿ ਇਹ ਉਹ ਹੱਥ ਜਿਹੜਾ ਸੰਸਾਰ ਨੂੰ ਅੰਤਰਿਕਸ਼ ਦੇ ਵਿੱਚ ਕਾਇਮ ਰੱਖਦਾ ਹੈ, ਅਤੇ ਪਰਮੇਸ਼ੁਰ ਦੇ ਬ੍ਰਹਿਮੰਡ ਵਿੱਚਲੀਆਂ ਸਾਰੀਆਂ ਚੀਜ਼ਾਂ ਨੂੰ ਉਨ੍ਹਾਂ ਦੇ ਕ੍ਰਮ ਅਨੁਸਾਰ ਅਤੇ ਅਣਥੱਕ ਗਤੀਵਿਧੀਆਂ ਵਿੱਚ ਰੱਖਦਾ ਹੈ, ਅਤੇ ਇਹ ਹੀ ਉਹ ਹੱਥ ਹੈ ਜਿਸਨੂੰ ਉਹਨਾਂ ਦੇ ਲਈ, ਸਲੀਬ ਉੱਤੇ ਕਿੱਲਾਂ ਦੇ ਨਾਲ ਠੋਕ ਦਿੱਤਾ ਗਿਆ ਸੀ। ਪੌਲੁਸ ਨੇ ਲਿਖਿਆ, "ਉਹ ਸਾਰੀਆਂ ਚੀਜ਼ਾਂ ਉਸ ਦੁਆਰਾ ਸਾਜੀਆਂ ਗਈਆਂ ਹਨ, ਜੋ ਸਵਰਗ ਵਿੱਚ ਹਨ, ਅਤੇ ਜੋ ਧਰਤੀ ਉੱਤੇ ਹਨ, ਜਿਹੜੀਆਂ ਦਿਸਦੀਆਂ ਅਤੇ ਅਦਿੱਖ ਹਨ, ਭਾਵੇਂ ਤਖਤ, ਜਾਂ ਪ੍ਰਭੁਤਾਂ, ਜਾਂ ਪ੍ਰਧਾਨਤਾਵਾਂ ਜਾਂ ਸ਼ਕਤੀਆਂ ਹੋਣ;, ਸਾਰੀਆਂ ਵਸਤੂਆਂ ਉਸ ਦੁਆਰ ਸਿਰਜੀਆਂ ਗਈਆਂ ਅਤੇ ਉਸਦੇ ਦੇ ਲਈ ਹਨ। ਅਤੇ ਉਹ ਸਭ ਤੋਂ ਪਹਿਲਾਂ ਹੈ ਅਤੇ ਸੱਭੋ ਕੁਝ ਉਸੇ ਵਿੱਚ ਸਥਿਰ ਰਹਿੰਦਾ ਹੈ।" ਅਤੇ ਤੁਹਾਨੂੰ ਜਿਹੜੇ ਅੱਗੇ ਵੱਖਰੇ ਹੋਏ ਅਤੇ ਆਪਣੇ

ਬੁਰੇ ਕੰਮਾਂ ਦੇ ਕਾਰਨ ਮਨੋਂ ਵੈਰੀ ਸੀ। ਉਸ ਨੇ ਹੁਣ ਉਹ ਦੇ ਸਰੀਰ ਨਾਲ ਮੌਤ ਦੇ ਵਸੀਲੇ ਮੇਲ ਕਰਾਇਆ ਤਾਂ ਜੋ ਉਹ ਤੁਹਾਨੂੰ ਪਵਿੱਤਰ, ਨਿਰਦੋਸ਼, ਅਤੇ ਬੇਇਲਜ਼ਾਮ ਆਪਣੇ ਸਨਮੁਖ ਖੜ੍ਹਾ ਕਰੇ।

**(6) ਬਿਨਾ ਵਿਵਾਦ ਦੇ, ਪਿਆਰ ਦਾ ਸਭ ਤੋਂ ਅਵਿਸ਼ਵਾਸਨੀ ਕਾਰਜ ਕੀ ਹੈ ਜੋ ਮਸੀਹ ਦਾ ਦੇਹ ਧਾਰਨ ਕਰਨ ਦੇ ਵਿੱਚ ਪ੍ਰਗਟ ਹੋਇਆ ਇਸਦਾ ਵਰਨਣ ਕਰਨ ਦੇ ਲਈ ਸੰਤ ਪੌਲੁਸ ਕਿਸ ਵਾਕਾਂਸ਼ ਦਾ ਇਸਤੇਮਾਲ ਕਰਦਾ ਹੈ?**

*ਅਤੇ ਯਕੀਨਨ ਭਗਤੀ ਦਾ ਭੇਤ ਵੱਡਾ ਹੈ, ਉਹ ਸਰੀਰ ਵਿੱਚ ਪਰਗਟ ਹੋਇਆ, ਆਤਮਾ ਵਿੱਚ ਧਰਮੀ ਠਹਿਰਾਇਆ ਗਿਆ, ਦੂਤਾਂ ਦੁਆਰਾ ਵੇਖਿਆ ਗਿਆ, ਕੌਮਾਂ ਵਿੱਚ ਉਹਦਾ ਪਰਚਾਰ ਕੀਤਾ ਗਿਆ, ਸੰਸਾਰ ਵਿੱਚ ਉਸ ਉੱਤੇ ਵਿਸ਼ਵਾਸ ਕੀਤੀ ਗਈ, ਮਹਿਮਾ ਵਿੱਚ ਉੱਪਰ ਉੱਠਾ ਲਿਆ ਗਿਆ। (1 ਤਿਮੋਥਿ 3:16)*

ਮਸੀਹ ਦੇ ਦੇਹ ਧਾਰਨ ਕਰਨਾ ਸਾਰੇ ਭੇਤਾਂ ਦਾ ਭੇਤ ਹੈ। ਮਸੀਹ ਪਿਤਾ ਦੇ ਨਾਲ ਇੱਕ ਸੀ, ਫਿਰ ਵੀ,....ਉਹ ਪਰਮੇਸ਼ੁਰ ਦੇ ਤੁੱਲ ਉਸਦੀ ਮਹਿਮਾ ਤੋਂ ਹੇਠਾਂ ਆਉਣ ਦੇ ਲਈ ਤਿਆਰ ਸੀ {ਐਨ.ਪੀ} ਤਾਂਕਿ ਉਹ ਇਸ ਪਾਪੀ ਪੀੜ੍ਹੀ ਦੇ ਲਈ ਆਪਣੇ ਪਿਆਰ ਦੇ ਉਦੇਸ਼ ਨੂੰ ਪੂਰਾ ਕਰ ਸਕੇ, ਉਹ ਸਾਡੀ ਹੱਡੀ ਵਿੱਚੋਂ ਹੱਡੀ ਅਤੇ ਮਾਸ ਵਿੱਚੋਂ ਮਾਸ ਬਣ ਗਿਆ।
ਬੈਤਲਹਮ ਦੀ ਚਰਣੀ ਵਿੱਚ ਪਏ ਇੱਕ ਲਾਚਾਰ ਜੁਆਕ ਅਤੇ ਮਸੀਹ ਦੀ ਈਸ਼ਵਰਤਾ ਦੇ ਵਿੱਚ ਅੰਤਰ ਕਿੰਨਾ ਵੱਡਾ ਹੈ! ਅਸੀਂ ਪ੍ਰਾਕਰਮੀ ਪਰਮੇਸ਼ੁਰ ਅਤੇ ਇੱਕ ਲਾਚਾਰ ਜੁਆਕ ਦੇ ਵਿੱਚਲੀ ਦੂਰੀ ਨੂੰ ਕਿਵੇਂ ਮਾਪ ਸਕਦੇ ਹਾਂ? ਅਤੇ ਫਿਰ ਵੀ ਸੰਸਾਰਾਂ ਦਾ ਸਿਰਜਣਹਾਰ, ਜਿਸ ਵਿੱਚ

ਈਸ਼ਵਰਤਾਈ ਦੀ ਸੰਪੂਰਨਤਾ ਸੀ, ਉਹ ਸ਼ਰੀਰਕ ਤੌਰ ਤੇ ਇੱਕ ਲਾਚਾਰ ਬੱਚੇ ਦੇ ਰੂਪ ਵਿੱਚ ਚਰਣੀ ਦੇ ਵਿੱਚ ਪ੍ਰਗਟ ਹੋਇਆ। ਉਹ ਹਰਕੇ ਦੂਤ ਦੇ ਨਾਲੋਂ ਉੱਚਾ, ਮਹਿਮਾ ਅਤੇ ਇੱਜ਼ਤ ਦੇ ਵਿੱਚ  ਪਿਤਾ ਦੇ ਬਰਾਬਰ, ਪਰ ਫਿਰ ਵੀ ਉਸਨੇ ਮਨੁੱਖਤਾ ਦਾ ਭੇਸ ਵਟਾਇਆ! ਰੂਹਾਨੀਅਤ ਅਤੇ ਇਨਸਾਨੀਅਤ ਬੜੇ ਹੀ ਰਹੱਸਮਈ ਢੰਗ ਦੇ ਨਾਲ ਇੱਕਠੇ ਹੋ ਗਏ, ਅਤੇ ਮਨੁੱਖ ਅਤੇ ਪਰਮੇਸ਼ੁਰ ਇੱਕ ਹੋ ਗਏ।

ਮਨੁੱਖ ਦੇ ਸੁਭਾਅ ਨੂੰ ਲੈਣਾ, ਤਦ ਵੀ ਪਰਮੇਸ਼ੁਰ ਦੇ ਪੁੱਤਰ ਦੇ ਲਈ ਲਗਪਗ ਅਨੰਤ ਅਪਮਾਨ ਹੁੰਦਾ, ਜਦੋਂ ਆਦਮ ਅਦਨ ਦੇ ਵਿੱਚ ਆਪਣੀ ਬੇਗੁਨਾਹੀ ਦੇ ਵਿੱਚ ਖੜਾ ਹੁੰਦਾ। ਪਰ ਫਿਰ ਵੀ ਯਿਸੂ ਨੇ ਮਨੁੱਖਤਾ ਨੂੰ ਗ੍ਰਿਹਣ ਕਰ ਲਿਆ, ਜਦਕਿ ਪੀੜ੍ਹੀ ਚਾਰ ਹਜ਼ਾਰ ਸਾਲਾਂ ਦੇ ਪਾਪ ਦੇ ਨਾਲ ਕਮਜ਼ੋਰ ਹੋ  ਚੁੱਕੀ ਸੀ। ਆਦਮ ਦੀ ਹਰੇਕ ਸੰਤਾਨ ਦੀ ਤਰਾਂ ਉਸਨੇ ਪੁਸ਼ਤ ਦੀ ਮਹਾਨ ਬਿਵਸਥਾ ਦੇ ਕਾਰਜ ਦੇ ਨਤੀਜਿਆਂ ਨੂੰ ਸਵੀਕਾਰ ਕੀਤਾ। ਇਹਨਾਂ ਨਤੀਜਿਆਂ ਨੂੰ ਉਸਦੇ ਸੰਸਾਰਿਕ ਪੁਰਖਿਆਂ ਦੇ ਇਤਿਹਾਸ ਵਿੱਚ ਦਿਖਾਇਆ ਗਿਆ ਸੀ ਅਤੇ ਹੈ।  ਉਹ ਸਾਡੇ ਦੁੱਖਾਂ ਅਤੇ ਅਤੇ ਅਜ਼ਮਾਇਸ਼ਾਂ ਦੇ ਵਿੱਚ ਭਾਗੀ ਹੋਣ ਅਤੇ ਸਾਨੂੰ ਇੱਕ ਪਾਪਰਹਿਤ ਮਿਸਾਲ ਦੇਣ ਦੇ ਲਈ, ਇਸ ਤਰਾਂ ਦੀ ਪੁਸ਼ਤ ਦੇ ਨਾਲ ਆਇਆ।

ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਮਸੀਹ ਦੇ ਲਈ ਪਾਪ ਕਰਨਾ ਸੌਖਾ ਨਹੀਂ ਸੀ, ਉਹ ਇਹ ਵਿਸ਼ਵਾਸ ਨਹੀਂ ਕਰ ਸਕਦੇ ਕਿ ਉਸਨੇ ਸੱਚ ਮੁੱਚ ਮਨੁੱਖੀ ਸੁਭਾਅ ਨੂੰ ਆਪਣੇ ਉੱਤੇ ਲੈ ਲਿਆ ਸੀ। ਪਰ ਕੀ ਅਸਲ ਵਿੱਚ ਮਸੀਹ ਦੀ ਨਾ ਕੇਵਲ ਜੰਗਲ ਵਿੱਚ ਸ਼ੈਤਾਨ ਦੁਆਰਾ, ਬਲਕਿ ਆਪਣੇ ਪੂਰੇ ਜੀਵਨ ਵਿੱਚ, ਬਚਪਨ ਤੋਂ ਲੈ ਕੇ ਪੁਰਸ਼ ਬਣਨ ਤੱਕ ਪ੍ਰੀਖਿਆ ਨਹੀਂ ਹੋਈ ਸੀ? {ਐਨ ਪੀ} ਸਾਡੇ ਮੁੱਕਤੀਦਾਤੇ ਨੇ ਮਾਨਵਤਾ ਨੂੰ ਇਸ ਦੀਆਂ ਸਾਰੀਆਂ ਦੇਣਦਾਰੀਆਂ ਦੇ ਨਾਲ ਲੈ ਲਿਆ।  ਉਸਨੇ ਪ੍ਰੀਖਿਆ ਦੇ ਵੱਲ

ਉਸਦੇ ਝੁਕਾਅ ਦੀ ਸੰਭਾਵਨਾ ਦੇ ਨਾਲ ਮਨੁੱਖ ਦੇ ਸੁਭਾਅ ਨੂੰ ਧਾਰਨ ਕੀਤਾ। ਸਾਡੇ ਕੋਲ ਹੋਰ ਕੁਝ ਵੀ ਸਹਿਣ ਕਰਨ ਦੇ ਲਈ ਨਹੀਂ ਜੋ ਉਸਨੇ ਸਹਿਣ ਨਾ ਕੀਤਾ ਹੋਵੇ।

**(7) ਮਸੀਹ ਦੇ ਮਹਾਨ ਪਿਆਰ ਦੇ ਕਰਨ, ਜਿਵੇਂ ਕੀ "ਈਸ਼ਵਰਤਾਈ ਦੇ ਭੇਤ" ਦੁਆਰਾ ਦਰਸਾਇਆ ਗਿਆ ਹੈ, ਅਸੀਂ ਉਸਦੀ ਕਲੀਸਿਆ ਦੇ ਰੂਪ  ਵਿੱਚ ਪਵਿੱਤਰ ਪਰਮੇਸ਼ੁਰ ਦੇ ਸਾਹਮਣੇ ਕਿਵੇਂ ਖੜ੍ਹੇ ਹੋ ਸਕਦੇ ਹਾਂ?**

***ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸਿਯਾ ਤਿਆਰ ਕਰੇ ਜਿਹ ਦੇ ਵਿੱਚ ਕਲੰਕ ਜਾਂ ਬੱਜ ਜਾਂ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ।*** *(ਅਫ਼ਸੀਆਂ ਨੂੰ 5:27)*

ਹੇ ਬਹੁਮੁੱਲੇ, ਪਿਆਰ ਕਰਨ ਵਾਲੇ, ਧੀਰਜ ਅਤੇ ਸਹਿਣਸ਼ੀਲ ਯਿਸੂ, ਮੇਰੀ ਜਾਨ ਤੁਹਾਨੂੰ ਕਿਵੇਂ ਪਿਆਰ ਕਰਦੀ ਹੈ! ਕਿ ਇੱਕ ਨਿਮਾਣੀ, ਅਯੋਗ, ਪਾਪ ਦੇ ਨਾਲ ਅਸ਼ੁੱਧ ਹੋਈ ਜਾਨ ਉਸ ਪਵਿੱਤਰ ਪਰਮੇਸ਼ੁਰ ਦੇ ਸਾਹਮਣੇ ਖੜੀ ਹੋ ਸਕੇ, ਜੋ ਕਿ ਸਾਡੇ ਇਵਜੀ ਅਤੇ ਭਰੋਸੇ ਦੀ ਧਾਰਮਿਕਤਾ ਦੇ ਵਿੱਚ ਸੰਪੂਰਨ ਹੈ! ਹੇ ਸਵਰਗੋਂ ਅਚਰਜ ਮਨਾਓ ਅਤੇ ਹੇ ਧਰਤੀ ਹੈਰਾਨ ਹੋ, ਕਿ ਪਾਪ ਦੇ ਵਿੱਚ ਡਿੱਗਿਆ ਹੋਇਆ ਮਨੁੱਖ ਉਸਦੇ ਅਨੰਤ ਪਿਆਰ ਅਤੇ ਅਨੰਦ ਦਾ ਕੇਂਦਰ ਹੈ। ਉਹ ਉਹਨਾਂ ਦੇ ਲਈ ਸਵਰਗੀ ਗੀਤਾਂ ਦੇ ਨਾਲ ਅਨੰਦ ਹੁੰਦਾ ਹੈ, ਅਤੇ ਪਾਪ ਦੇ ਨਾਲ ਅਸ਼ੁੱਧ ਮਨੁੱਖ ਮਸੀਹ ਦੀ ਧਾਰਮਿਕਤਾ ਦੇ ਨਾਲ ਧੋਤੇ ਜਾਂਦੇ ਹਨ ਅਤੇ ਬਿਨਾ ਕਿਸੇ ਪਾਪ ਦੇ ਦਾਗ ਅਤੇ ਦੋਸ਼ ਦੇ ਪਿਤਾ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਹਨ।, "ਜਿਹ ਦੇ ਵਿੱਚ ਕਲੰਕ ਜਾਂ ਬੱਜ ਜਾਂ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ" (ਅਫ਼ਸੀਆਂ ਨੂੰ  5:27). "ਪਰਮੇਸ਼ੁਰ ਦੇ ਚੁਣਿਆਂ

ਹੋਇਆਂ ਦੇ ਉੱਤੇ ਕੌਣ ਦੋਸ਼ ਲਗਾ ਸਕਦਾ ਹੈ? ਪਰਮੇਸ਼ੁਰ ਹੀ ਹੈ ਜਿਹੜਾ ਧਰਮੀ ਠਹਿਰਾਉਂਦਾ ਹੈ। ” (ਰੋਮੀਆਂ ਨੂੰ 8:33).

**(8) ਇਸ ਭੇਤ ਦੇ ਮਹਿਮਾ ਦੇ ਧਨ ਕਿਹੜੇ ਹਨ ਜੋ ਪਰਮੇਸ਼ੁਰ ਚਾਹੁੰਦਾ ਹੈ ਕੀ ਅਸੀਂ ਜਾਣੀਏ ਅਤੇ ਅਨੁਭਵ ਕਰੀਏ ਤਾਂ ਜੋ ਅਸੀਂ ਸੰਪੂਰਨ ਹੋ ਜਾਈਏ?**

***ਜਿਨ੍ਹਾਂ ਉੱਤੇ ਪਰਮੇਸ਼ੁਰ ਨੇ ਪ੍ਰਗਟ ਕਰਨਾ ਚਾਹਿਆ ਕਿ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੀ ਮਹਿਮਾ ਦਾ ਧਨ ਕੀ ਹੈ, ਸੋ ਇਹ ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ। ਕੁਲੁੱਸੀਆਂ 1:27)***

ਪਰਮੇਸ਼ੁਰ ਦੀ ਸੰਤਾਨ ਦੇ ਉਚੇਚੇ ਅਧਿਕਾਰ ਅਤੇ ਬਰਕਤਾਂ ਰਸੂਲ ਦੁਆਰਾ ਨਿਮਨਲਿਖਿਤ ਸ਼ਬਦਾਂ ਵਿੱਚ ਦਰਸਾਇਆ ਜਾਂਦਾ ਹੈ: “ਜਿਨ੍ਹਾਂ ਉੱਤੇ ਪਰਮੇਸ਼ੁਰ ਨੇ ਪ੍ਰਗਟ ਕਰਨਾ ਚਾਹਿਆ ਕਿ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੀ ਮਹਿਮਾ ਦਾ ਧਨ ਕੀ ਹੈ, ਸੋ ਇਹ ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ। (ਕੁਲੁੱਸੀਆਂ 1:27)” ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਮਹਿਮਾ ਦੀ ਆਸ ਮਸੀਹ ਹੈ, ਕਿ ਅਸੀਂ ਉਸ ਵਿੱਚ ਸੰਪੂਰਨ ਹਾਂ, ਅਤੇ ਅਸੀਂ ਬਿਆਨ ਤੋਂ ਬਾਹਰ ਮਹਿਮਾ ਦੇ ਨਾਲ ਭਰਭੂਰ ਅਨੰਦ ਦੇ ਨਾਲ ਖੁਸ਼ ਹੋਵਾਂਗੇ।

**(9) ਪਿਆਰ ਨਾਲ ਅਸੀਂ ਸਦਾ ਲਈ ਇਹ ਸਮਝਣ ਦੀ ਕੋਸ਼ਿਸ਼ ਵਿੱਚ ਬਤੀਤ ਕਰਾਂਗੇ ਕਿ ਪਰਮੇਸ਼ੁਰ ਦੇ ਪੁੱਤਰ, ਮਸੀਹ ਨੇ, ਇਸ ਹਨੇਰੇ ਗ੍ਰਹਿ ਤੇ ਸਾਡੇ ਲਈ ਕੀ ਕੀਤਾ ਅਤੇ ਸਹਾਰਿਆ?**

***ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਅਤੇ ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ ਹਾਂ। (ਯਸਾਯਾਹ 53:5)***

ਪਰਮੇਸ਼ੁਰ ਦਾ ਪੁੱਤਰ ਡਿੱਗੇ ਹੋਇਆ ਨੂੰ ਚੁੱਕਣ ਦੇ ਲਈ ਝੁੱਕ ਗਿਆ। ਇਸ ਲਈ ਉਸਨੇ ਉਹਨਾਂ ਨੜਿਨਵਿਆਂ ਨੂੰ, ਜਿਹੜੇ ਉਸ ਨਾਲ ਪਿਆਰ ਕਰਦੇ ਸਨ, ਪਾਪਰਹਿਤ ਸੰਸਾਰਾਂ ਦੇ ਵਿੱਚ ਉੱਚੇ ਸਥਾਨਾਂ ਤੇ ਛੱਡ ਦਿੱਤਾ ਅਤੇ ਇਸ ਧਰਤੀ ਤੇ ਸਾਡੇ ਅਪਰਾਧਾਂ ਦੇ ਲਈ ਘਾਇਲ ਅਤੇ ਸਾਡੇ ਅਧਰਮ ਦੇ ਕੰਮਾਂ ਦੇ ਲਈ ਕੁੱਚਲੇ ਜਾਣ ਦੇ ਲਈ ਆਇਆ। ਯਸਾਯਾਹ 53:5 । ਉਹ ਹਰੇਕ ਗੱਲ ਵਿੱਚ ਆਪਣੇ ਭਰਾਵਾਂ ਵਰਗਾ ਬਣ ਗਿਆ। ਜਿਸ ਪ੍ਰਕਾਰ ਅਸੀਂ ਹਾਂ, ਉਸੇ ਹੀ ਤਰਾਂ ਉਸਨੇ ਦੇਹ ਨੂੰ ਧਾਰ ਲਿਆ। ਉਹ ਜਾਣਦਾ ਸੀ ਕਿ ਭੁੱਖੇ ਪਿਆਸੇ, ਅਤੇ ਥੱਕ ਜਾਣ ਦਾ ਕੀ ਮੱਤਲਬ ਹੈ। ਉਹ ਭੋਜਨ ਦੇ ਨਾਲ ਕਾਇਮ ਰਿਹਾ ਅਤੇ ਨੀਂਦ ਦੇ ਨਾਲ ਤਰੋ-ਤਾਜ਼ਾ ਹੁੰਦਾ ਸੀ। ਉਹ ਸੰਸਾਰ ਵਿੱਚ ਧਰਤੀ ਤੇ ਅਜਨਬੀ ਅਤੇ ਪਰਦੇਸੀ ਸੀ, ਪਰ ਉਸ ਇਸ ਸੰਸਾਰ ਦਾ ਨਹੀਂ ਸੀ; ਜਿਵੇਂ ਅੱਜ ਆਦਮੀ ਅਤੇ ਔਰਤਾਂ ਪਰਤਾਏ ਜਾਂਦੇ ਹਨ ਉਹ ਵੀ ਪਰਤਾਇਆ ਗਿਆ, ਪਰ ਫਿਰ ਵੀ ਉਸਨੇ ਪਾਪ ਤੋਂ ਰਹਿਤ ਜੀਵਨ ਬਤੀਤ ਕੀਤਾ। ਕੋਮਲ, ਕਿਰਪਾਵਾਨ, ਹਮਦਰਦ, ਦੂਸਰਿਆਂ ਦਾ ਖਿਆਲ ਕਰਨ ਵਾਲਾ, ਉਸ ਨੇ ਪਰਮੇਸ਼ੁਰ ਦੇ ਚਰਿੱਤਰ ਨੂੰ ਦਰਸਾਇਆ, "ਵਚਨ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ.... ਜੋ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਸੀ।" ਯੂਹੰਨਾ 1:14.

***ਸਰਿਸ਼ਟੀਕਰਤਾ ਮਸੀਹ ਨੇ ਆਪਣੇ ਆਪ ਨੂੰ ਦੀਨ ਕੀਤਾ ਅਤੇ ਇੱਕ ਲਾਚਾਰ ਬੱਚੇ ਦੇ ਰੂਪ ਵਿੱਚ***

ਬੈਤਲਹਮ ਦੀ ਇੱਕ ਚਰਨੀ ਵਿੱਚ ਆਇਆ। ਮਸੀਹ ਦਾ ਦੇਹ ਧਾਰਨ ਕਰਨਾ ਸੱਚ ਮੁੱਚ ਹੀ ਸਾਰੀਆਂ ਭੇਤਾਂ ਦਾ ਭੇਤ ਹੈ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਪੂਰੀ ਕਾਇਨਾਤ ਦੇ ਨਾਲ ਮੈਨੂੰ ਇਸ ਸੱਚਾਈ ਤੇ ਹੈਰਾਨੀ ਹੁੰਦੀ ਹੈ ਕਿ ਮਸੀਹ ਨੇ ਮੈਨੂੰ ਐਨਾ ਪਿਆਰ ਕੀਤਾ ਕਿ ਉਸਨੇ ਆਪਣੇ ਸ਼ਾਹੀ ਬਸਤਰ ਅਤੇ ਸ਼ਾਹੀ ਤਾਜ ਨੂੰ ਲਾਂਭੇ ਰੱਖ ਦਿੱਤਾ। ਅਤੇ ਸਾਡੇ ਵਿਚਕਾਰ ਰਹਿਣ ਦੇ ਲਈ ਦੇਹ ਨੂੰ ਧਾਰਨ ਕਰ ਲਿਆ ਅਤੇ ਅਖ਼ੀਰ ਵਿੱਚ, ਮੈਨੂੰ ਬਚਾਉਣ ਦੇ ਲਈ ਆਪਣੀ ਜਾਣ ਦੇ ਦਿੱਤੀ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਹੁਣ ਮੈਨੂੰ ਅਹਿਸਾਸ ਹੋ ਗਿਆ ਹੈ ਕਿ ਮਸੀਹ ਪਰਮੇਸ਼ੁਰ ਦੇ ਪ੍ਰੇਮ-ਆਧਾਰਿਤ ਬਿਵਸਥਾ ਨੂੰ ਖ਼ਤਮ ਕਰਨ ਲਈ ਨਹੀਂ ਬਲਕਿ ਉਹਨਾਂ ਨੂੰ ਬਣਾਈ ਅਤੇ ਪੂਰਾ ਕਰਨ ਦੇ ਲਈ ਆਇਆ ਸੀ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਸਨੂੰ ਮੇਰੇ ਪਾਪਾਂ ਦੇ ਲਈ ਮਰਨਾ ਨਾ ਪੈਂਦਾ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਆਪਣੇ ਪਾਪਾਂ ਨੂੰ ਮੰਨਦਾ ਹਾਂ ਅਤੇ ਆਪਣੇ ਪਾਪਾਂ ਦੇ ਲਈ ਮਾਫ਼ੀ ਮੰਗਦਾ ਹਾਂ ਅਤੇ ਉਸ ਵਾਇਦੇ ਦਾ ਦਾਅਵਾ ਕਰਦਾ ਹਾਂ ਕਿ ਕਿਉਂਕਿ ਜੇਕਰ ਇਹ ਉਸਦੇ ਪਿਆਰ

*ਦਾ ਅਦਭੁਤ ਕਾਰਜ ਹੈ ਤਾਂ ਮੈਂ ਬਿਨਾ ਕਿਸੇ ਦੋਸ਼ ਦਾ ਬੱਝ ਦੇ ਪਿਤਾ ਦੇ ਸਾਹਮਣੇ ਖੜਾ ਹੋ ਸਕਦਾ ਹਾਂ।.*

*ਘੇਰਾ ਲਗਾਓ: ਹਾਂ ਨਿਸ਼ਚਿਤ ਨਹੀਂ*

*ਜਿਵੇਂ ਜਿਵੇਂ ਸਦੀਪਕ ਕਾਲ ਬੀਤੇਗਾ, ਮੈਂ ਯਿਸੂ ਦੇ ਕਦਮਾਂ ਵਿੱਚ ਬੈਠਣ ਅਤੇ ਉਸਦੇ ਦੁਆਰਾ ਕੀਤੇ ਗਏ ਅਦਭੁਤ ਕੰਮ ਨੂੰ ਸਮਝਣ ਦੇ ਲਈ ਉਤਸਕ ਹਾਂ ਅਤੇ ਹਮੇਸ਼ਾ ਉਸਦੇ ਪਵਿੱਤਰ ਨਾਮ ਦੀ ਵਡਿਆਈ ਕਰਾਂਗਾ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*



## ਅਧਿਆਇ 8
## ਪਰਮੇਸ਼ੁਰ ਦਾ ਖਿੱਚਣ ਵਾਲਾ ਪਿਆਰ

(1) ਕਿਸ ਤਰਕਸ਼ੀਲ ਤਰੀਕੇ ਦੇ ਨਾਲ ਯਹੋਵਾਹ ਸਾਡੀ ਚਾਹਤ ਦੇ ਲਈ ਅਰਜ ਕਰਦਾ ਹੈ ਅਤੇ ਪਿਆਰ ਨਾਲ ਸਾਨੂੰ ਆਪਣੀ ਵੱਲ ਖਿੱਚਦਾ ਹੈ?

***ਮੈਂ ਉਹਨਾਂ ਨੂੰ ਆਦਮੀ ਦੇ ਰੱਸਿਆਂ ਨਾਲ ਅਤੇ ਪ੍ਰੇਮ ਦੇ ਬੰਧਨਾਂ ਨਾਲ ਖਿੱਚਿਆ। ਮੈਂ ਉਹਨਾਂ ਲਈ ਉਹ ਬਣਿਆ ਜੋ ਉਹਨਾਂ ਦੇ ਜਬਾੜ੍ਹਿਆਂ ਉੱਤੋਂ ਲਗਾਮ ਖੋਲ੍ਹਦਾ ਹੈ, ਮੈਂ ਉਹਨਾਂ ਦੀ ਵੱਲ ਝੁੱਕ ਕੇ ਖੁਆਇਆ। (ਹੋਸ਼ੇ 11:4)***

ਇੱਕ ਮਹੱਤਵਪੂਰਨ ਬਿਆਨ ਇਹ ਵਿਖਾਉਂਦਾ ਹੈ ਕਿ ਇਹ ਬੰਧਨ ਉਹਨਾਂ ਨਾਲੋਂ ਬਿਲਕੁਲ ਅਲੱਗ ਹਨ ਜਿੰਨਾਂ ਦਾ ਇਸਤੇਮਾਲ ਮਨੁੱਖ ਜਾਨਵਰਾਂ ਨੂੰ ਵਸ਼ ਵਿੱਚ ਕਰਨ ਅਤੇ ਪਾਲਣ ਦੇ ਲਈ ਇਸਤੇਮਾਲ ਕਰਦੇ ਹਨ। ਨਿਚਲੇ ਜਾਨਵਰਾਂ ਨੂੰ ਕਈ ਵਾਰ ਲਾਭਦਾਇਕ ਕੰਮ ਦੇ ਲਈ ਕਿਸੇ ਪ੍ਰਕਾਰ ਦੇ ਮਾਰ ਦੇ ਨਾਲ ਇਸਤੇਮਾਲ ਕੀਤਾ ਜਾਂਦਾ ਹੈ; ਪਰ ਪਰਮੇਸ਼ੁਰ ਇਸ ਪ੍ਰਕਾਰ ਮਨੁੱਖਾਂ ਨੂੰ ਆਪਣੇ ਕੋਲ ਨਹੀਂ ਖਿੱਚਦਾ। ਉਹ ਨਾ ਤਾਂ ਸਖ਼ਤ ਰੱਸੀਆਂ ਦਾ ਇਸਤੇਮਾਲ ਕਰਦਾ ਹੈ ਅਤੇ ਨਾ ਹੀ ਕਿਸੇ ਲੋਹੇ ਦੀਆਂ ਬੇੜੀਆਂ ਦੇ ਨਾਲ, ਪਰ ਉਹ ਸਾਨੂੰ ਤਰਕਸ਼ੀਲ ਤਰੀਕਿਆਂ ਦੇ ਨਾਲ ਆਪਣੇ ਕੋਲ ਨੇੜੇ ਲੈ ਕੇ ਆਉਂਦਾ ਹੈ, ਅਤੇ ਸਾਡੀ ਸਮਝ ਅਤੇ ਸਾਡੀ ਚਾਹਤ ਨੂੰ ਆਕਰਸ਼ਿਤ ਕਰਦਾ ਹੈ। (ਦੇਖੋ ਯਸਾਯਾਹ 1:18). ਪਰਮੇਸ਼ੁਰ ਸਾਨੂੰ ਇਸ ਤਰੀਕੇ ਦੇ ਨਾਲ ਨੇੜੇ ਲੈ ਕੇ ਆਉਂਦੇ ਹਨ ਜੋ ਸਾਡੇ ਸੁਭਾਅ ਦੀ ਮਰਿਆਦਾ ਦੇ ਲੈ ਸਹੀ ਹੋਵੇ, ਜਿਵੇਂ ਕਿ ਉਹ ਪਰਮੇਸ਼ੁਰ ਦੀ ਸੂਰਤ ਤੇ ਬਣਾਏ ਗਏ ਹਨ। (ਉਤਪਤ 1:26, 27) ਆਤਮਾਵਾਂ ਨੂੰ ਬਚਾਉਣ ਦੇ ਕੰਮ ਕਰਨ ਵਿੱਚ ਹਮੇਸ਼ਾ ਸਾਨੂੰ ਇਸ ਤਰੀਕੇ ਦਾ ਪਾਲਣ ਕਰਨਾ ਚਾਹੀਦਾ ਹੈ। (ਦੇਖੋ 1 ਕੁਰਿੰਥੀਆਂ ਨੂੰ 9:19—23; 1 ਥੱਸਲੁਨੀਕੀਆਂ ਨੂੰ 2:7, 8; 3:12; ਇਬਰਾਨੀਆਂ ਨੂੰ 5:2) ਜਦੋਂ ਮਸੀਹ ਮਨੁੱਖ ਬਣਿਆ, ਉਹ ਨੇ ਸਾਨੂੰ ਮਨੁੱਖੀ ਡੋਰੀਆਂ ਦੇ ਨਾਲ ਖਿੱਚਿਆ, ਉਹ ਜੀਆ ਅਤੇ ਸਾਡੀ ਭਲਿਆਈ ਦੇ ਲੈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ। (ਦੇਖੋ ਯੂਹੰਨਾ 12:32; ਰਸੂਲਾਂ ਦੇ ਕਰਤੱਬ 10:38)। ਪਰਮੇਸ਼ੁਰ ਦੇ ਪੁੱਤਰ ਦਾ ਮਨੁੱਖ ਬਣਨ ਦਾ ਇੱਕ ਕਾਰਣ ਇਹ ਵੀ ਸੀ ਕਿ

ਲੋਕਾਂ ਦੇ ਨਾਲ ਇੱਕ ਆਪ ਸੁਭਾਅ ਵਿੱਚ ਉਹਨਾਂ ਦੇ ਨਾਲ ਸਾਂਝੀ ਹੋ ਸਕੇ ਅਤੇ ਉਹ ਹਮਦਰਦੀ ਦੀਆਂ ਡੋਰੀਆਂ ਦੇ ਨਾਲ ਲੋਕਾਂ ਨੂੰ ਨੇੜੇ ਲਿਆ ਸਕੇ।

ਮਸੀਹ ਦੁਨੀਆਂ ਦੇ ਵਿੱਚ ਪਰਮੇਸ਼ੁਰ ਦੇ ਪਿਆਰ ਨੂੰ ਪ੍ਰਗਟ ਕਰਨ ਦੇ ਲੈ ਆਇਆ ਸੀ, ਅਤੇ ਸਾਰੀਆਂ ਲੋਕਾਂ ਦੇ ਮਨ ਆਪਣੀ ਵੱਲ ਖਿੱਚਣ ਦੇ ਲੈ ਆਇਆ ਸੀ।.... ਮੁਕਤੀ ਦੇ ਵੱਲ ਪਹਿਲਾਂ ਕਦਮ ਵਧਾਉਣਾ, ਮਸੀਹ ਦੇ ਪਿਆਰ ਦੇ ਵੱਲ ਖਿੱਚੇ ਜਾਣ ਨੂੰ ਪ੍ਰਤਿਕਿਰਿਆ ਦੇਣਾ ਹੈ....ਇਹ ਹੈ ਕਿ ਲੋਕ ਮੁਆਫ਼ੀ ਦੀ ਸ਼ਾਂਤੀ ਨੂੰ ਸਮਝ ਸਕਣ, ਪਰਮੇਸ਼ੁਰ ਦੀ ਸ਼ਾਂਤੀ ਕਿ ਮਸੀਹ ਉਹਨਾਂ ਨੂੰ ਆਪਣੇ ਪਿਆਰ ਦੇ ਪ੍ਰਗਟੀਕਰਨ ਦੁਆਰਾ ਨਜ਼ਦੀਕ ਲੈ ਕੇ ਆਉਂਦਾ ਹੈ। ਜੇਕਰ ਉਹ ਉਸਦੇ ਖਿੱਚ ਦੇ ਪ੍ਰਤਿ ਪ੍ਰਤਿਕਿਰਿਆ ਜਤਾਉਂਦੇ ਹਨ, ਅਤੇ ਆਪਣੇ ਹਿਰਦਿਆਂ ਨੂੰ ਉਸਦੀ ਕਿਰਪਾ ਦੀ ਵੱਲ ਲੈ ਕੇ ਆਉਂਦੇ ਹਨ, ਤਾਂ ਉਹ ਕਦਮ ਦਰ ਕਦਮ, ਉਸਦੇ ਖ਼ੁਦ ਦੇ ਗਿਆਨ ਦੇ ਵੱਲ ਅਗਵਾਈ ਕਰੇਗਾ, ਅਤੇ ਇਹ ਅਨੰਤ ਜੀਵਨ ਹੈ।

**(2) ਕਿਸ ਦਾਨ ਦੇ ਲਈ ਮਸੀਹ ਨੇ ਦੰਡ ਦਾ ਭੁਗਤਾਨ ਕੀਤਾ ਅਤੇ ਮੁਆਫ਼ੀ ਮੁਹੱਈਆ ਕਾਰਵਾਈ, ਅਤੇ ਪਰਮੇਸ਼ੁਰ ਨੇ ਇਹ ਸਾਨੂੰ ਵੱਡੀ ਕਿਰਪਾ ਦੇ ਨਾਲ ਬਖਸ਼ ਦਿੱਤਾ?**

***ਕਿਉਂਕਿ ਪਾਪ ਦੀ ਮਜ਼ਦੂਰੀ ਤਾਂ ਮੌਤ ਹੈ, ਪਰ ਪਰਮੇਸ਼ੁਰ ਦਾ ਵਰਦਾਨ ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਸਦੀਪਕ ਜੀਵਨ ਹੈ। (ਰੋਮੀਆਂ ਨੂੰ 6:23)***

ਛੁਟਕਾਰੇ ਦਾ ਮੁੱਲ ਚੁੱਕਾ ਦਿੱਤਾ ਗਿਆ ਹੈ, ਅਤੇ ਸਭ ਦਾ ਪਰਮੇਸ਼ੁਰ ਦੇ ਕੋਲ ਆਉਣਾ ਅਤੇ ਆਗਿਆਕਾਰੀ ਦੇ ਜੀਵਨ ਦੁਆਰਾ ਅਨੰਤ ਜੀਵਨ ਪਾਉਣਾ ਸੌਖਾ ਹੋ ਗਿਆ

ਹੈ। ਤਾਂ ਫਿਰ ਇਹ ਕਿੰਨੇ ਹੀ ਮੰਦਭਾਗੀ ਗੱਲ ਹੈ ਕਿ ਮਨੁੱਖ ਅਮਰ ਵਿਰਾਸਤ ਦੇ ਵੱਲੋਂ ਮੂੰਹ ਮੋੜ ਕੇ, ਘਮੰਡ ਦੀ ਸੰਤੁਸ਼ਟੀ, ਸਵਾਰਥੀਪਨ, ਦਿਖਾਵੇ ਦੇ ਲਈ ਜੀ ਰਹੇ ਹਨ, ਅਤੇ ਸ਼ੈਤਾਨ ਦੀ ਹਕੂਮਤ ਦੇ ਅਧੀਨ ਹੋ ਕੇ, ਉਹ ਉਸ ਬਰਕਤ ਨੂੰ ਗੁਆ ਦਿੰਦੇ ਹਨ ਜੋ ਉਹਨਾਂ ਨੂੰ ਇਸ ਜ਼ਿੰਦਗੀ ਅਤੇ ਆਉਣ ਵਾਲੀ ਜ਼ਿੰਦਗੀ ਦੇ ਵਿੱਚ ਮਿਲਣੀ ਹੁੰਦੀ ਹੈ। ਉਹ ਸਵਰਗ ਦੇ ਮਹਿਲਾਂ ਦੇ ਵਿੱਚ ਦਾਖਿਲ ਹੋ ਸਕਦੇ ਹਨ, ਅਤੇ ਆਜ਼ਾਦੀ ਅਤੇ ਸਮਾਨਤਾ ਦੇ ਪਖੋਂ ਮਸੀਹ ਅਤੇ ਸਵਰਗੀ ਦੂਤਾਂ ਅਤੇ ਪਰਮੇਸ਼ੁਰ ਦੇ ਰਾਜਕੁਮਾਰਾਂ ਦੇ ਨਾਲ ਸੰਗਤੀ ਕਰ ਸਕਦੇ ਹਨ; ਭਾਵੇਂ, ਇਹ ਕਿੰਨਾ  ਸ਼ਾਨਦਾਰ ਲੱਗਦਾ ਹੈ, ਪਰ ਉਹ ਸਵਰਗੀ ਆਕਰਸ਼ਣ ਤੋਂ ਮੁੱਖ ਫੇਰ ਲੈਂਦੇ ਹਨ। ਪੂਰੇ ਸੰਸਾਰ ਦਰ ਰਚਣਕਰਤਾ ਪਰਮੇਸ਼ੁਰ ਉਹਨਾਂ ਲੋਕਾਂ ਦੇ ਅੱਗੇ ਪਿਆਰ ਦਾ ਪਰਸਤਾਵ ਰੱਖਦਾ ਹੈ ਜੋ ਉਸਦੇ ਇੱਕਲੌਤੇ ਪੁੱਤਰ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨ ਕੇ ਗ੍ਰਹਿਣ ਕਰਦੇ ਹਨ, ਇੱਥੋਂ ਤੱਕ ਉਹ ਇਸ ਤਰਾਂ ਪਿਆਰ ਕਰਦਾ ਹੈ ਜਿਵੇਂ ਉਹ ਆਪਣੇ ਪੁੱਤਰ ਨੂੰ ਪਿਆਰ ਕਰਦਾ ਹੈ। ਇੱਥੋਂ ਤੱਕ ਹੁਣ ਅਤੇ ਇੱਥੇ ਉਸਦੀ ਦਯਾਵਾਨ ਕਿਰਪਾ ਇਸ ਅਲੋਕਾਰ ਹੱਦ ਤੱਕ ਸਾਡੇ ਉੱਤੇ ਕੀਤੀ ਗਈ ਹੈ। ਉਸਨੇ ਮਨੁੱਖ ਨੂੰ ਸਵਰਗ ਦੀ ਮਹਿਮਾ ਅਤੇ ਪ੍ਰਕਾਸ਼ ਦਾ ਦਾਨ ਦਿੱਤਾ ਹੈ ਅਤੇ ਉਸਦੇ ਨਾਲ ਉਸਨੇ ਸਵਰਗ ਦੇ ਸਾਰੇ ਖਜਾਨਿਆਂ ਨੂੰ ਦੇ ਦਿੱਤਾ ਹੈ। ਜਿਨਾਂ ਉਸਨੇ ਸਾਡੇ ਨਾਲ਼ ਆਉਣ ਵਾਲੇ ਜੀਵਨ ਦੇ ਲਈ ਵਾਅਦਾ ਕੀਤਾ ਹੈ, ਉਹ ਇਸ ਜ਼ਿੰਦਗੀ ਵਿੱਚ ਵੀ ਸਾਨੂੰ ਰਾਜਸੀ ਉਪਹਾਰਾਂ ਦੇ ਨਾਲ ਬਰਕਤ ਦਿੰਦਾ ਹੈ। ਅਤੇ ਉਸਦੀ ਕਿਰਪਾ ਦੇ ਬਾਸ਼ਿੰਦਿਆਂ ਦੇ ਤੌਰ ਤੇ ਉਹ ਸਾਨੂੰ ਹਰ ਇੱਕ ਵਸਤੂ ਦਾ ਅਨੰਦ ਮਾਨਣ ਦੇ ਲਈ ਪ੍ਰਦਾਨ ਕਰੇਗਾ ਜੋ ਸਾਡੇ ਚਰਿੱਤਰਾਂ ਨੂੰ ਬੁਲੰਦੀ ਦੇਵੇਗਾ, ਵਿਸਥਾਰ, ਅਤੇ ਉੱਚਾ ਉਠਾਵੇਗਾ।  ਇਹ ਉਸਦੀ ਬਣਾਈ ਹੋਈ ਬਣਤਰ ਹੈ ਜੋ ਸਾਨੂੰ ਉਤਾਹਾਂ ਦੇ ਸਵਰਗੀ ਸਥਾਨਾਂ ਦੇ ਲਈ ਯੋਗ ਬਣਾਉਂਦਾ ਹੈ।

ਨਿਆਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਪਾਪ ਕੇਵਲ ਮਾਫ਼ ਨਾ ਕੀਤਾ ਜਾਵੇ ਬਲਕਿ ਮੌਤ ਦੀ ਸਜਾ ਨੂੰ ਦਿੱਤਾ ਜਾਣਾ ਚਾਹੀਦਾ ਹੈ। ਪਰਮੇਸ਼ੁਰ ਨੇ ਆਪਣੇ ਇੱਕਲੌਤੇ ਪੁੱਤਰ ਦੇ ਦਾਨ ਵਿੱਚ ਇਹਨਾਂ ਦੋਹਾਂ ਮੰਗਾਂ ਨੂੰ ਪੂਰਾ ਕਰ ਦਿੱਤਾ। ਇਨਸਾਨ ਦੀ ਜਗਾਹ ਮਰਨ ਦੁਆਰਾ, ਮਸੀਹ ਨੇ ਸਜਾ ਨੂੰ ਖਤਮ ਕਰ ਦਿੱਤਾ ਅਤੇ ਮਾਫ਼ੀ ਨੂੰ ਪ੍ਰਦਾਨ ਕੀਤਾ।

**(3) ਜੋ ਲੋਕ ਇਸਨੂੰ ਸਵੀਕਾਰ ਕਰਨਗੇ, ਉਹਨਾਂ ਨੂੰ ਬਹੁਤਾਤ ਦੇ ਵਿੱਚ ਕੀ ਮੁੱਹਈਆ ਕਰਨ ਦੇ ਲਈ ਇਸ ਧਰਤੀ ਉੱਤੇ ਆਇਆ?**

***ਚੋਰ, ਚੋਰੀ ਕਰਨ, ਮਾਰਨ ਅਤੇ ਨਾਸ ਕਰਨ ਲਈ ਆਉਂਦਾ ਹੈ, ਪਰ ਮੈਂ ਉਨ੍ਹਾਂ ਨੂੰ ਜੀਵਨ ਦੇਣ ਆਇਆ ਹਾਂ, ਸਗੋਂ ਚੋਖਾ ਜੀਵਨ।*** *(ਯੂਹੰਨਾ 10:10)*

ਇਹ ਜੀਵਨ ਉਹੀ ਹੈ ਜੋ ਸਾਡੇ ਕੋਲ ਹੋਣਾ ਚਾਹੀਦਾ ਹੈ ਅਤੇ ਸਾਨੂੰ ਇਸਨੂੰ ਬਹੁਤਾਤ ਵਿੱਚ ਪ੍ਰਾਪਤ ਕਰਨਾ ਚਾਹੀਦਾ ਹੈ। ਪਰਮੇਸ਼ੁਰ ਇਸ ਜੀਵਨ ਨੂੰ ਹਰ ਉਸ ਰੂਹ ਦੇ ਵਿੱਚ ਫੂਕ ਦੇਵੇਗਾ ਜੋ ਆਪਣੇ ਆਪ ਲਈ ਮਾਰਦੀ ਅਤੇ ਮਸੀਹ ਦੇ ਲਈ ਜਿਉਂਦੀ ਹੈ। ਪਰ ਸੰਪੂਰਨ ਆਤਮ-ਤਿਆਗ ਕਰਨਾ ਪਵੇਗਾ। ਜਦ ਤੱਕ ਅਜਿਹਾ ਨਹੀਂ ਹੋਵੇਗਾ ਤਦ ਤੱਕ ਅਸੀਂ ਉਸ ਬੁਰਾਈ ਨੂੰ ਆਪਣੇ ਨਾਲ ਲੈ ਕੇ ਚੱਲਾਂਗੇ, ਜੋ ਸਾਡੇ ਅਨੰਦ ਨੂੰ ਤਬਾਹ ਕਰ ਦਿੰਦੀ ਹੈ। ਪਰ ਜਦੋਂ ਆਪੇ ਨੂੰ ਸਲੀਬ ਦੇ ਦਿੱਤਾ ਜਾਂਦਾ ਹੈ, ਤਦ ਮਸੀਹ ਸਾਡੇ ਵਿੱਚ ਰਹਿੰਦਾ ਹੈ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਸਾਡੀਆਂ ਕੋਸ਼ਿਸ਼ਾਂ ਵਿੱਚ ਸ਼ਾਮਿਲ ਹੁੰਦੀ ਹੈ।

ਕਾਸ਼ ਅਸੀਂ ਉਹੀ ਹੁੰਦੇ ਜੋ ਪਰਮੇਸ਼ੁਰ ਸਾਨੂੰ ਚਾਹੁੰਦਾ ਹੈ-- ਪ੍ਰਭੂ ਦੇ ਵਿੱਚ ਸਾਰਾ ਪ੍ਰਕਾਸ਼। ਸਾਨੂੰ ਇੱਕ ਉੱਚ ਸਤੱਰ ਤੱਕ

ਪਹੁੰਚਣ ਦੀ ਲੋੜ ਹੈ, ਪਰ ਇਹ ਤਦ ਤੱਕ ਅਸੀਂ ਨਹੀਂ ਕਰ ਸਕਦੇ ਜਦ ਤੱਕ ਅਸੀਂ ਆਪੇ ਨੂੰ ਵੇਦੀ ਉੱਤੇ ਨਹੀਂ ਰੱਖ ਦਿੰਦੇ, ਜਦ ਤੱਕ ਅਸੀਂ ਪਵਿੱਤਰ ਆਤਮਾ ਨੂੰ ਸਾਨੂੰ ਨਿਯੰਤਰਣ ਕਰਨ ਅਤੇ ਰੂਹਾਨੀ ਸਮਾਨਤਾ ਦੇ ਅਨੁਸਾਰ ਢਾਲਣ ਅਤੇ ਬਣਾਏ ਜਾਣ ਦੀ ਮਨਜ਼ੂਰੀ ਨਹੀਂ ਦਿੰਦੇ।

ਉਹ [ਵਿਸ਼ਵਾਸੀ] ਮਰ ਸਕਦਾ ਹੈ, ਜਿਵੇਂ ਮਸੀਹ ਮਰਿਆ, ਪਰ ਮੁੱਕਤੀਦਾਤੇ ਦਾ ਜੀਵਨ ਉਸਦੇ ਵਿੱਚ ਹੈ। ਉਸਦਾ ਜੀਵਨ ਮਸੀਹ ਦੇ ਨਾਲ ਲੁਕਿਆ ਹੋਇਆ ਹੈ। ਯਿਸੂ ਨੇ ਕਿਹਾ, "ਮੈਂ ਇਸ ਲਈ ਆਇਆ ਕੀ ਉਹ ਜੀਵਨ ਪਾਉਣ, ਬਲਕਿ ਬਹੁਤਾਤ ਵਿੱਚ ਪਾਉਣ। ਉਹ ਉਸ ਮਹਾਨ ਪਰਕਿਰਿਆ ਨੂੰ ਅੱਗੇ ਵਧਾਉਂਦਾ ਹੈ ਜਿਸਦੇ ਦੁਆਰਾ ਵਿਸ਼ਵਾਸੀਆਂ ਨੂੰ ਸੀ ਵਰਤਮਾਨ ਜੀਵਨ ਵਿੱਚ ਉਸਦੇ ਨਾਲ ਇੱਕ ਬਣਾ ਦਿੱਤਾ ਹੈ, ਤਾਂ ਕਿ ਉਹ ਅਨੰਤ ਕਾਲ ਤੱਕ ਉਸਦੇ ਨਾਲ ਰਹਿਣ।

**(4) ਇੱਕ ਪਿਆਰ ਕਰਨਵਾਲੇ ਚਰਵਾਹੇ ਦੀ ਤਰਾਂ, ਪ੍ਰਭੂ ਹਰੇਕ ਜਿੰਦ ਦੇ ਲਈ ਕੀ ਕਰਦਾ ਹੈ ਜਿਵੇਂ ਕਿ ਉਹੀ ਹੋਣ ਜਿੰਨਾਂ ਨੂੰ ਬਚਾਉਣ ਦੇ ਲਈ ਉਹ ਮਰਿਆ?**

***'ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਲੱਭਣ ਅਤੇ ਬਚਾਉਣ ਆਇਆ ਹੈ। (ਲੂਕਾ 19:10)***

ਹਰੇਕ ਆਤਮਾ ਤੋਂ ਯਿਸੂ ਪੂਰੀ ਤਰਾਂ ਜਾਣੂ ਹੈ ਜਿਵੇਂ ਕਿ ਉਹੀ ਇੱਕਲੀ ਸੀ ਜਿਸਦੇ ਲਈ ਮੁੱਕਤੀਦਾਤੇ ਨੇ ਆਪਣੇ ਪ੍ਰਾਣ ਦਿੱਤੇ। ਹਰੇਕ ਦੀ ਨਿਰਾਸ਼ਾ ਉਸਦੇ ਦਿਲ ਨੂੰ ਛੂਹ ਜਾਂਦੀ ਹੈ। ਮਦਦ ਦੀ ਪੁਕਾਰ ਉਸਦੇ ਕੰਨ ਤੱਕ ਪਹੁੰਚ ਜਾਂਦੀ ਹੈ। ਉਹ ਸਾਰੇ ਮਨੁੱਖਾਂ ਨੂੰ ਆਪਣੇ ਵੱਲ ਖਿੱਚਣ ਦੇ ਲਈ ਆਇਆ ਸੀ। ਉਹ ਉਹਨਾਂ ਨੂੰ ਕਹਿੰਦਾ ਹੈ ਕਿ "ਮੇਰੇ ਪਿੱਛੇ ਆਓ," ਅਤੇ ਉਸਦਾ ਆਤਮਾ ਉਹਨਾਂ ਦੇ ਦਿਲਾਂ

ਵਿੱਚ ਉਸਦੇ ਨੇੜੇ ਆਉਣ ਦੇ ਲਈ ਕੰਮ ਕਰਦਾ ਹੈ। ਬਹੁਤ ਸਾਰਿਆਂ ਨੇ ਉਸਦੇ ਨੇੜੇ ਆਉਣ ਤੋਂ ਇਨਕਾਰ ਕਰ ਦਿੱਤਾ। ਯਿਸੂ ਜਾਣਦਾ ਹੈ ਕਿ ਉਹ ਕੌਣ ਹਨ। ਉਹ ਇਹ ਵੀ ਜਾਣਦਾ ਹੈ ਕਿ ਕੌਣ ਉਸਦੀ ਪੁਕਾਰ ਨੂੰ ਖੁਸ਼ੀ ਦੇ ਨਾਲ ਸੁਣਦਾ ਹੈ ਅਤੇ ਉਸਦੀ ਚਰਵਾਹੇ ਵਾਲੀ ਸੰਭਾਲ ਵਿੱਚ ਆਉਣ ਦੇ ਲਈ ਤਿਆਰ ਹੁੰਦਾ ਹੈ। ਉਹ ਕਹਿੰਦਾ ਹੈ ਕਿ, "ਮੇਰੀਆਂ ਭੇਡਾਂ ਮੇਰੇ ਆਵਾਜ ਨੂੰ ਜਾਣਦੀਆਂ ਹਨ, ਅਤੇ ਮੈਂ ਉਹਨਾਂ ਨੂੰ ਜਾਣਦਾ ਹਾਂ, ਅਤੇ ਉਹ ਮੇਰੇ ਪਿੱਛੇ ਪਿੱਛੇ ਚਲਦੀਆਂ ਹਨ। ਉਹ ਹਰ ਇੱਕ ਦੀ ਪਰਵਾਹ ਇਸ ਰੀਤਿ ਕਰਦਾ ਹੈ ਜਿਵੇਂ ਕਿ ਧਰਤੀ ਉੱਤੇ ਕੋਈ ਦੂਸਰਾ ਨਹੀਂ ਕਰਦਾ।

"ਉਹ ਆਪਣੀਆਂ ਭੇਡਾਂ ਦਾ ਨਾਮ ਲੈ ਕੇ ਬੁਲਾਉਂਦਾ ਹੈ, ਅਤੇ ਉਹਨਾਂ ਨੂੰ ਬਾਹਰ ਲੈ ਜਾਂਦਾ ਹੈ।....ਅਤੇ ਭੇਡਾਂ ਉਸਦੇ ਪਿੱਛੇ ਪਿੱਛੇ ਚੱਲਦੀਆਂ ਹਨ ਕਿਉਂਕਿ ਉਹ ਉਸਦੇ ਸ਼ਬਦ ਨੂੰ ਪਹਿਚਾਣਦੀਆਂ ਹਨ।" ਪੂਰਬੀ ਚਰਵਾਹਾ ਭੇਡਾਂ ਨੂੰ ਨਹੀਂ ਹਿੱਕਦਾ। ਉਹ ਕਿਸੇ ਜ਼ੋਰ ਅਤੇ ਡਰ ਉੱਤੇ ਨਿਰਭਰ ਨਹੀਂ ਕਰਦਾ; ਬਲਕਿ ਉਹ ਉਹਨਾਂ ਦੇ ਅੱਗੇ ਅੱਗੇ ਚੱਲਦਾ ਹੈ, ਅਤੇ ਉਹਨਾਂ ਨੂੰ ਬੁਲਾਉਂਦਾ ਹੈ ਅਤੇ ਉਹ ਉਸਦੀ ਆਵਾਜ਼ ਨੂੰ ਜਾਣਦੀਆਂ ਹਨ, ਅਤੇ ਉਸਦੇ ਹੁਕਮ ਨੂੰ ਮੰਨਦੀਆਂ ਹਨ। ਇਸੇ ਤਰਾਂ ਮੁੱਕਤੀਦਾਤਾ-ਚਰਵਾਹਾ ਆਪਣੀਆਂ ਭੇਡਾਂ ਦੇ ਨਾਲ ਕਰਦਾ ਹੈ। ਪਰਮੇਸ਼ੁਰ ਦਾ ਵਚਨ ਕਹਿੰਦਾ ਹਾਂ, "ਤੂੰ ਆਪਣੀ ਪਰਜਾ ਨੂੰ ਇੱਜੜ ਦੀ ਤਰਾਂ ਮੂਸਾ ਅਤੇ ਹਰੂਨ ਦੇ ਹੱਥ ਦੁਆਰਾ ਚਲਾਇਆ।" ਨਬੀ ਦੁਆਰਾ, ਯਿਸੂ ਨੇ ਇਹ ਘੋਸ਼ਣਾ ਕੀਤੀ, "ਮੈਂ ਸਦਾ ਦੇ ਪ੍ਰੇਮ ਨਾਲ ਤੈਨੂੰ ਪ੍ਰੇਮ ਕੀਤਾ; ਇਸ ਲੈ ਦਯਾ ਦੇ ਨਾਲ ਮੈਂ ਤੈਨੂੰ ਖਿੱਚਿਆ ਹੈ।" ਉਹ ਕਿਸੇ ਨੂੰ ਵੀ ਉਸਦੇ ਪਿੱਛੇ ਚੱਲਣ ਦੇ ਲੈ ਮਜ਼ਬੂਰ ਨਹੀਂ ਕਰਦਾ। ਉਹ ਕਹਿੰਦਾ ਹੈ "ਮੈਂ ਉਹਨਾਂ ਨੂੰ ਖਿੱਚਿਆ," "ਮਨੁੱਖ ਦੀਆਂ ਡੋਰੀਆਂ ਦੇ ਨਾਲ, ਅਤੇ

ਪਿਆਰ ਦੇ ਬੰਧਨਾਂ ਦੇ ਨਾਲ। ਜਬੂਰਾਂ ਦੀ ਪੋਥੀ 77:20; ਯਿਰਮਿਯਾਹ 31:3; ਹੋਸ਼ੇ 11:4.

**(5) ਜਦੋਂ ਅਸੀਂ ਮਸੀਹ ਦੇ ਜੀਵਨ ਵਿੱਚ, ਦਯਾ, ਕੋਮਲਤਾ, ਰਹਿਮ ਨੂੰ ਦੇਖਦੇ ਹਾਂ, ਤਾਂ ਅਸੀਂ ਹੋਰ ਕਿਸਦੇ ਗੁਣਾਂ ਅਤੇ ਕਿਰਦਾਰ ਨੂੰ ਦੇਖਦੇ ਹਾਂ?**

***ਯਿਸੂ ਨੇ ਆਖਿਆ, "ਫ਼ਿਲਿਪੁੱਸ ਮੈਂ ਲੰਬੇ ਸਮੇਂ ਲਈ ਤੇਰੇ ਨਾਲ ਸੀ। ਪਰ ਹੁਣ ਵੀ ਤੂੰ ਮੈਨੂੰ ਨਹੀਂ ਜਾਣਦਾ? ਜਿਸ ਮਨੁੱਖ ਨੇ ਮੈਨੂੰ ਵੇਖਿਆ ਹੈ ਉਸ ਨੇ ਪਿਤਾ ਨੂੰ ਵੀ ਵੇਖਿਆ ਹੈ। ਫਿਰ ਤੂੰ ਇਹ ਕਹਿੰਦਾ, 'ਸਾਨੂੰ ਪਿਤਾ ਦੇ ਦਰਸ਼ਣ ਕਰਾ?' (ਯੂਹੰਨਾ 14:9)***

ਕਾਇਨਾਤ ਦੇ ਪਰਮੇਸ਼ੁਰ ਦੀ ਪਵਿੱਤਰਤਾ ਅਤੇ ਮਹਿਮਾ ਨੂੰ ਦੇਖ ਕੇ, ਅਸੀਂ ਭੈਭੀਤ ਹਾਂ, ਕਿਉਂਕਿ ਅਸੀਂ ਜਾਂਦੇ ਹਾਂ ਕੀ ਉਸਦਾ ਨਿਆਂ ਉਸਨੂੰ ਦੋਸ਼ੀ ਨੂੰ ਮਿਟਾ ਦੇਣ ਦੀ ਅਨੁਮਤੀ ਨਹੀਂ ਦੇਵੇਗਾ। ਪਰ ਸਾਨੂੰ ਡਰ ਦੇ ਵਿੱਚ ਰਹਿਣ ਦੀ ਜ਼ਰੂਰਤ ਨਹੀਂ ਹੈ; ਕਿਉਂਕਿ ਮਸੀਹ ਦੁਨੀਆਂ ਦੇ ਵਿੱਚ ਪਰਮੇਸ਼ੁਰ ਦੇ ਸੁਭਾਅ ਨੂੰ ਪ੍ਰਗਟ ਕਰਨ ਦੇ ਲਈ ਆਇਆ ਸੀ, ਤਾਂਕਿ ਉਹ ਉਸਦੇ ਲਏ ਹੋਏ ਲੇਪਾਲਕ ਪੁੱਤਰਾਂ ਦੇ ਪ੍ਰਤੀ ਉਸਦੀ ਮਮਤਾ ਦੇ ਪਿਆਰ ਨੂੰ ਵਿਖਾ ਸਕੇ। ਸਾਨੂੰ ਸਿਰਫ ਕੁਦਰਤ ਦੇ ਅਲੋਕਾਰ ਕੰਮਾਂ ਤੋਂ ਹੀ ਪਰਮੇਸ਼ੁਰ ਦੇ ਚਰਿੱਤਰ ਦਾ ਅਨੁਮਾਨ ਨਹੀਂ ਲਗਾਉਣਾ ਹੈ, ਬਲਕਿ ਯਿਸੂ ਦੇ ਸਧਾਰਨ, ਪਿਆਰੇ ਜੀਵਨ ਤੋਂ ਕਰਨਾ ਚਾਹੀਦਾ ਹੈ ਜਿਸਨੇ ਯਹੋਵਾਹ ਨੂੰ ਸਾਡੇ ਜਿਸਮਾਨੀ ਮਾਤਾ-ਪਿਤਾ ਦੇ ਨਾਲੋਂ ਵਧੇਰੇ ਦਿਆਲੂ, ਵਧੇਰੇ ਕਿਰਪਾਵਾਨ, ਵਧੇਰੇ ਕੋਮਲ ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਯਿਸੂ ਨੇ ਪਿਤਾ ਨੂੰ ਇੱਕ ਐਸੇ ਵਿਅਕਤੀ ਦੇ ਰੂਪ ਵਿੱਚ ਪੇਸ਼ ਕੀਤਾ ਹੈ ਜਿਸਤੇ ਅਸੀਂ ਆਪਣਾ ਭਰੋਸਾ ਕਰ ਸਕਦੇ ਹਾਂ ਅਤੇ ਜਿਸਦੇ ਸਾਹਮਣੇ ਅਸੀਂ ਆਪਣੀਆਂ ਲੋੜਾਂ ਨੂੰ ਰੱਖ

ਸਕਦੇ ਹਾਂ। ਜਦੋਂ ਅਸੀਂ ਪਰਮੇਸ਼ੁਰ ਦੇ ਭੈ ਵਿੱਚ ਹੁੰਦੇ ਹਾਂ, ਅਤੇ ਉਸਦੀ ਮਹਿਮਾ ਅਤੇ ਉਸਦੀ ਸ਼ਾਨ ਦੇ ਵਿਚਾਰ ਦੇ ਨਾਲ ਹੀ ਅਸੀਂ ਉਮਡ ਜਾਂਦੇ ਹਾਂ, ਤਦ ਪਿਤਾ ਸਾਨੂੰ ਮਸੀਹ ਲਈ ਆਪਣੇ ਪ੍ਰਤੀਨਿਧੀ ਹੋਣ ਦੇ ਲਈ ਦਰਸਾਉਂਦਾ ਹੈ। ਤੁਸੀਂ ਯਿਸੂ ਵਿੱਚ ਜੋ ਕੋਮਲਤਾ, ਕਿਰਪਾ ਅਤੇ ਪਿਆਰ ਦੇ ਪ੍ਰਗਟੀਕਰਨ ਨੂੰ ਵੇਖਦੇ ਹੋ ਉਹ ਪਿਤਾ ਦੇ ਗੁਣਾਂ ਦਾ ਪਤਿਬਿੰਬ ਹੈ। ਕਲਵਰੀ ਦੀ ਸਲੀਬ ਮਨੁੱਖ ਦੇ ਲਈ ਪਰਮੇਸ਼ੁਰ ਦੇ ਪਿਆਰ ਨੂੰ ਜ਼ਾਹਿਰ ਕਰਦੀ ਹੈ। ਮਸੀਹ ਪੂਰੇ ਬ੍ਰਹਿਮੰਡ ਦੀ ਪ੍ਰਭੁਤਾ ਨੂੰ  ਪਰਮੇਸ਼ੁਰ ਦੇ ਪਿਆਰ ਵਜੋਂ ਬਿਆਨ ਕਰਦਾ ਹੈ।  ਨਬੀ ਦੀ ਜ਼ੁਬਾਨੀ ਉਸਨੇ ਕਿਹਾ, "ਮੈਂ ਤੈਨੂੰ ਸਦਾ ਦੇ ਪਿਆਰ ਦੇ ਨਾਲ ਪਿਆਰ ਕੀਤਾ ਹੈ; ਇਸ ਲਈ ਮੈਂ ਦਯਾ ਦੇ ਨਾਲ ਤੈਨੂੰ ਖਿੱਚਿਆ ਹੈ।" (ਯਿਰਮਿਯਾਹ 31:3)

**(6) ਮਸੀਹ ਦੀ ਕਿਰਪਾ ਦਾ ਧੰਨ ਅਤੇ ਉਸਦੇ ਲਹੂ ਦੇ ਅਨੁਸਾਰ, ਜੇ ਅਸੀਂ ਇਸਨੂੰ ਪ੍ਰਾਪਤ ਕਰਨ ਦੀ ਚੋਣ ਕਰਦੇ ਹਾਂ ਤਾਂ ਅਸੀਂ ਕੀ ਪ੍ਰਾਪਤ ਕਰ ਸਕਦੇ ਹਾਂ,?**

***ਜਿਸ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ, ਸਾਨੂੰ ਛੁਟਕਾਰਾ ਅਤੇ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ,(ਅਫ਼ਸੀਆਂ 1:7)***

ਜੀਵਨ ਅਤੇ ਮਹਿਮਾ ਦੇ ਪ੍ਰਭੂ ਨੇ ਆਪਣੀ ਰੂਹਾਨੀਅਤ ਨੂੰ ਇਨਸਾਨੀਅਤ ਦਾ ਜਾਮਾ ਪਹਿਨਾ ਦਿੱਤਾ ਤਾਂਕਿ ਉਹ ਮਨੁੱਖ ਨੂੰ ਇਹ ਦਰਸਾ ਸਕੇ ਕਿ ਪਰਮੇਸ਼ੁਰ ਸਾਡੇ ਨਾਲ ਆਪਣੇ ਪੁੱਤਰ ਦੇ ਦਾਨ ਦੇ ਦੁਆਰਾ ਜੁੜੇਗਾ। ਪਰਮੇਸ਼ੁਰ ਦੇ ਨਾਲ ਜੁੜਨ ਤੋਂ ਬਿਨਾਂ ਕੋਈ ਵੀ ਸੁਖੀ ਨਹੀਂ ਰਹਿ ਸਕਦਾ। ਪਾਪੀ ਮਨੁੱਖ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਸਾਡਾ ਸਵਰਗੀ ਪਿਤਾ ਤਦ ਤਕ ਸੰਤੁਸ਼ਟ ਨਹੀਂ ਹੋ ਸਕਦਾ ਜਦ ਤੱਕ ਕਿ ਉਸ ਦਾ ਪਿਆਰ ਤੋਬਾ ਕਰਨ ਵਾਲੇ ਪਾਪੀ ਨੂੰ

ਗਲ ਨਾਲ ਨਹੀਂ ਲਗਾ ਲੈਂਦਾ, ਜਿਹੜਾ ਕਿ ਪਰਮੇਸ਼ੁਰ ਦੇ ਬੇਦਾਗ਼ ਮੇਮਣੇ ਦੇ ਗੁਣਾਂ ਦੁਆਰਾ ਬਦਲ ਜਾਂਦਾ ਹੈ। ਸਾਰੀਆਂ ਸਵਰਗੀ ਲਿਆਕਤਾਂ ਦਾ ਕੰਮ ਇਸ ਅਖੀਰ ਤੱਕ ਹੈ। ਆਪਣੇ ਹੁਕਮਰਾਨ ਦੇ ਆਦੇਸ਼ ਦੇ ਤਹਿਤ ਉਹਨਾਂ ਨੂੰ ਉਹਨਾਂ ਲੋਕਾਂ ਨੂੰ ਮੁੜ ਤੋਂ ਹਾਸਿਲ ਕਰਨਾ ਹੈ ਜਿਹਨਾਂ ਨੇ ਪਾਪ ਕਰਕੇ ਆਪਣੇ ਸਵਰਗੀ ਪਿਤਾ ਤੋਂ ਆਪਣੇ ਆਪ ਨੂੰ ਅਲੱਗ ਕਰ ਲਿਆ ਹੈ। ਇੱਕ ਯੋਜਨਾ ਤਿਆਰ ਕੀਤੀ ਗਈ ਹੈ ਜਿਸਦੇ ਦੁਆਰਾ ਮਸੀਹ ਦੇ ਚਮਤਕਾਰੀ ਕਿਰਪਾ ਅਤੇ ਪਿਆਰ ਸੰਸਾਰ ਵਿੱਚ ਪ੍ਰਗਟ ਹੋਵੇਗਾ। ਮਨੁੱਖ ਦੇ ਛੁੱਟਕਾਰੇ ਦੀ ਕੀਮਤ ਅਦਾ ਕਰਨ ਦੇ ਲਈ, ਪਰਮੇਸ਼ੁਰ ਦੇ ਪੁੱਤਰ ਦੁਆਰਾ ਚੁਕਾਈ ਗਈ ਅਨੰਤ ਕੀਮਤ ਦੇ ਵਿੱਚ, ਪਰਮੇਸ਼ੁਰ ਦਾ ਪਿਆਰ ਪ੍ਰਗਟ ਹੁੰਦਾ ਹੈ। ਛੁੱਟਕਾਰੇ ਦੇ ਇਹ ਮਹਿਮਾਮਈ ਯੋਜਨਾ ਪੂਰੇ ਸੰਸਾਰ ਨੂੰ ਬਚਾਉਣ ਦੇ ਲਈ ਇਸਦੇ ਪ੍ਰਬੰਧਾਂ ਦੇ ਵਿੱਚ ਕਾਫੀ ਹੈ। ਪਾਪੀ ਅਤੇ ਡਿੱਗਿਆ ਹੋਇਆ ਮਨੁੱਖ, ਪਾਪ ਦੀ ਮਾਫ਼ੀ ਅਤੇ ਮਸੀਹ ਦੀ ਗੁਣੀ ਧਾਰਮਿਕਤਾ ਦੇ ਦੁਆਰਾ ਯਿਸੂ ਵਿੱਚ ਸੰਪੂਰਨ ਬਣਾਇਆ ਜਾ ਸਕਦਾ ਹੈ।

**(7) ਜੇਕਰ ਅਸੀਂ ਆਪਣੇ ਪਾਪਾਂ ਦੇ ਲਈ ਉਸਦੇ ਜ਼ਖ਼ਮਾਂ ਨੂੰ ਸਵੀਕਾਰ ਕਰਦੇ ਹਾਂ, ਅਤੇ ਉਸਦੇ ਕੁੱਚਲੇ ਜਾਣ, ਅਤੇ ਉਸਦੀ ਤਾੜਨਾ ਨੂੰ ਸਾਡੀ ਸ਼ਾਂਤੀ ਦੇ ਲਈ ਲੈਂਦੇ ਹਾਂ ਤਾਂ ਉਸਦੇ ਦਰਦ ਦੇ ਕੋਰੜੇ ਸਾਡੀ ਰੂਹ ਦੇ ਲਈ ਕੀ ਲੈ ਕੇ ਆਉਣਗੇ?**

***ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਅਤੇ ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ ਹਾਂ।***

*(ਯਸਾਯਾਹ 53:5)*

ਜੇ ਸੰਭਵ ਹੋਵੇ ਤਾਂ, ਮਸੀਹ ਦੇ ਦੁੱਖਾਂ ਦੇ ਸੁਭਾਅ ਅਤੇ ਸਤੱਰ ਦੀ ਕਲਪਨਾ ਕਰੋ| ਮਨੁੱਖਤਾ ਵਿੱਚ ਇਹ ਕਸ਼ਟ ਉਨ੍ਹਾਂ ਸਾਰਿਆਂ ਉੱਤੋਂ ਪਰਮੇਸ਼ੁਰ ਦੇ ਗੁੱਸੇ ਨੂੰ ਰੋਕਣ ਲਈ ਸੀ ਜਿਨ੍ਹਾਂ ਲਈ ਮਸੀਹ ਦੀ ਮੌਤ ਹੋਈ ਸੀ। ਹਾਂ, ਕਲੀਸਿਆ ਦੇ ਲਈ ਇਹ ਮਹਾਨ ਬਲੀਦਾਨ ਸਦਾ ਲਈ ਪ੍ਰਭਾਵਸ਼ਾਲੀ ਰਹੇਗਾ ਕੀ ਅਸੀਂ ਉਸਦੇ ਪਾਪ ਦੀ ਮਾਤਰਾ ਨੂੰ ਅੰਕੜਿਆਂ ਵਿੱਚ ਗਿਣ ਸਕਦੇ ਹਾਂ? ਅਸੰਭਵ ਹੈ। ਤਾਂ ਫਿਰ ਜੋ  ਮਸੀਹ ਨੇ ਕੀ ਸਹਿਣ ਕੀਤਾ ਹੈ ਕੋਈ ਉਸਨੂੰ ਕਿਵੇਂ ਸਮਝ ਸਕਦਾ ਹੈ, ਜਦੋਂ ਉਹ ਉਸਦੇ ਚਰਚ ਦੇ ਛੁੱਟਕਾਰੇ ਦੇ ਮੁੱਲ ਨੂੰ ਅਦਾ ਕਰਨ ਦੇ ਸਥਾਨ ਤੇ ਖੜਾ ਸੀ? ਉਹ ਇਕਲੌਤਾ ਵਿਅਕਤੀ ਸੀ ਜੋ ਪਾਪੀ ਦੇ ਪੱਖ ਵਿੱਚ ਦੁੱਖ ਨੂੰ ਸਹਿ ਸਕਦਾ ਸੀ ਅਤੇ ਪਾਪੀ ਉਸਦੀ ਬੇਗੁਨਾਹੀ ਦੇ ਕਾਰਨ ਬਰਬਾਦ ਨਹੀਂ ਹੁੰਦਾ ਸੀ| ਪਰਮੇਸ਼ੁਰ ਦੇ ਇਕਲੌਤੇ ਪੁੱਤਰ ਦੇ ਬਲੀਦਾਨ ਵਿੱਚ ਈਸ਼ਵਰੀ ਨਿਆਂ ਅਤੇ ਪਵਿੱਤਰਤਾ ਦੀ ਬਹੁਤਾਤ ਮਹਿਮਾ ਦਰਸਾਈ ਜਾਂਦੀ ਹੈ|

ਆਪਣੇ ਜੀਵਨ ਦੀ ਪਰਤਿਗਿਆ ਕਰਨ ਦੁਆਰਾ ਮਸੀਹ ਨੇ ਧਰਤੀ ਤੇ ਹਰੇਕ ਔਰਤ ਅਤੇ ਮਰਦ ਦੇ ਲਈ ਆਪਣੇ ਆਪ ਨੂੰ ਜਿੰਮੇਦਾਰ ਬਣਾਇਆ। ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਖੜ੍ਹਾ ਹੈ, ਅਤੇ ਕਹਿ ਰਿਹਾ ਹੈ, “ਪਿਤਾ ਮੈਂ ਆਪਣੇ ਉੱਤੇ ਉਸ ਦੋਸ਼ੀ ਪ੍ਰਾਣ ਦੇ ਪਾਪ ਨੂੰ ਲੈਂਦਾ ਹਾਂ। ਇਸਦਾ ਮੱਤਲਬ ਉਸਦੇ ਲਈ ਮੌਤ ਹੈ ਜੇਕਰ ਉਸਨੂੰ ਇਹ ਸਹਿਣ ਕਰਨ ਦੇ ਲਈ ਛੱਡ ਦਿੱਤਾ ਜਾਵੇ। ਜੇਕਰ ਉਹ ਤੌਬਾ ਕਰੇ ਤਾਂ ਉਸ ਨੂੰ ਮੁਆਫ਼ ਕੀਤਾ ਜਾਵੇਗਾ। ਮੇਰਾ ਲਹੂ ਉਸਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰੇਗਾ। ਮੈਂ ਸੰਸਾਰ ਦੇ ਪਾਪਾਂ ਦੇ ਲਈ ਆਪਣਾ ਜੀਵਨ ਦੇ ਦਿੱਤਾ।

**(8)  ਸਾਨੂੰ ਕੀ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੇ ਅਧਰਮ ਤੋਂ ਸ਼ੁੱਧ ਹੋ ਸਕੀਏ ਅਤੇ ਉਸਦੇ ਜਾਮੇ ਦੇ ਨਾਲ ਕੱਜੇ ਜਾਈਏ?**

*ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਤਾਂ ਜੋ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। (1 ਯੂਹੰਨਾ 1:9)*

ਤੁਹਾਨੂੰ ਇਹ ਜਾਪਦਾ ਹੋਵੇਗਾ ਕਿ ਤੁਸੀਂ ਪਾਪੀ ਅਤੇ ਨਾਸ਼ ਹੋ ਗਏ ਹੋ; ਇਸੇ ਕਾਰਣ ਦੇ ਕਰਕੇ ਤੁਹਾਨੂੰ ਇੱਕ ਮੁੱਕਤੀਦਾਤੇ ਦੀ ਜ਼ਰੂਰਤ ਹੈ। ਜੇਕਰ ਤੁਹਾਡੇ ਕੋਲ ਇਕਰਾਰ ਕਰਨ ਦੇ ਲਈ ਪਾਪ ਹਨ ਤਾਂ ਸਮੇਂ ਨਾ ਗਵਾਓ। ਇਹ ਪੱਲ ਸੁਨਹਿਰੀ ਹਨ। ਜੇ ਅਸੀਂ ਆਪਣਿਆਂ ਪਾਪਾਂ ਦਾ ਇੱਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਤਾਂ ਜੋ ਸਾਡੇ ਪਾਪਾਂ ਨੂੰ ਮੁਆਫ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। (1 ਯੂਹੰਨਾ 1:9)। ਧਰਮ ਦੇ ਭੁੱਖੇ-ਪਿਆਸੇ ਸੰਤੁਸ਼ਟ ਹੋਣਗੇ; ਕਿਉਂਕਿ ਯਿਸੂ ਨੇ ਅਜਿਹਾ ਕਰਨ ਦਾ ਵਾਅਦਾ ਕੀਤਾ ਹੈ। ਵਡਮੁੱਲੇ ਮੁੱਕਤੀਦਾਤੇ! ਉਸਦੀਆਂ ਬਾਹਾਂ ਸਾਨੂੰ ਸਵੀਕਾਰ ਕਰਨ ਦੇ ਲਈ ਖੁੱਲੀਆਂ ਹੋਈਆਂ ਹਨ, ਅਤੇ ਉਸਦੇ ਪਿਆਰ ਦਾ ਮਹਾਨ ਮਨ ਸਾਨੂੰ ਬਰਕਤ ਦੇਣ ਦਾ ਇੰਤਜ਼ਾਰ ਕਰਦਾ ਹੈ।

ਮੁੱਕਤੀਦਾਤੇ ਨੇ ਮਨੁੱਖ ਦੀ ਸੰਤਾਨ ਦੇ ਲਈ ਕਿਹੋ ਜਿਹਾ ਨਾ ਬਿਆਨ ਕੀਤੇ ਜਾਣ ਵਾਲਾਂ ਪਿਆਰ ਪ੍ਰਗਟ ਕੀਤਾ ਹੈ! ਉਹ ਨਾ ਹੀ ਕੇਵਲ ਪਾਪ ਦੇ ਮੋਹਰ ਨੂੰ ਉਤਾਰਦਾ ਹੈ ਬਲਕਿ ਉਹ ਆਤਮਾ ਨੂੰ ਸ਼ੁੱਧ ਅਤੇ ਪਵਿੱਤਰ ਕਰਦਾ ਹੈ, ਅਤੇ ਆਪਣੀ ਧਾਰਮਿਕਤਾ ਦੇ ਜਾਮੇ ਦੇ ਨਾਲ ਇਸਨੂੰ ਕੱਜਦਾ ਹੈ, ਜਿਹੜਾ ਕਿ ਬੇਦਾਗ਼ ਹੈ, ਅਤੇ ਸਵਰਗ ਦੀ ਖੱਡੀ ਵਿੱਚ ਬੁਣਿਆ ਗਿਆ ਹੈ। ਉਹ ਨਾ ਕੇਵਲ ਪਾਪੀ ਤੋਂ ਸਰਾਪ ਨੂੰ ਹਟਾਉਂਦਾ ਹੈ, ਬਲਕਿ ਉਸਨੂੰ ਆਪਣੇ ਨਾਲ ਏਕਤਾ ਦੇ ਵਿੱਚ ਲੈ ਕੇ ਆਉਂਦਾ ਹੈ ਅਤੇ ਉਸ ਉੱਤੇ ਆਪਣੀ ਧਾਰਮਿਕਤਾ ਦੀ ਰੌਸ਼ਨੀ ਦੀਆਂ ਕਿਰਨਾਂ ਨੂੰ ਪਾਉਂਦਾ ਹੈ। ਉਸਦਾ ਸੁਆਗਤ ਸਵਰਗੀ ਬ੍ਰਹਿਮੰਡ

ਦੁਆਰਾ ਕੀਤਾ ਜਾਂਦਾ ਹੈ, ਅਤੇ ਉਹ ਪਰਮੇਸ਼ੁਰ ਦੇ ਪਿਆਰੇ ਪੁੱਤਰ ਦੇ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਕੈਸੀ ਮਹਿਮਾ ਹੈ ਕਿ ਤੌਬਾ ਅਤੇ ਵਿਸ਼ਵਾਸ ਦੇ ਰਾਹੀਂ ਡਿੱਗੇ ਹੋਏ ਮਨੁੱਖ ਨੂੰ ਪਰਮੇਸ਼ੁਰ ਦੇ ਕੋਲ ਵਾਪਿਸ ਲਿਆਂਦਾ ਜਾਂਦਾ ਹੈ!

**(9) ਮਸੀਹ ਆਪਣੀ ਹਰੇਕ ਭੇਡ ਨੂੰ ਕਿਵੇਂ ਬੁਲਾਉਂਦਾ ਹੈ ਜੋ ਕਿ ਹਰੇਕ ਦੇ ਲਈ ਉਸਦੇ ਅਨੋਖੇ ਪਿਆਰ ਅਤੇ ਚਿੰਤਾ ਨੂੰ ਜ਼ਾਹਿਰ ਕਰਦੀ ਹੈ?**

***ਉਸ ਦੇ ਲਈ ਦਰਬਾਨ ਦਰਵਾਜ਼ਾ ਖੋਲ੍ਹ ਦਿੰਦਾ ਹੈ ਅਤੇ ਭੇਡਾਂ ਉਸਦਾ ਬੋਲ ਸੁਣਦੀਆਂ ਹਨ ਅਤੇ ਉਹ ਆਪਣੀਆਂ ਭੇਡਾਂ ਨੂੰ ਨਾਮ ਲੈ-ਲੈ ਕੇ ਬੁਲਾਉਂਦਾ ਅਤੇ ਉਨ੍ਹਾਂ ਨੂੰ ਬਾਹਰ ਲੈ ਜਾਂਦਾ ਹੈ। (ਯੂਹੰਨਾ 10:3)***

ਹਰੇਕ ਆਤਮਾ ਤੋਂ ਯਿਸੂ ਪੂਰੀ ਤਰਾਂ ਜਾਣੂ ਹੈ ਜਿਵੇਂ ਕਿ ਉਹੀ ਇੱਕਲੀ ਸੀ ਜਿਸਦੇ ਲਈ ਮੁੱਕਤੀਦਾਤੇ ਨੇ ਆਪਣੇ ਪ੍ਰਾਣ ਦਿੱਤੇ। ਹਰੇਕ ਦੀ ਨਿਰਾਸ਼ਾ ਉਸਦੇ ਦਿਲ ਨੂੰ ਛੂਹ ਜਾਂਦੀ ਹੈ। ਮਦਦ ਦੀ ਪੁਕਾਰ ਉਸਦੇ ਕੰਨ ਤੱਕ ਪਹੁੰਚ ਜਾਂਦੀ ਹੈ। ਉਹ ਸਾਰੇ ਮਨੁੱਖਾਂ ਨੂੰ ਆਪਣੇ ਵੱਲ ਖਿੱਚਣ ਦੇ ਲਈ ਆਇਆ ਸੀ। ਉਹ ਉਹਨਾਂ ਨੂੰ ਕਹਿੰਦਾ ਹੈ ਕਿ “ਮੇਰੇ ਪਿੱਛੇ ਆਓ,” ਅਤੇ ਉਸਦਾ ਆਤਮਾ ਉਹਨਾਂ ਦੇ ਦਿਲਾਂ ਵਿੱਚ ਉਸਦੇ ਨੇੜੇ ਆਉਣ ਦੇ ਲਈ ਕੰਮ ਕਰਦਾ ਹੈ। ਬਹੁਤ ਸਾਰਿਆਂ ਨੇ ਉਸਦੇ ਨੇੜੇ ਆਉਣ ਤੋਂ ਇਨਕਾਰ ਕਰ ਦਿੱਤਾ। ਯਿਸੂ ਜਾਣਦਾ ਹੈ ਕਿ ਉਹ ਕੌਣ ਹਨ। ਉਹ ਇਹ ਵੀ ਜਾਣਦਾ ਹੈ ਕਿ ਕੌਣ ਉਸਦੀ ਪੁਕਾਰ ਨੂੰ ਖੁਸ਼ੀ ਦੇ ਨਾਲ ਸੁਣਦਾ ਹੈ ਅਤੇ ਉਸਦੀ ਚਰਵਾਹੇ ਵਾਲੀ ਸੰਭਾਲ ਵਿੱਚ ਆਉਣ ਦੇ ਲਈ ਤਿਆਰ ਹੁੰਦਾ ਹੈ। ਉਹ ਕਹਿੰਦਾ ਹੈ ਕਿ, “ਮੇਰੀਆਂ ਭੇਡਾਂ ਮੇਰੇ ਆਵਾਜ ਨੂੰ ਜਾਣਦੀਆਂ ਹਨ, ਅਤੇ ਮੈਂ ਉਹਨਾਂ ਨੂੰ ਜਾਣਦਾ ਹਾਂ, ਅਤੇ ਉਹ ਮੇਰੇ ਪਿੱਛੇ ਪਿੱਛੇ

ਚਲਦੀਆਂ ਹਨ। ਉਹ ਹਰ ਇੱਕ ਦੀ ਪਰਵਾਹ ਇਸ ਰੀਤਿ ਕਰਦਾ ਹੈ ਜਿਵੇਂ ਕਿ ਧਰਤੀ ਉੱਤੇ ਕੋਈ ਦੂਸਰਾ ਨਹੀਂ ਕਰਦਾ।
ਪੂਰਬੀ ਚਰਵਾਹਾ ਭੇਡਾਂ ਨੂੰ ਨਹੀਂ ਹਿੱਕਦਾ। ਉਹ ਕਿਸੇ ਜ਼ੋਰ ਅਤੇ ਡਰ ਉੱਤੇ ਨਿਰਭਰ ਨਹੀਂ ਕਰਦਾ; ਬਲਕਿ ਉਹ ਉਹਨਾਂ ਦੇ ਅੱਗੇ ਅੱਗੇ ਚੱਲਦਾ ਹੈ, ਅਤੇ ਉਹਨਾਂ ਨੂੰ ਬੁਲਾਉਂਦਾ ਹੈ ਅਤੇ ਉਹ ਉਸਦੀ ਆਵਾਜ਼ ਨੂੰ ਜਾਣਦੀਆਂ ਹਨ, ਅਤੇ ਉਸਦੇ ਹੁਕਮ ਨੂੰ ਮੰਨਦੀਆਂ ਹਨ। ਇਸੇ ਤਰਾਂ ਮੁੱਕਤੀਦਾਤਾ-ਚਰਵਾਹਾ ਆਪਣੀਆਂ ਭੇਡਾਂ ਦੇ ਨਾਲ ਕਰਦਾ ਹੈ। ਪਰਮੇਸ਼ੁਰ ਦਾ ਵਚਨ ਕਹਿੰਦਾ ਹਾਂ, “ਤੂੰ ਆਪਣੀ ਪਰਜਾ ਨੂੰ ਇੱਜੜ ਦੀ ਤਰਾਂ ਮੂਸਾ ਅਤੇ ਹਰੂਨ ਦੇ ਹੱਥ ਦੁਆਰਾ ਚਲਾਇਆ।” ਨਬੀ ਦੁਆਰਾ, ਯਿਸੂ ਨੇ ਇਹ ਘੋਸ਼ਣਾ ਕੀਤੀ, “ਮੈਂ ਸਦਾ ਦੇ ਪ੍ਰੇਮ ਨਾਲ ਤੈਨੂੰ ਪ੍ਰੇਮ ਕੀਤਾ; ਇਸ ਲੈ ਦਯਾ ਦੇ ਨਾਲ ਮੈਂ ਤੈਨੂੰ ਖਿੱਚਿਆ ਹੈ।” ਉਹ ਕਿਸੇ ਨੂੰ ਵੀ ਉਸਦੇ ਪਿੱਛੇ ਚੱਲਣ ਦੇ ਲੈ ਮਜ਼ਬੂਰ ਨਹੀਂ ਕਰਦਾ। ਉਹ ਕਹਿੰਦਾ ਹੈ “ਮੈਂ ਉਹਨਾਂ ਨੂੰ ਖਿੱਚਿਆ,” “ਮਨੁੱਖਤਾ ਦੀਆਂ ਡੋਰੀਆਂ ਦੇ ਨਾਲ, ਅਤੇ ਪਿਆਰ ਦੇ ਬੰਧਨਾਂ ਦੇ ਨਾਲ। ਜਬੂਰਾਂ ਦੀ ਪੋਥੀ 77:20; ਯਿਰਮਿਯਾਹ 31:3; ਹੋਸ਼ੇ 11:4
ਇਹ ਸਜਾ ਦੇ ਡਰ ਨਹੀਂ ਹੈ, ਜਾਂ ਸਦੀਪਕ ਕਾਲ ਦੇ ਇਨਾਮ ਦੀ ਆਸ਼ਾ, ਜਿਸਨੇ ਚੇਲਿਆਂ ਨੂੰ ਉਸਦੇ ਪਿੱਛੇ ਚੱਲਣ ਦੀ ਅਗਵਾਈ ਦਿੱਤੀ।

ਉਹਨਾਂ ਨੇ ਮੁੱਕਤੀਦਾਤੇ ਦੇ ਬੇਮਿਸਾਲ ਪਿਆਰ ਨੂੰ ਦੇਖਿਆ, ਜਿਹੜਾ ਕਿ ਧਰਤੀ ਉੱਤੇ ਉਸਦੇ ਯਾਤਰਾ ਦੇ ਦੌਰਾਨ, ਬੈਥਲਹਮ ਦੀ ਚਰਣੀ ਤੋਂ ਲੈ ਕੇ ਕਲਵਰੀ ਦੀ ਸਲੀਬ ਤੱਕ ਪ੍ਰਗਟ ਹੋਇਆ, ਅਤੇ ਉਸਦੀ ਨਿਗਾਹ ਆਕਰਸ਼ਿਤ ਕਰਦੀ ਹੈ, ਇਹ ਆਤਮਾ ਨੂੰ ਕੋਮਲ ਅਤੇ ਕਬਜੇ ਕਰਦੀ ਹੈ। ਅਤੇ ਦੇਖਣ ਵਾਲਿਆਂ ਦੇ ਦਿਲਾਂ ਵਿੱਚ

ਪਿਆਰ ਜਾਗ ਉੱਠਦਾ ਹੈ। ਉਹ ਉਸਦੀ ਆਵਾਜ਼ ਸੁਣਦੇ ਅਤੇ ਉਸਦੇ ਪਿੱਛੇ ਚੱਲਦੇ ਹਨ।

*ਮੈਂ ਧੰਨਵਾਦੀ ਹਾਂ ਕਿ ਪਰਮੇਸ਼ੁਰ ਮੈਨੂੰ ਪ੍ਰੇਮਪੂਰਵਕ, ਧੀਰਜਵਾਨ, ਦਯਾਪੂਰਵਕ, ਅਤੇ ਤਰਕਸ਼ੀਲ ਤਰੀਕੇ ਦੇ ਨਾਲ ਆਪਣੀ ਵੱਲ ਖਿੱਚਦਾ ਹੈ ਅਤੇ ਉਹ ਸ਼ੈਤਾਨ ਦੇ ਤਾਕਤ ਦੇ ਤਰੀਕਿਆਂ ਦਾ ਇਸਤੇਮਾਲ ਨਹੀਂ ਕਰਦਾ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਬਹੁਤ ਹੀ ਧੰਨਵਾਦੀ ਹਾਂ ਕਿ ਪਰਮੇਸ਼ੁਰ ਦੇ ਮਸੀਹ ਦੇ ਦਾਨ ਦੇ ਦੁਆਰਾ, ਮੇਰੇ ਬਚਾਅ ਦੇ ਲਈ ਰਿਹਾਈ ਦਾ ਮੁੱਲ ਤਾਰਿਆ ਗਿਆ। ਮੈਂ ਇਸ ਅੱਦਬੁਤ ਅਤੇ ਅਮਰ ਵਿਰਾਸਤ ਨੂੰ ਕਬੂਲ ਕਰਦਾ ਹਾਂ, ਜੋ ਕਿ ਉਹ ਇਸ ਨੂੰ ਸਵੀਕਾਰ ਕਰਨ ਵਾਲਿਆਂ ਨੂੰ ਬੜੇ ਹੀ ਕਿਰਪਾਵਾਨ ਤਰੀਕੇ ਦੇ ਨਾਲ ਮੁੱਹਈਆ ਕਰਦਾ ਹੈ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਪਰਮੇਸ਼ੁਰ ਦੀ ਕਿਰਪਾ ਦੇ ਨਾਲ, ਹੰਕਾਰ, ਸਵਾਰਥ ਤੋਂ ਦੂਰ ਰਹਿਣ ਅਤੇ ਬਰਕਤਾਂ ਅਤੇ ਰਾਜਸੀ ਦਾਨਾਂ ਨੂੰ ਸਵੀਕਾਰ ਕਰਨ ਦੀ ਚੋਣ ਕਰਦਾ ਹਾਂ, ਜਿੰਨਾਂ ਨੂੰ ਉਹ ਇਸ ਜੀਵਨ ਅਤੇ ਆਉਣ ਵਾਲੇ ਜੀਵਨ ਦੋਵਾਂ ਦੇ ਵਿੱਚ ਪ੍ਰਦਾਨ ਕਰਦਾ ਹੈ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਮਸੀਹ ਦੀ ਮੇਰੇ ਲਈ ਵਿਅਕਤੀਗਤ ਪੁਕਾਰ ਨੂੰ ਸੁਣਦਾ ਹਾਂ ਅਤੇ ਆਪਣੇ ਪ੍ਰਾਣ ਨੂੰ ਆਤਮ ਬਲੀਦਾਨ ਦੀ ਵੇਦੀ ਉੱਤੇ ਚੜ੍ਹਾ ਦੇਣ ਦੀ ਚੋਣ ਕਰਦਾ ਹਾਂ। ਮੈਂ ਮੰਗਦਾ ਹਾਂ ਅਤੇ ਉਸਦੀ ਇੱਛਾ ਨੂੰ ਮੇਰੇ ਜੀਵਨ ਵਿੱਚ ਬਹੁਤਾਤ ਦੇ ਨਾਲ ਜਿਉਣ ਦੇ ਲਈ ਮਨਜ਼ੂਰੀ ਦਿੰਦਾ ਹਾਂ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*



ਅਧਿਆਇ 9

ਸਲੀਬ ਦੇ ਵੱਲ ਤੱਕਣਾ

(1) ਪਵਿੱਤਰ ਬਾਈਬਲ ਉਸ ਦਰਦ ਦਾ ਬਿਆਨ ਕਿਵੇਂ ਕਰਦਾ ਹੈ ਜੋ ਯਿਸੂ ਨੇ ਸਾਡੇ ਲਈ ਆਪਣੇ ਮਹਾਨ ਪਿਆਰ ਦੇ ਕਾਰਣ ਸਿਹਾ?

*ਉਹ ਸਤਾਇਆ ਗਿਆ ਅਤੇ ਦੁਖੀ ਹੋਇਆ, ਪਰ ਉਸ ਨੇ ਆਪਣਾ ਮੂੰਹ ਨਾ ਖੋਲ੍ਹਿਆ, ਉਸ ਲੇਲੇ ਵਾਂਗੂੰ ਜਿਹੜਾ ਵੱਢੇ ਜਾਣ ਲਈ ਲੈ ਜਾਇਆ ਜਾਂਦਾ ਹੈ, ਅਤੇ ਭੇਡ ਵਾਂਗੂੰ ਜਿਹੜੀ ਉੱਨ ਕਤਰਨ ਵਾਲਿਆਂ ਦੇ ਅੱਗੇ ਗੂੰਗੀ ਹੈ,*

***ਉਸੇ ਤਰ੍ਹਾਂ ਉਸ ਨੇ ਆਪਣਾ ਮੂੰਹ ਨਾ ਖੋਲ੍ਹਿਆ। (ਯਸਾਯਾਹ 53:7)***

ਮਸੀਹ ਦੀ ਵੱਲ ਤੱਕਦੇ ਹੋਏ, ਅਸੀਂ ਦੇਖਦੇ ਹਾਂ ਕਿ ਉਸਦਾ ਪਿਆਰ ਬਿੰਨਾ ਸਮਾਨਤਾ ਦੇ ਹੈ, ਕਿ ਉਸਨੇ ਦੋਸ਼ੀ ਪਾਪੀ ਦਾ ਸਥਾਨ ਲੈ ਲਿਆ, ਅਤੇ ਉਸਦੇ ਉੱਤੇ ਆਪਣੀ ਬੇਦਾਗ਼ ਧਾਰਮਿਕਤਾ ਨੂੰ ਠਹਿਰਾ ਦਿੱਤਾ। ਜਦੋਂ ਪਾਪੀ ਆਪਣੇ ਮੁੱਕਤੀਦਾਤੇ ਨੂੰ ਆਪਣੀ ਜਗਾ ਤੇ ਪਾਪ ਦੇ ਸ਼ਰਾਪ ਦੇ ਤਹਿਤ ਸਲੀਬ ਤੇ ਮਰਦੇ ਹੋਏ ਦੇਖਦਾ ਹੈ ਤਾਂ ਉਸਦੇ ਮਾਫ ਕਰਨ ਵਾਲੇ ਪਿਆਰ ਨੂੰ ਦੇਖ ਕੇ ਉਸਦੇ ਮਨ ਵਿੱਚ ਪਿਆਰ ਜਾਗ ਉੱਠਦਾ ਹੈ। ਪਾਪੀ ਮਸੀਹ ਦੇ ਨਾਲ ਪਿਆਰ ਕਰਦਾ ਹੈ, ਕਿਉਂਕਿ ਮਸੀਹ ਨੇ ਉਸ ਨਾਲ ਪਹਿਲਾਂ ਪਿਆਰ ਕੀਤਾ ਹੈ, ਅਤੇ ਪਿਆਰ ਬਿਵਸਥਾ ਨੂੰ ਪੂਰਾ ਕਰਨਾ ਹੈ। ਤੌਬਾ ਕਰਨ ਵਾਲਾ ਵਿਅਕਤੀ ਜਾਣਦਾ ਹੈ ਕਿ ਪਰਮੇਸ਼ੁਰ ਸਾਡੇ ਪਾਪਾਂ ਨੂੰ ਮਾਫ ਕਰਨ ਅਤੇ ਸਾਨੂੰ ਸਾਰੇ ਅਧਰਮ ਤੋਂ ਸ਼ੁੱਧ ਕਰਨ ਵਿੱਚ ਵਿਸ਼ਵਾਸਯੋਗ ਅਤੇ ਧਰਮੀ ਹੈ। ਪਰਮੇਸ਼ੁਰ ਦਾ ਆਤਮਾ ਵਿਸ਼ਵਾਸੀ ਦੀ ਆਤਮਾ ਕੰਮ ਕਰਦਾ ਹੈ, ਜੋ ਕਿ ਮਸੀਹ ਵਿੱਚ, ਆਗਿਆਕਾਰੀ ਦੀ ਇੱਕ ਰੇਖਾ ਤੋਂ ਦੂਸਰੀ ਰੇਖਾ ਵਿੱਚ, ਸਮਰੱਥ ਤੋਂ ਸਮਰੱਥ ਤੱਕ ਅਤੇ ਕਿਰਪਾ ਤੋਂ ਕਿਰਪਾ ਦੇ ਵਿੱਚ ਅੱਗੇ ਵੱਧਣ ਦੇ ਲਈ ਯੋਗ ਬਣਾਉਂਦਾ ਹੈ। {1 ਐਸ ਐਮ 374}

ਮੇਰਾ ਪਿਤਾ ਤੁਹਾਨੂੰ ਅਸੀਮ ਪਿਆਰ ਦੇ ਨਾਲ ਪਿਆਰ ਕਰਦਾ ਹੈ ਕਿ ਉਹ ਮੈਨੂੰ ਵੱਧ ਪਿਆਰ ਕਰਦਾ ਹੈ ਕਿਉਂਕਿ ਮੈਂ ਤੁਹਾਨੂੰ ਛੁਡਾਉਣ ਦੇ ਲਈ ਆਪਣਾ ਜੀਵਨ ਦਿੱਤਾ ਹੈ। ਉਹ ਤੁਹਾਨੂੰ ਪਿਆਰ ਕਰਦਾ ਹੈ ਅਤੇ ਉਹ ਮੈਨੂੰ ਵੱਧ ਕੇ ਪਿਆਰ ਕਰਦਾ ਹੈ ਕਿਉਂਕਿ ਮੈਂ ਤੁਹਾਡੇ ਨਾਲ ਪਿਆਰ ਕਰਦਾ ਹਾਂ ਅਤੇ ਤੁਹਾਡੇ ਲਈ ਆਪਣੀ ਜਾਨ ਦਿੰਦਾ ਹਾਂ....ਚੇਲਿਆਂ ਨੇ ਇਸ ਪਿਆਰ ਨੂੰ ਬੜੀ ਹੀ ਚੰਗੀ ਤਰਾਂ ਸਮਝਿਆ ਜਦੋਂ ਉਹਨਾਂ ਨੇ ਆਪਣੇ ਮੁੱਕਤੀਦਾਤੇ ਨੂੰ ਸ਼ਰਮ,

ਨਿੰਦਾ, ਸ਼ੱਕ ਅਤੇ ਧੋਖੇ ਨੂੰ ਸਹਿਣ ਕਰਦੇ ਹੋਏ ਦੇਖਿਆ, ਜਦੋਂ ਉਹਨਾਂ ਨੇ ਬਾਗ਼ ਵਿੱਚ ਉਸਦੇ ਦਰਦ ਅਤੇ ਕਲਵਰੀ ਸਲੀਬ ਉੱਤੇ ਉਸਦੀ ਮੌਤ ਨੂੰ ਦੇਖਿਆ। ਇਹ ਉਹ ਪਿਆਰ ਹੈ ਜਿਸਦੀ ਗਹਿਰਾਈ ਨੂੰ ਕੋਈ ਵੀ ਧੁਨੀ ਨਹੀਂ ਮਾਪ ਸਕਦੀ। ਜਦੋਂ ਚੇਲਿਆਂ ਨੇ ਇਸਨੂੰ ਸਮਝਿਆ, ਅਤੇ ਜਦੋਂ ਉਹਨਾਂ ਧਾਰਨਾ ਨੇ ਪਰਮੇਸ਼ੁਰ ਦੀ ਈਸ਼ਵਰੀ ਕਿਰਪਾ ਨੂੰ ਫੜ ਲਿਆ, ਉਹਨਾਂ ਨੇ ਅਨੁਭਵ ਕੀਤਾ ਕਿ ਇੱਕ ਐਸਾ ਅਰਥ ਹੈ ਜਿਸਦੇ ਵਿੱਚ ਪੁੱਤਰ ਦੇ ਕਸ਼ਟ ਪਿਤਾ ਦੇ ਕਸ਼ਟ ਸਨ। {ਟੀ ਐਮ ਕੇ 69}

**(2) ਜੇਕਰ ਅਸੀਂ ਜੀਵਨ ਦੀਆਂ ਉਲਝਣਾਂ ਉੱਤੇ ਧਿਆਨ ਨਹੀਂ ਦਿੰਦੇ ਹਾਂ ਅਤੇ ਇਸਦੀ ਬਜਾਏ ਅਸੀਂ ਯਿਸੂ ਨੂੰ ਆਪਣਾ ਮੁੱਕਤੀਦਾਤਾ, ਮਿਸਾਲ, ਚਰਿੱਤਰ ਦਾ ਨਮੂਨੇ ਦੇ ਰੂਪ ਵਿੱਚ ਦੇਖਦੇ ਹਾਂ, ਤਾਂ ਉਹ ਸਾਡੇ ਨਾਲ ਕੀ ਸ਼ੁਰੂ ਕਰੇਗਾ ਅਤੇ ਸਾਡੇ ਵਿੱਚ ਕੀ ਖ਼ਤਮ ਕਰੇਗਾ?**

***ਅਤੇ ਯਿਸੂ ਦੀ ਵੱਲ ਵੇਖਦੇ ਰਹੀਏ ਜਿਹੜਾ ਵਿਸ਼ਵਾਸ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਸ ਨੇ ਉਸ ਅਨੰਦ ਲਈ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਸ਼ਰਮ ਨੂੰ ਤੁਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (ਇਬਰਾਨੀਆਂ 12:2)***

ਪਰਮੇਸ਼ੁਰ ਦੀ ਸੰਤਾਨ ਹੋਣ ਦੇ ਨਾਤੇ, ਇਹ ਸਾਡੇ ਲਈ ਭਾਗਾਂ ਵਾਲੀ ਗੱਲ ਹੈ ਕੀ ਅਸੀਂ ਨਿਹਚਾ ਦੀ ਨਿਗਾਹ ਨੂੰ ਮਸੀਹ ਉੱਤੇ ਸਥਿਰ ਰੱਖਦੇ ਹੋਏ ਉੱਪਰ ਦੀ ਵੱਲ ਦੇਖੀਏ। ਜਿਵੇਂ ਜਿਵੇਂ ਅਸੀਂ ਉਸਨੂੰ ਨੂੰ ਆਪਣੇ ਧਿਆਨ ਵਿੱਚ ਰੱਖਦੇ ਹਾਂ, ਉਸਦੇ ਹਜ਼ੂਰੀ ਦਾ ਧੁੱਪ ਸਾਡੇ ਮਨ ਦੀਆਂ ਕੋਠੜੀਆਂ ਨੂੰ ਭਰ ਦਿੰਦੀ ਹੈ। ਮਸੀਹ ਦਾ ਪ੍ਰਕਾਸ਼ ਪ੍ਰਾਣ ਦੇ ਮੰਦਿਰ ਵਿੱਚ ਸ਼ਾਂਤੀ ਲੈ ਕੇ ਆਉਂਦਾ ਹੈ। ਪ੍ਰਾਣ ਪਰਮੇਸ਼ੁਰ ਉੱਤੇ

ਟਿੱਕਿਆ ਹੋਇਆ ਹੈ। ਸਾਰੀਆਂ ਉਲਝਣਾਂ ਅਤੇ ਚਿੰਤਾਵਾਂ ਯਿਸੂ ਮਸੀਹ ਦੇ ਤਾਬਿਆ ਹਨ। ਜਦੋਂ ਅਸੀਂ ਲਗਤਾਰ ਉਸਨੂੰ ਫੜੀ ਰੱਖਦੇ ਹਾਂ, ਉਸਦੀ ਸੂਰਤ ਸਾਡਿਆਂ ਹਿਰਦਿਆਂ ਤੇ ਉੱਕਰ ਜਾਂਦੀ ਹੈ, ਅਤੇ ਰੋਜ਼ਾਨਾ ਜੀਵਨ ਦੇ ਵਿੱਚ ਪ੍ਰਗਟ ਹੁੰਦੀ ਹੈ।
ਸਾਨੂੰ ਕਿਸੇ ਇਨਸਾਨ ਦੀ ਨਕਲ ਨਹੀਂ ਕਰਨੀ ਹੈ। ਸਾਡੇ ਮਾਪਦੰਡ ਦੇ ਬਰਾਬਰ ਹੋਣ ਦੇ ਲਈ ਬੁੱਧੀਮਾਨ ਕੋਈ ਵੀ ਮਨੁੱਖ ਨਹੀਂ ਹੈ। ਸਾਨੂੰ ਉਸ ਮਨੁੱਖ ਯਿਸੂ ਮਸੀਹ ਦੀ ਵੱਲ ਤੱਕਣਾ ਹੈ ਜਿਹੜਾ ਧਾਰਮਿਕਤਾ ਅਤੇ ਪਵਿੱਤਰਤਾ ਦੀ ਸੰਪੂਰਨਤਾ ਦੇ ਵਿੱਚ ਸਿੱਧ ਹੈ। ਉਹ ਸਾਡੇ ਵਿਸ਼ਵਾਸ ਦਾ ਕਰਤਾ ਅਤੇ ਇਸਨੂੰ ਸੰਪੂਰਨ ਕਰਨ ਵਾਲਾ ਹੈ। ਉਹ ਇੱਕ ਮਿਸਾਲੀ ਮਨੁੱਖ ਹੈ। ਉਸਦਾ ਤਜ਼ਰਬਾ ਉਸ ਤਜ਼ਰਬੇ ਦਾ ਮਾਪ ਹੈ ਮਾਪ ਹੈ ਜਿਸ ਨੂੰ ਅਸੀਂ ਪ੍ਰਾਪਤ ਕਰਨਾ ਹੈ। ਉਸਦਾ ਚਰਿੱਤਰ ਸਾਡਾ ਆਦਰਸ਼ ਹੈ। ਤਾਂ ਆਓ ਅਸੀਂ ਇਸ ਜੀਵਨ ਦੀਆਂ ਉਲਝਣਾਂ ਅਤੇ ਮੁਸ਼ਕਿਲਾਂ ਤੋਂ ਆਪਣੇ ਮਨਾ ਨੂੰ ਹਟਾ ਲਈਏ, ਅਤੇ ਉਹਨਾਂ ਨੂੰ ਉਸ ਉੱਤੇ ਲਗਾ ਦਈਏ, ਤਾਂਕਿ ਉਸਨੂੰ ਤੱਕਣ ਦੁਆਰਾ ਅਸੀਂ ਉਸਦੀ ਸਮਾਨਤਾ ਦੇ ਵਿੱਚ ਤਬਦੀਲ ਹੋ ਸਕੀਏ। ਅਸੀਂ ਮਸੀਹ ਨੂੰ ਇੱਕ ਚੰਗੇ ਉਦੇਸ਼ ਨਾਲ ਤੱਕ ਸਕਦੇ ਹਾਂ। ਅਸੀਂ ਸੁਰੱਖਿਅਤ ਰੂਪ ਵਿੱਚ ਉਸ ਵੱਲ ਤੱਕ ਸਕਦੇ ਹਾਂ; ਕਿਉਂਕਿ ਉਹ ਅੱਤ-ਬੁੱਧੀਮਾਨ ਹੈ। ਜਦੋਂ ਅਸੀਂ ਉਸਦੇ ਵੱਲ ਤੱਕਦੇ ਅਤੇ ਉਸਦੇ ਬਾਰੇ ਸੋਚਦੇ ਹਾਂ, ਤਾਂ ਉਹ ਮਹਿਮਾਮਈ ਆਸ਼ਾ ਦੇ ਵਿੱਚ ਉਤਪਨ ਹੁੰਦਾ ਹੈ।

**(3) ਲੇਲੇ ਦੇ ਲਹੂ ਅਤੇ ਉਸਦੀ ਕਿਰਪਾ ਦੇ ਧੰਨ ਤੋਂ ਸਾਨੂੰ ਕੀ ਮਿਲਦਾ ਹੈ ਅਤੇ ਇਹ ਸਭ ਤੋਂ ਵੱਡਾ ਉਦੇਸ਼ ਕੀ ਹੈ ਜਿਸ ਤੇ ਸਾਡਾ ਮਨ ਵੱਸ ਸਕਦਾ ਹੈ?**

***ਹੇ ਇਸਰਾਏਲ, ਯਹੋਵਾਹ ਦੀ ਆਸ ਰੱਖ, ਕਿਉਂ ਜੋ ਯਹੋਵਾਹ ਕੋਲ ਦਯਾ ਹੈ, ਅਤੇ ਉਹ ਦੇ ਕੋਲ ਛੁਟਕਾਰਾ ਕਾਫ਼ੀ ਹੈ, (ਜ਼ਬੂਰ 130:7)***

ਮੁਕਤੀ ਦੀ ਯੋਜਨਾ, ਪਰਮੇਸ਼ੁਰ ਦੇ ਨਿਆਂ ਅਤੇ ਪਿਆਰ ਨੂੰ ਪ੍ਰਗਟ ਕਦੇ ਹੋਏ ਅਣਡਿੱਗੇ ਸੰਸਾਰਾਂ ਵਿੱਚ ਅਤੇ ਨਾਲ ਹੀ ਮੇਮਣੇ ਦੇ ਲਹੂ ਤੋਂ ਛੁੱਟਕਾਰਾ ਪਾਉਣ ਵਾਲਿਆਂ ਦੇ ਵਿੱਚ, ਦੋਸ਼ ਦੇ ਖਿਲਾਫ, ਇਹ ਮੁੱਕਮਲ ਸੁਰੱਖਿਆ ਪ੍ਰਦਾਨ ਕਰਦੀ ਹੈ। ਸਾਡੀ ਇੱਕਮਾਤਰ ਆਸ਼ਾ ਉਸਦੇ ਲਹੂ ਵਿੱਚ ਇੱਕ ਸੰਪੂਰਨ ਭਰੋਸਾ ਹੈ ਜੋ ਉਸਦੇ ਦੁਆਰਾ ਪਰਮੇਸ਼ੁਰ ਦੇ ਕੋਲ ਆਉਣ ਵਾਲੇ ਸਾਰਿਆਂ ਨੂੰ ਪੂਰੀ ਤਰਾਂ ਬਚਾਅ ਸਕਦਾ ਹੈ। ਕਲਵਰੀ ਦੀ ਸਲੀਬ ਤੇ ਮਸੀਹ ਦੀ ਮੌਤ, ਇਸ ਸੰਸਾਰ ਵਿੱਚ ਸਾਡੀ ਇੱਕਮਾਤਰ ਆਸ਼ਾ ਹੈ, ਅਤੇ ਇਹ ਸਾਡੇ ਆਉਣ ਵਾਲੇ ਸੰਸਾਰ ਦਾ ਉਦੇਸ਼ ਹੈ। ਔਹ, ਅਸੀਂ ਪ੍ਰਾਸ਼ਚਿੱਤ ਦੇ ਮੁੱਲ ਨੂੰ ਨਹੀਂ ਸਮਝ ਸਕਦੇ ਹਾਂ! ਜੇਕਰ ਅਸੀਂ ਇਸ ਨੂੰ ਸਮਝ ਲਿਆ ਤਾਂ ਅਸੀਂ ਇਸਦੇ ਬਾਰੇ ਹੋਰ ਗੱਲ ਕਰਾਂਗੇ। ਉਸਦੇ ਪਿਆਰੇ ਪੁੱਤਰ ਵਿੱਚ ਪਰਮੇਸ਼ੁਰ ਦਾ ਦਾਨ ਇੱਕ ਬੇਮਿਸਾਲ ਪਿਆਰ ਦਾ ਪ੍ਰਗਟੀਕਰਨ ਹੈ। ਇਹ ਬਹੁਤ ਹੀ ਵੱਧ ਕੇ ਸੀ ਕਿ ਪਰਮੇਸ਼ੁਰ ਆਪਣੀ ਬਿਵਸਥਾ ਦੇ ਆਦਰ ਨੂੰ ਬਣਾਈ ਰੱਖਦਾ ਅਤੇ ਫਿਰ ਵੀ ਪਾਪੀ ਨੂੰ ਬਚਾ ਲੈਂਦਾ। ਮਨੁੱਖ ਨੂੰ ਛੁੱਟਕਾਰੇ ਦਾ ਅਧਿਐਨ ਕਿਉਂ ਨਹੀਂ ਕਰਨਾ ਚਾਹੀਦਾ ਹੈ? ਇਹ ਬਹੁਤ ਹੀ ਵੱਡਾ ਵਿਸ਼ੇ ਹੈ ਜੋ ਇਨਸਾਨੀ ਮਨ ਨੂੰ ਆਕਰਸ਼ਿਤ ਕਰ ਸਕਦਾ ਹੈ। ਜੇਕਰ ਮਨੁੱਖ ਸਲੀਬ ਉੱਤੇ ਲਟਕੇ ਮਸੀਹ ਦੇ ਪਿਆਰ ਉੱਤੇ ਵਿਚਾਰ ਕਰਨਗੇ, ਤਾਂ ਉਹਨਾਂ ਦਾ ਵਿਸ਼ਵਾਸ ਉਸਦੇ ਬਹਾਏ ਹੋਏ ਲਹੂ ਦੇ ਗੁਣਾਂ ਨੂੰ ਉਪਯੋਗੀ ਬਣਾਉਣ ਦੇ ਲਈ ਮਜ਼ਬੂਤ ਹੋਵੇਗਾ, ਅਤੇ ਉਹ ਸ਼ੁੱਧ ਕੀਤੇ ਜਾਣਗੇ ਅਤੇ ਪਾਪ ਤੋਂ ਬਚਾਏ ਜਾਣਗੇ।

**(4) ਉਸਦੇ ਪਿਆਰ ਦੀਆਂ ਕਿਹੜੀਆਂ ਚਾਰ ਮੁੱਢਲੀਆਂ ਵਿਸ਼ੇਸ਼ਤਾਵਾਂ ਮਸੀਹ ਦੁਆਰਾ ਸਲੀਬ ਉੱਤੇ ਬਿਆਨ ਕੀਤੀਆਂ ਗਈਆਂ ਜਦ ਉਸਨੇ ਬਿਨ-ਸਵਾਰਥ ਦੇ ਅਤੇ ਸ੍ਵੈ-ਇੱਛਾ ਅਨੁਸਾਰ ਆਪਣੇ ਜੀਵਨ ਨੂੰ ਸਾਡੇ ਲਈ ਰੂਹਾਨੀ ਇਵਜੀ ਦੇ ਰੂਪ ਵਿੱਚ ਦੇ ਦਿੱਤਾ?**

***ਧਰਮ ਤੇ ਨਿਆਂ ਤੇਰੀ ਰਾਜ ਗੱਦੀ ਦੇ ਨੀਂਹ ਹਨ, ਦਯਾ ਤੇ ਵਫ਼ਾਦਾਰੀ ਤੇਰੇ ਅੱਗੇ-ਅੱਗੇ ਚੱਲਦੀਆਂ ਹਨ। (ਜ਼ਬੂਰ 89:14)***

ਸ੍ਵੈ-ਇੱਛਾ ਦੇ ਨਾਲ ਸਾਡੇ ਈਸ਼ਵਰੀ ਇਵਜੀ ਨੇ ਆਪਣੀ ਆਤਮਾ ਨੂੰ ਸਾਡੇ ਲਈ ਨਿਆਂ ਦੀ ਤਲਵਾਰ ਤੇ ਚੜ੍ਹਾ ਦਿੱਤਾ ਤਾਂਕਿ ਅਸੀਂ ਨਾਸ਼ ਨਾ ਹੋਈਏ ਬਲਕਿ ਹਮੇਸ਼ਾ ਦਾ ਜੀਵਨ ਪਾਈਏ। ਮਸੀਹ ਨੇ ਕਿਹਾ, “ਮੈਂ ਆਪਣੀ ਜਾਨ ਦਿੰਦਾ ਹਾਂ, ਤਾਂ ਜੋ ਮੈਂ ਇਸ ਨੂੰ ਫ਼ੇਰ ਲੈ ਸਕਾਂ। ਕੋਈ ਮਨੁੱਖ ਮੇਰੀ ਜ਼ਿੰਦਗੀ ਮੇਰੇ ਤੋਂ ਨਹੀਂ ਖੋਂਹਦਾ ਪਰ ਮੈਂ ਇਸ ਨੂੰ ਆਪੇ ਹੀ ਗੁਆ ਦਿੰਦਾ ਹਾਂ। ਮੈਨੂੰ ਆਪਣਾ ਜੀਵਨ ਦੇਣ ਦਾ ਅਤੇ ਇਸ ਨੂੰ ਫ਼ੇਰ ਵਾਪਸ ਲੈਣ ਦਾ ਅਧਿਕਾਰ ਹੈ।” (ਯੂਹੰਨਾ 10:17, 18) ਧਰਤੀ ਦਾ ਕੋਈ ਵੀ ਮਨੁੱਖ ਅਤੇ ਸਵਰਗ ਦਾ ਕੋਈ ਵੀ ਦੂਤ ਪਾਪਾਂ ਦਾ ਭੁਗਤਾਨ ਨਹੀਂ ਕਰ ਸਕਦਾ ਸੀ। ਯਿਸੂ ਹੀ ਇੱਕ ਅਜਿਹਾ ਵਿਅਕਤੀ ਸੀ ਜੋ ਆਕੀ ਵਿਅਕਤੀ ਨੂੰ ਬਚਾ ਸਕਦਾ ਸੀ। ਉਸਦੇ ਵਿੱਚ ਇਨਸਾਨੀਅਤ ਅਤੇ ਰੂਹਾਨੀਅਤ ਇੱਕਠੇ ਸਨ, ਇਹ ਉਹੀ ਸੀ ਜਿਸਨੇ ਕਲਵਰੀ ਦੀ ਸਲੀਬ ਉੱਤੇ ਚੜ੍ਹਾਏ ਗਏ ਬਲੀਦਾਨ ਨੂੰ ਯੋਗਤਾ ਪ੍ਰਦਾਨ ਕੀਤੀ ਸੀ। ਸਲੀਬ ਵਿੱਚ ਦਯਾ ਅਤੇ ਸੱਚਾਈ ਦੋਵੇਂ ਇਕੱਠੇ ਹੋ ਗਏ, ਅਤੇ ਧਾਰਮਿਕਤਾ ਅਤੇ ਸ਼ਾਂਤੀ ਨੇ ਇੱਕ ਦੂਸਰੇ ਨੂੰ ਚੁੰਮਿਆ। ਨਿਰਸੁਆਰਥ ਪਿਆਰ ਦਾ ਪ੍ਰਗਟੀਕਰਨ ਜਿਹਾ ਕਿ ਯਿਸੂ ਦੁਆਰਾ ਮਨੁੱਖਜਾਤੀ ਨੂੰ ਛੁਡਾਉਣ ਦੇ ਲਈ ਖ਼ੁਦ ਨੂੰ

ਇੱਛਾਨੁਸਾਰ ਕੁਰਬਾਨ ਕਰਨਾ ਪਿਤਾ ਦੇ ਪਿਆਰ ਦੇ ਪਿਆਰ ਵਿੱਚ ਇੱਕ ਵਾਧੂ ਕਾਰਣ ਬਣ ਗਿਆ। ਮੁੱਕਤੀ ਦੀ ਯੋਜਨਾ ਧਰਤੀ ਦੇ ਬੰਨੇ ਠਹਿਰਾਉਣ ਤੋਂ ਪਹਿਲੇ ਹੀ ਰੱਖੀ ਗਈ ਸੀ। (ਪ੍ਰਕਾਸ਼ ਦੀ ਪੋਥੀ 13:8) ਯਿਸੂ ਦਾ ਜੀ ਉੱਠਣਾ ਵੀ ਸਲੀਬ ਉੱਤੇ ਚੜਾਏ ਜਾਣ ਦੀ ਤਰਾਂ ਅਨੰਤ ਯੋਜਨਾ ਦਾ ਹਿੱਸਾ ਸੀ। ਯਿਸੂ ਕੇਵਲ ਥੋੜੇ ਸਮੇਂ ਦੇ ਲਈ ਮੌਤ ਦੇ ਹਕੂਮਤ ਦੇ ਹੇਠਾਂ ਰਿਹਾ ਸੀ। (ਜਬੂਰ 16:10; ਰਸੂਲਾਂ ਦੇ ਕਰਤੱਬ 2:31, 32) ਅਤੇ ਫਿਰ ਪਰਤਾਪੀ ਹੋ ਕੇ ਜੀ ਉੱਠਣ ਦੁਆਰਾ ਪੁਨਰ-ਉਥਾਨ ਅਤੇ ਜ਼ਿੰਦਗੀ ਹੋਣ ਦੇ ਲਈ ਸਾਹਮਣੇ ਆਏ। (ਯੂਹੰਨਾ 11:25) ਅਤੇ ਇਨਸਾਨ ਦਾ ਵਿਚੋਲਾ ਹੋਣ ਦੇ ਲਈ। (ਇਬਰਾਨੀ 7:25). ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। (ਫ਼ਿਲਿਪੀਆਂ ਨੂੰ 2:9)।

**(5) ਜੇਕਰ ਅਸੀਂ ਯੂਹੰਨਾ ਦੇ ਤਰਾਂ ਛੁਟਕਾਰੇ ਅਤੇ ਸਲੀਬ ਦੀ ਯੋਜਨਾ ਨੂੰ ਸਮਝਣਾ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਦੁਨੀਆਂ ਨੂੰ ਇਸਦਾ ਪ੍ਰਚਾਰ ਕਾਰਣ ਵਿੱਚ ਕੀ ਅਨੰਦ ਪਾਵਾਂਗੇ?**

***ਅਗਲੇ ਦਿਨ ਯੂਹੰਨਾ ਨੇ ਯਿਸੂ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ। ਯੂਹੰਨਾ ਨੇ ਆਖਿਆ, "ਵੇਖੋ, ਪਰਮੇਸ਼ੁਰ ਦਾ ਲੇਲਾ, ਉਹ ਸੰਸਾਰ ਦੇ ਪਾਪ ਚੁੱਕ ਕੇ ਲੈ ਜਾਂਦਾ ਹੈ। (ਯੂਹੰਨਾ 1:29)***

ਜਦੋਂ ਮਸੀਹ ਦੀ ਸਲੀਬ ਉੱਤੇ ਧਿਆਨ ਲਗਾਇਆ ਜਾਂਦਾ ਹੈ, ਤਾਂ ਪੂਰੀ ਹੋਂਦ ਸਨਮਾਨਿਤ ਹੋ ਜਾਂਦੀ ਹੈ। ਮੁੱਕਤੀਦਾਤੇ ਦੇ ਪਿਆਰ ਦਾ ਗਿਆਨ ਆਤਮਾ ਉੱਤੇ ਕਬਜ਼ਾ ਕਰ ਲੈਂਦਾ ਹੈ ਅਤੇ ਇਹ ਮਨ ਨੂੰ ਸਮੇਂ ਅਤੇ ਸਮਝ ਤੋਂ ਉੱਪਰ ਚੁੱਕ ਦਿੰਦਾ ਹੈ। ਆਓ ਅਸੀਂ ਸਲੀਬ ਤੋਂ ਚਮਕਣ ਵਾਲੇ ਪਰਕਾਸ਼

ਵਿੱਚ ਸਾਰੀਆਂ ਅਸਥਾਈ ਚੀਜਾਂ ਦਾ ਮੁਲਾਂਕਣ ਕਰਨਾ ਸਿੱਖੀਏ। ਆਓ ਅਸੀਂ ਉਸ ਅਪਮਾਨ ਦੀ ਗਹਿਰਾਈ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਜਿਸਦੇ ਲਈ ਸਾਡੇ ਮੁੱਕਤੀਦਾਤੇ ਨੂੰ ਨੀਵਾਂ ਹੋਣਾ ਪਿਆ ਤਾਂ ਜੋ ਉਹ ਮਨੁੱਖ ਨੂੰ ਸਦੀਪਕ ਧਨ ਦਾ ਅਧਿਕਾਰੀ ਬਣਾ ਸਕੇ। ਜਦੋਂ ਅਸੀਂ ਛੁੱਟਕਾਰੇ ਦੀ ਯੋਜਨਾ ਦਾ ਅਧਿਐਨ ਕਰਦੇ ਹਾਂ, ਤਾਂ ਸਾਡਾ ਦਿਲ ਮੁੱਕਤੀਦਾਤੇ ਦੇ ਪਿਆਰ ਦੀ ਧੜ ਨੂੰ ਮਹਿਸੂਸ ਕਰੇਗਾ, ਅਤੇ ਉਸਦੇ ਕਿਰਦਾਰ ਦੇ ਆਕਰਸ਼ਣ ਦੇ ਨਾਲ ਪ੍ਰਭਾਵਿਤ ਹੋਵੇਗਾ।

ਇਹ ਮਸੀਹ ਦੇ ਪਿਆਰ ਹੈ ਜੋ ਸਾਡੇ ਸਵਰਗ ਨੂੰ ਬਣਾਉਂਦਾ ਹੈ। ਪਰ ਜਦੋਂ ਅਸੀਂ ਇਸ ਪਿਆਰ ਦੇ ਬਾਰੇ ਦੱਸਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਭਾਸ਼ਾ ਸਾਨੂੰ ਅਸਫਲ ਕਰ ਦਿੰਦੀ ਹੈ। ਅਸੀਂ ਧਰਤੀ ਉੱਤੇ ਉਸਦੇ ਜੀਵਨ ਦੇ ਬਾਰੇ ਸੋਚਦੇ ਹਾਂ, ਸਾਡੇ ਲਈ ਉਸਦੇ ਬਲੀਦਾਨ ਬਾਰੇ; ਅਸੀਂ ਸਵਰਗ ਵਿੱਚ ਉਸਦੇ ਕਾਰਜਾਂ ਨੂੰ ਮਹਿਲਾਂ ਦਾ ਸਲਾਹਕਾਰ ਮੰਨਦੇ ਹਾਂ, ਜਿਹੜੇ ਕਿ ਉਹ ਉਹਨਾਂ ਦੇ ਲਈ ਤਿਆਰ ਕਰ ਰਿਹਾ ਹੈ ਜੋ ਉਸਨੂੰ ਪਿਆਰ ਕਰਦੇ ਹਨ; ਅਤੇ ਅਸੀਂ ਸਿਰਫ ਜੈਕਾਰਾ ਲਗਾ ਸਕਦੇ ਹਾਂ, "ਔਹ, ਮਸੀਹ ਦੇ ਪਿਆਰ ਦੀ ਉਚਾਈ ਅਤੇ ਗਹਿਰਾਈ!" ਜਦੋਂ ਅਸੀਂ ਸਲੀਬ ਦੇ ਹੇਠਾਂ ਠਹਿਰਦੇ  ਹਾਂ, ਤਾਂ ਅਸੀਂ ਪਿਆਰ ਦੀ ਇੱਕ ਫਿੱਕੀ ਜਿਹੀ ਧਾਰਨਾ ਨੂੰ ਪ੍ਰਾਪਤ ਕਰਦੇ ਹਾਂ, ਅਤੇ ਅਸੀਂ ਕਹਿੰਦੇ ਹਾਂ, "ਕਿ ਪਿਆਰ ਇਸ ਵਿੱਚ ਨਹੀਂ ਕਿ ਅਸੀਂ ਪਰਮੇਸ਼ੁਰ ਦੇ ਨਾਲ ਪਿਆਰ ਕੀਤਾ ਬਲਕਿ ਇਸ ਵਿੱਚ ਹੈ ਕਿ ਉਸ ਨੇ ਸਾਡੇ ਨਾਲ ਪਿਆਰ ਕੀਤਾ ਅਤੇ ਸਾਡੇ ਪਾਪਾਂ ਦੀ ਮੁਆਫ਼ੀ ਦੇ ਲਈ ਉਸਨੇ ਆਪਣੇ ਪੁੱਤਰ ਨੂੰ ਭੇਜਿਆ। ਪਰ ਮਸੀਹ ਉੱਤੇ ਸਾਡੇ ਮਨਨ ਵਿੱਚ, ਅਸੀਂ ਕੇਵਲ ਉਸ ਪਿਆਰ ਦੇ ਕਿਨਾਰੇ ਉੱਤੇ ਲਟਕੇ ਹੋਏ ਹਾਂ ਜੋ ਅਸੀਮ ਹੈ। ਉਸਦਾ ਪਿਆਰ ਇੱਕ ਵਿਸ਼ਾਲ ਸਮੁੰਦਰ ਦੇ ਸਮਾਨ ਹੈ, ਜਿਸਦਾ ਕੋਈ ਤੱਲ ਜਾਂ ਕਿਨਾਰਾ ਨਹੀਂ ਹੈ।

ਸੱਚੇ ਚੇਲਿਆਂ ਵਿੱਚ ਇਹ ਪਿਆਰ, ਪਵਿੱਤਰ ਅੱਗ ਦੀ ਤਰਾਂ, ਹਿਰਦੇ ਦੀਆਂ ਵੇਦੀਆਂ ਦੇ ਬਲਦਾ ਹੈ। ਇਹ ਧਰਤੀ ਤੇ ਸੀ ਕਿ ਯਿਸੂ ਦੇ ਦੁਆਰਾ ਪਰਮੇਸ਼ੁਰ ਦਾ ਪਿਆਰ ਪ੍ਰਗਟ ਹੋਇਆ ਸੀ। ਇਹ ਧਰਤੀ ਤੇ ਹੈ ਕਿ ਉਸਦੇ ਬੱਚੇ ਇਸ ਪਿਆਰ ਨੂੰ ਬੇਦੋਸ਼ ਜੀਵਨਾਂ ਦੁਆਰਾ ਚਮਕਾਉਣ। ਤਦ ਪਾਪੀਆਂ ਨੂੰ ਪਰਮੇਸ਼ੁਰ ਦੇ ਮੇਮਨੇ ਨੂੰ ਦੇਖਣ ਦੇ ਲਿਆ ਸਲੀਬ ਦੇ ਵੱਲ ਲੇਜਾਇਆ ਜਾਵੇਗਾ।

**(6) ਕੀ ਹੋਵੇਗਾ ਜੇਕਰ ਅਸੀਂ ਮਸੀਹ ਨੂੰ ਅਤੇ ਉਸਦੀ ਮਹਿਮਾ, ਉਸਦੇ ਪਿਆਰੇ ਕਿਰਦਾਰ, ਅਤੇ ਉਸਦੇ ਬੇਮਿਸਾਲ ਪਿਆਰ ਦੇ ਵਿਸਥਾਰਾਂ ਨੂੰ ਦੇਖਦੇ ਹਾਂ।**

***ਪਰ ਅਸੀਂ ਸਭ ਅਣਕੱਜੇ ਚਿਹਰੇ ਨਾਲ ਪ੍ਰਭੂ ਦੇ ਤੇਜ ਦਾ ਸ਼ੀਸ਼ੇ ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੱਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।*** *(2 ਕੁਰਿੰਥੀਆਂ ਨੂੰ 3:18)*

ਮਸੀਹ ਦੀ ਵੱਲ ਤੱਕੋ, ਉਸਦੇ ਕਿਰਦਾਰ ਦੀ ਆਕਰਸ਼ਕ ਸੁੰਦਰਤਾ ਨੂੰ ਦੇਖੋ, ਤਦ ਉਸਦੇ ਵੱਲ ਤੱਕਣ ਦੇ ਨਾਲ ਤੁਸੀਂ ਉਸਦੀ ਸਮਾਨਤਾ ਦੇ ਵਿੱਚ ਬਦਲ ਜਾਓਗੇ। ਮਸੀਹ ਅਤੇ ਆਤਮਾ ਦੇ ਵਿੱਚਕਾਰ ਆਉਣ ਵਾਲੀ ਧੁੰਦ ਉੱਡ ਜਾਵੇਗੀ ਜਦੋਂ ਅਸੀਂ ਵਿਸ਼ਵਾਸ ਦੇ ਨਾਲ ਬੀਤੇ ਸਮੇਂ ਵਿੱਚ ਸ਼ੈਤਾਨ ਦੇ ਨਰਕੀ ਪਰਛਾਵਿਆਂ ਨੂੰ ਦੇਖਦੇ ਹਾਂ ਅਤੇ ਪਰਮੇਸ਼ੁਰ ਦੀ ਬਿਵਸਥਾ ਵਿੱਚ ਉਸਦੀ ਮਹਿਮਾ ਨੂੰ, ਅਤੇ ਮਸੀਹ ਦੀ ਧਾਰਮਿਕਤਾ ਨੂੰ ਦੇਖਦੇ ਹਾਂ।

ਸ਼ੈਤਾਨ ਯਿਸੂ ਨੂੰ ਸਾਡੀ ਨਜ਼ਰ ਤੋਂ ਓਹਲੇ ਕਰਨਾ ਚਾਹੁੰਦਾ ਹੈ, ਉਸਦੀ ਰੋਸ਼ਨੀ ਨੂੰ ਗ੍ਰਹਣ ਲਗਾਉਣਾ ਚਾਹੁੰਦਾ ਹੈ; ਕਿਉਂਕਿ ਜਦੋਂ ਸਾਨੂੰ ਉਸਦੀ ਮਹਿਮਾ ਦੀ ਇੱਕ ਝਲਕ ਵੀ ਮਿਲਦੀ ਹੈ ਤਾਂ ਅਸੀਂ ਉਸਦੀ ਵੱਲ ਖਿੱਚੇ ਜਾਂਦੇ ਹਾਂ। ਪਾਪ

ਸਾਡੀ ਨਜ਼ਰ ਤੋਂ ਯਿਸੂ ਮਸੀਹ ਦੇ ਬੇਮਿਸਾਲ ਆਕਰਸ਼ਣ ਨੂੰ ਲੁਕਾ ਦਿੰਦਾ ਹੈ; ਪੱਖਪਾਤ, ਸਵਾਰਥੀਪਨ, ਸ੍ਵੈ-ਧਾਰਮਿਕਤਾ, ਅਤੇ ਲਾਲਸਾਵਾਂ ਸਾਡੀਆਂ ਅੱਖਾਂ ਨੂੰ ਅੰਨਾ ਕਰ ਦਿੰਦੇ ਹਨ, ਇਸ ਲਈ ਅਸੀਂ ਮੁੱਕਤੀਦਾਤੇ ਦੀ ਪਹਿਚਾਣ ਨਹੀਂ ਕਰਦੇ। ਔਹ! ਜੇਕਰ ਅਸੀਂ ਵਿਸ਼ਵਾਸ ਦੁਆਰਾ ਪਰਮੇਸ਼ੁਰ ਦੇ ਨੇੜੇ ਆਉਂਦੇ, ਤਾਂ ਉਹ ਸਾਡੇ ਉੱਤੇ ਆਪਣੇ ਮਹਿਮਾ ਨੂੰ ਜ਼ਾਹਿਰ ਕਰਦਾ ਜਿਹੜਾ ਕਿ ਉਸਦਾ ਚਰਿੱਤਰ ਹੈ ਅਤੇ ਪਰਮੇਸ਼ੁਰ ਦੀ ਮਹਿਮਾ ਮਨੁੱਖੀ ਦਿਲਾਂ ਤੋਂ ਵਹਿੰਦੀ ਅਤੇ ਮਨੁੱਖੀ ਆਵਾਜ਼ਾਂ ਦੁਆਰਾ ਸੁਣਾਈ ਜਾਂਦੀ। ਤਦ ਅਸੀਂ ਪਰਮੇਸ਼ੁਰ ਦੇ ਵਿਰੁੱਧ ਪਾਪ ਕਰਨ, ਸ਼ੱਕ ਕਰਨ ਅਤੇ ਬੇਵਿਸ਼ਵਾਸੀਆਂ ਗੱਲਾਂ ਕਰਨ ਦੁਆਰਾ ਸ਼ੈਤਾਨ ਨੂੰ ਮਹਿਮਾ ਦੇਣੀ ਹਮੇਸ਼ਾ ਦੇ ਲਈ ਬੰਦ ਕਰ ਦੇਵਾਂਗੇ। ਸਾਨੂੰ ਮੁੜ੍ਹ ਤੋਂ ਠੇਕਰ ਨਹੀਂ ਖਾਣੀ ਚਾਹੀਦੀ, ਨਾਂ ਹੀ ਕੁੜਕੁੜਾਉਨਾ ਅਤੇ ਵਿਰਲਾਪ ਕਰਨਾ ਚਾਹੀਦਾ ਹੈ ਅਤੇ ਪਰਮੇਸ਼ੁਰ ਦੀ ਵੇਦੀ ਨੂੰ ਆਪਣੇ ਹੰਝੂਆਂ ਦੇ ਨਾਲ ਨਹੀਂ ਭਰਨਾ ਚਾਹੀਦਾ ਹੈ।

**(7)ਪੌਲੁਸ ਦੀ ਤਰਾਂ, ਸਾਡੇ ਬੁੱਲ੍ਹ ਕਿਸ ਜ਼ਬਰਦਸਤ ਵਿਸ਼ੇ ਦੇ ਬਾਰੇ ਉਤਸ਼ਾਹਪੂਰਣ ਬੋਲਣਗੇ ਅਤੇ ਸਾਡੇ ਮਨ ਵਾਸ ਕਰਨਗੇ ?**

***ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨ੍ਹਾਂ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾ।*** *(1 ਕੁਰਿੰਥੀਆਂ ਨੂੰ 2:2)*

ਮਨਨ ਦੇ ਲਈ ਕਿਹੋ ਜਿਹਾ ਵਿਸ਼ੇ ਜੋ ਬਲੀਦਾਨ ਹੈ ਜਿਹੜਾ ਯਿਸੂ ਨੇ ਗੁਵਾਚੇ ਹੋਏ ਪਾਪੀਆਂ ਦੇ ਲਈ ਬਣਾਇਆ! “ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਅਤੇ ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ

ਹਾਂ। {ਯਸਾਯਾਹ 53:5}। ਸਾਡੀ ਪਹੁੰਚ ਵਿੱਚ ਲਿਆਂਦੀਆਂ ਗਈਆਂ ਬਰਕਤਾਂ ਦਾ ਅਸੀਂ ਕਿਵੇਂ ਮੁਲਾਂਕਣ ਕਰਾਂਗੇ? ਕੀ ਯਿਸੂ ਹੋਰ ਕਸ਼ਟ ਸਹਿ ਸਕਦਾ ਸੀ? ਕੀ ਉਹ ਸਾਡੇ ਲਈ ਵਧੀਕ ਬਰਕਤਾਂ ਨੂੰ ਮੁੱਲ ਲੈ ਸਕਦਾ ਸੀ? ਕੀ ਸਾਡਾ ਇਹ ਕਠੋਰ ਦਿਲ ਨਾ ਪਿਗਲਦਾ ਜਦੋਂ ਸਾਨੂੰ ਯਾਦ ਆਉਂਦਾ ਕੀ ਸਾਡੇ ਲਈ ਉਸਨੇ ਸਵਰਗ ਦੇ ਸੁੱਖ ਅਤੇ ਪ੍ਰਤਾਪ ਨੂੰ ਛੱਡ ਦਿੱਤਾ ਅਤੇ ਗਰੀਬੀ, ਸ਼ਰਮ, ਅਤੇ ਅੱਤ ਕਸ਼ਟ ਅਤੇ ਇੱਕ ਭਿਆਨਕ ਮੌਤ ਦਾ ਸਾਹਮਣਾ ਕੀਤਾ? ਜੇਕਰ ਉਸਨੇ ਆਪਣੀ ਮੌਤ ਅਤੇ ਜੀ ਉੱਠਣ ਦੁਆਰਾ ਸਾਡੇ ਲਈ ਆਸ਼ਾ ਦਾ ਦਰਵਾਜਾ ਨਾ ਖੋਲਿਆ ਹੁੰਦਾ, ਤਾਂ ਸਾਨੂੰ ਹਨੇਰੇ ਦੀ ਭਿਆਨਕਤਾ ਅਤੇ ਨਿਰਾਸ਼ਾ ਦੇ ਦੁੱਖਾਂ ਤੋਂ ਇਲਾਵਾ ਸਾਨੂੰ ਕੁਝ ਵੀ ਪਤਾ ਨਾ ਚੱਲਦਾ। ਸਾਡੀ ਹੁਣ ਦੀ ਸਥਿਤੀ ਵਿੱਚ, ਅਸੀਂ ਜਿਵੇਂ ਕਿਰਪਾ ਦੇ ਭਾਗੀ ਅਤੇ ਧੰਨ ਹਾਂ, ਅਸੀਂ ਇਸ ਨੂੰ ਜਾਣ ਨਹੀਂ ਸਕਦੇ ਕੀ ਸਾਨੂੰ ਕਿੰਨੀ ਗਹਿਰਾਈ ਤੋਂ ਬਚਾਇਆ ਗਿਆ ਹੈ। ਅਸੀਂ ਇਹ ਨਹੀਂ ਮਾਪ ਸਕਦੇ ਕਿ ਸਾਡੇ ਦੁੱਖ ਕਿੰਨੇ ਡੂੰਗੇ ਹੁੰਦੇ, ਅਤੇ ਸਾਡੇ ਸ਼ਰਾਪ ਕਿੰਨੇ ਡੂੰਗੇ ਹੁੰਦੇ, ਜੇਕਰ ਯਿਸੂ ਨੇ ਸਾਨੂੰ ਆਪਣੀ ਹਮਦਰਦੀ ਅਤੇ ਉਸਦੇ ਪਿਆਰ ਦੀਆਂ ਮਨੁੱਖੀ ਬਾਹਾਂ ਦੇ ਨਾਲ ਨਾ ਘੇਰਿਆ ਹੁੰਦਾ, ਅਤੇ ਸਾਨੂੰ ਉਤਾਹਾਂ ਨਾ ਚੁੱਕਿਆ ਹੁੰਦਾ।

**(8) ਪੌਲੁਸ ਦੇ ਵਾਂਗਰ, ਜਿਹੜੇ ਲੋਕ ਮਸੀਹ ਵਿੱਚ ਮੁੱਕਤੀ ਨੂੰ ਸਵੀਕਾਰ ਕਰਦੇ ਹਨ, ਉਹ ਕਿਸ ਵਿਸ਼ੇ ਉੱਤੇ ਉਤਸ਼ਾਹਪੂਰਨ ਘਮੰਡ ਕਰ ਸਕਦੇ ਹਨ?**

***ਪਰ ਮੇਰੇ ਤੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਘਮੰਡ ਕਰਾਂ ਬਿਨ੍ਹਾਂ ਸਾਡੇ ਪ੍ਰਭੂ ਯਿਸੂ ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ।*** *(ਗਲਾਤੀਆਂ ਨੂੰ 6:14)*

ਬਹੁਤ ਸਾਰੇ ਲੋਕ ਜਿਹੜੇ ਮਸੀਹ ਹੋਣ ਦਾ ਦਾਅਵਾ ਕਰਦੇ ਹਨ, ਉਹ ਸੰਸਾਰਿਕ ਕਾਰਗੁਜ਼ਾਰੀਆਂ ਦੇ ਉੱਤੇ ਉਤਸ਼ਾਹਿਤ ਹੋ ਜਾਂਦੇ ਹਨ। ਅਤੇ ਉਹਨਾਂ ਦੀ ਰੂਚੀ ਨਵੇਂ ਅਤੇ ਰੋਮਾਂਚਕ ਮਨੋਰੰਜਨਾਂ ਦੇ ਲਈ ਜਾਗ੍ਰਿਤ ਹੋ ਜਾਂਦੀ ਹੈ, ਜਦਕਿ ਉਹ ਠੰਡੇ ਦਿਲ ਵਾਲੇ ਹੁੰਦੇ ਹਨ ਅਤੇ ਜਿਵੇਂ ਪਰਮੇਸ਼ੁਰ ਦੇ ਕਾਰਣ ਉਹਨਾਂ ਦੇ ਦਿਲ ਜੰਮ ਚੁੱਕੇ ਹਨ। ਇੱਥੇ ਇੱਕ ਵਿਸ਼ੇ ਹੈ, ਗਰੀਬ ਰੀਤੀਵਾਦੀ, ਜੋ ਤੁਹਾਨੂੰ ਉਤਸ਼ਾਹਿਤ ਕਰਨ ਦੇ ਲਈ ਕਾਫੀ ਮਹੱਤਵ ਦਾ ਹੈ। ਸਦੀਪਕ ਲਾਭ ਇੱਥੇ ਸ਼ਾਮਿਲ ਹਨ। ਇਸ ਵਿਸ਼ੇ ਤੇ ਸ਼ਾਂਤ ਅਤੇ ਬੇਸਬਬ ਹੋਣਾ ਪਾਪ ਹੈ। ਕਲਵਰੀ ਦੀ ਦ੍ਰਿਸ਼ ਅੱਤ ਡੂੰਗੇ ਭਾਵਨਾਵਾਂ ਦਾ ਬੁਲਾਵਾ ਦਿੰਦੇ ਹਨ।

ਜੇਕਰ ਤੁਸੀਂ ਉਤਸ਼ਾਹ ਪ੍ਰਗਟ ਕਰਦੇ ਹੋ ਤਾਂ ਇਸ ਵਿਸ਼ੇ ਉੱਤੇ ਤੁਸੀਂ ਮਾਫ਼ੀ ਦੇ ਯੋਗ ਹੋਵੋਗੇ। ਕਿ ਮਸੀਹ, ਜੋ ਉੱਤਮ ਅਤੇ ਬੇਦੋਸ਼, ਉਸਨੂੰ ਦੁਨੀਆ ਦੇ ਪਾਪਾਂ ਦਾ ਭਾਰ ਸਹਿੰਦੇ ਹੋਏ, ਇੰਨੀ ਦਰਦਨਾਕ ਮੌਤ ਦਾ ਸਾਹਮਣਾ ਕਰਨਾ ਪਵੇ, ਇਹਨਾਂ ਨੂੰ ਸਾਡੇ ਵਿਚਾਰ ਅਤੇ ਸਾਡੀਆਂ ਕਲਪਨਾਵਾਂ ਕਦੇ ਵੀ ਸਮਝ ਨਹੀਂ ਸਕਦੀਆਂ ਹਨ। ਐਸੇ ਅਸਚਰਜਜਨਕ ਪਿਆਰ ਦੀ ਲੰਬਾਈ, ਚੌੜਾਈ, ਉੱਚਾਈ, ਗਹਿਰਾਈ, ਨੂੰ ਅਸੀਂ ਸਮਝ ਨਹੀਂ ਸਕਦੇ। ਇੱਕ ਮੁੱਕਤੀਦਾਤੇ ਦੇ ਪਿਆਰ ਦੀ ਅਤੁੱਲ ਗਹਿਰਾਈਆਂ ਦਾ ਮਨਨ ਨੂੰ ਮਨ ਨੂੰ ਭਰ ਦੇਣਾ ਚਾਹੀਦਾ ਹੈ, ਆਤਮਾ ਨੂੰ ਛੂਣਾਂ ਅਤੇ ਪਿਗਲਾ ਦੇਣਾ ਚਾਹੀਦਾ ਹੈ, ਪਿਆਰ ਨੂੰ ਉਤਾਹਾਂ ਚੁੱਕਣਾ ਅਤੇ ਸ਼ੁੱਧ ਕਰਨਾ ਚਾਹੀਦਾ ਹੈ, ਅਤੇ ਪੂਰੇ ਚਰਿੱਤਰ ਨੂੰ ਪੂਰੀ ਤਰਾਂ ਬਦਲ ਦੇਣਾ ਚਾਹੀਦਾ ਹੈ। ਇਹ ਰਸੂਲ ਦੇ ਸ਼ਬਦ ਹਨ; "ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨ੍ਹਾਂ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾ।." ਅਸੀਂ ਕਲਵਰੀ ਦੇ ਵੱਲ ਤੱਕ ਕੇ ਇਹ ਕਹਿ ਸਕਦੇ ਹਾਂ: "ਪਰ ਮੇਰੇ ਤੋਂ ਇਹ ਨਾ ਹੋਵੇ ਜੋ ਮੈਂ ਕਿਸੇ ਹੋਰ ਗੱਲ ਉੱਤੇ ਘਮੰਡ ਕਰਾਂ ਬਿਨ੍ਹਾਂ ਸਾਡੇ ਪ੍ਰਭੂ ਯਿਸੂ

ਮਸੀਹ ਦੀ ਸਲੀਬ ਦੇ ਜਿਹ ਦੇ ਰਾਹੀਂ ਸੰਸਾਰ ਮੇਰੀ ਵੱਲੋਂ ਅਤੇ ਮੈਂ ਸੰਸਾਰ ਦੀ ਵੱਲੋਂ ਸਲੀਬ ਉੱਤੇ ਚਾੜ੍ਹਿਆ ਗਿਆ।”

**(9) ਅਸੀਂ ਸੰਤਾਂ ਦੇ ਨਾਲ ਕੀ ਸਮਝਣ ਦੀ ਕੋਸ਼ਿਸ਼ ਕਰਦੇ ਹੋਏ ਅਨੰਤ ਕਾਲ ਨੂੰ ਬਿਤਾਵਾਂਗੇ?**

***ਤੁਸੀਂ ਸਾਰੇ ਸੰਤਾਂ ਨਾਲ ਮਿਲ ਕੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੋ ਕਿ ਕਿੰਨੀ ਕੁ ਚੌੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ! ਅਤੇ ਮਸੀਹ ਦਾ ਪਿਆਰ ਜੋ ਗਿਆਨ ਤੋਂ ਪਰੇ ਹੈ, ਚੰਗੀ ਤਰ੍ਹਾਂ ਸਮਝ ਸਕੋ ਕਿ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਵਿੱਚ ਭਰਪੂਰ ਹੋ ਜਾਓ । (ਅ਼ਫਸੀਆਂ 3:18-19)***

ਇਹ ਮਸੀਹ ਦੇ ਪਿਆਰ ਹੈ ਜੋ ਸਾਡੇ ਸਵਰਗ ਨੂੰ ਬਣਾਉਂਦਾ ਹੈ। ਪਰ ਜਦੋਂ ਅਸੀਂ ਇਸ ਪਿਆਰ ਦੇ ਬਾਰੇ ਦੱਸਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਭਾਸ਼ਾ ਸਾਨੂੰ ਅਸਫਲ ਕਰ ਦਿੰਦੀ ਹੈ। ਅਸੀਂ ਧਰਤੀ ਉੱਤੇ ਉਸਦੇ ਜੀਵਨ ਦੇ ਬਾਰੇ ਸੋਚਦੇ ਹਾਂ, ਸਾਡੇ ਲਈ ਉਸਦੇ ਬਲੀਦਾਨ ਬਾਰੇ; ਅਸੀਂ ਸਵਰਗ ਵਿੱਚ ਉਸਦੇ ਕਾਰਜਾਂ ਨੂੰ ਮਹਿਲਾਂ ਦਾ ਸਲਾਹਕਾਰ ਮੰਨਦੇ ਹਾਂ, ਜਿਹੜੇ ਕਿ ਉਹ ਉਹਨਾਂ ਦੇ ਲਈ ਤਿਆਰ ਕਰ ਰਿਹਾ ਹੈ ਜੋ ਉਸਨੂੰ ਪਿਆਰ ਕਰਦੇ ਹਨ; ਅਤੇ ਅਸੀਂ ਸਿਰਫ ਜੈਕਾਰਾ ਲਗਾ ਸਕਦੇ ਹਾਂ, “ਔਹ, ਮਸੀਹ ਦੇ ਪਿਆਰ ਦੀ ਉਚਾਈ ਅਤੇ ਗਹਿਰਾਈ!” ਜਦੋਂ ਅਸੀਂ ਸਲੀਬ ਦੇ ਹੇਠਾਂ ਠਹਿਰਦੇ ਹਾਂ, ਤਾਂ ਅਸੀਂ ਪਿਆਰ ਦੀ ਇੱਕ ਫਿੱਕੀ ਜਿਹੀ ਧਾਰਨਾ ਨੂੰ ਪ੍ਰਾਪਤ ਕਰਦੇ ਹਾਂ, ਅਤੇ ਅਸੀਂ ਕਹਿੰਦੇ ਹਾਂ, “ਕਿ ਪਿਆਰ ਇਸ ਵਿੱਚ ਨਹੀਂ ਕਿ ਅਸੀਂ ਪਰਮੇਸ਼ੁਰ ਦੇ ਨਾਲ ਪਿਆਰ ਕੀਤਾ ਬਲਕਿ ਇਸ ਵਿੱਚ ਹੈ ਕਿ ਉਸ ਨੇ ਸਾਡੇ ਨਾਲ ਪਿਆਰ ਕੀਤਾ ਅਤੇ ਸਾਡੇ ਪਾਪਾਂ ਦੀ ਮੁਆਫ਼ੀ ਦੇ ਲਈ ਉਸਨੇ ਆਪਣੇ ਪੁੱਤਰ ਨੂੰ ਭੇਜਿਆ। ਪਰ ਮਸੀਹ ਉੱਤੇ ਸਾਡੇ ਮਨਨ ਵਿੱਚ, ਅਸੀਂ ਕੇਵਲ ਉਸ

ਪਿਆਰ ਦੇ ਕਿਨਾਰੇ ਉੱਤੇ ਲਟਕੇ ਹੋਏ ਹਾਂ ਜੋ ਅਸੀਮ ਹੈ। ਉਸਦਾ ਪਿਆਰ ਇੱਕ ਵਿਸ਼ਾਲ ਸਮੁੰਦਰ ਦੇ ਸਮਾਨ ਹੈ, ਜਿਸਦਾ ਕੋਈ ਤੱਲ ਜਾਂ ਕਿਨਾਰਾ ਨਹੀਂ ਹੈ।

ਸੱਚੇ ਚੇਲਿਆਂ ਵਿੱਚ ਇਹ ਪਿਆਰ, ਪਵਿੱਤਰ ਅੱਗ ਦੀ ਤਰਾਂ, ਹਿਰਦੇ ਦੀਆਂ ਵੇਦੀਆਂ ਦੇ ਬਲਦਾ ਹੈ। ਇਹ ਧਰਤੀ ਤੇ ਸੀ ਕਿ ਯਿਸੂ ਦੇ ਦੁਆਰਾ ਪਰਮੇਸ਼ੁਰ ਦਾ ਪਿਆਰ ਪ੍ਰਗਟ ਹੋਇਆ ਸੀ। ਇਹ ਧਰਤੀ ਤੇ ਹੈ ਕਿ ਉਸਦੇ ਬੱਚੇ ਇਸ ਪਿਆਰ ਨੂੰ ਬੇਦੋਸ਼ ਜੀਵਨਾਂ ਦੁਆਰਾ ਚਮਕਾਉਣ। ਤਦ ਪਾਪੀਆਂ ਨੂੰ ਪਰਮੇਸ਼ੁਰ ਦੇ ਮੇਮਨੇ ਨੂੰ ਦੇਖਣ ਦੇ ਲਿਆ ਸਲੀਬ ਦੇ ਵੱਲ ਲੇਜਾਇਆ ਜਾਵੇਗਾ।

**(10) ਬ੍ਰਹਿਮੰਡ ਦੇ ਹਰੇਕ ਪ੍ਰਾਣੀ ਤੋਂ ਅਨੰਤ ਕਾਲ ਤੱਕ ਮਹਿਮਾ ਦੇ ਸ਼ਬਦ ਕਿਹੜੇ ਹੋਣਗੇ, ਜਿਵੇਂ ਜਿਵੇਂ ਉਹ ਸਲੀਬ ਦੇ ਪੂਰਨ ਮਹੱਤਵ ਨੂੰ ਸਮਝਣ ਦੇ ਕੋਸ਼ਿਸ਼ ਕਰਨਗੇ?**

***"ਹੇ ਸਾਡੇ ਪ੍ਰਭੂ ਅਤੇ ਸਾਡੇ ਪਰਮੇਸ਼ੁਰ, ਤੂੰ ਮਹਿਮਾ, ਮਾਣ, ਅਤੇ ਸਮਰੱਥਾ ਲੈਣ ਦੇ ਯੋਗ ਹੈਂ, ਤੂੰ ਜੋ ਸਾਰੀਆਂ ਵਸਤਾਂ ਰਚੀਆਂ, ਅਤੇ ਉਹ ਤੇਰੀ ਹੀ ਮਰਜ਼ੀ ਨਾਲ ਹੋਈਆਂ ਅਤੇ ਰਚੀਆਂ ਗਈਆਂ!" (ਪ੍ਰਕਾਸ਼ ਦੀ ਪੋਥੀ 4:11)***

ਇਸ ਜੀਵਨ ਵਿੱਚ ਅਸੀਂ ਕੇਵਲ ਛੁੱਟਕਾਰੇ ਦੇ ਅਦਭੁਤ ਵਿਸ਼ੇ ਨੂੰ ਸਮਝਣਾ ਸ਼ੁਰੂ ਕਰ ਸਕਦੇ ਹਾਂ। ਸਾਡੀ ਸੀਮਿਤ ਸਮਝ ਦੇ ਨਾਲ ਅਸੀਂ ਸਭ ਤੋਂ ਵੱਧ ਗੰਭੀਰਤਾ ਦੇ ਨਾਲ ਸ਼ਰਮ ਅਤੇ ਮਹਿਮਾ, ਜੀਵਨ ਅਤੇ ਮੌਤ, ਨਿਆਂ ਅਤੇ ਦਯਾ ਪਰ ਵਿਚਾਰ ਕਰ ਸਕਦੇ ਹਾਂ, ਜੋ ਕਿ ਸਾਨੂੰ ਸਲੀਬ ਉੱਤੇ ਮਿਲਦੇ ਹਨ; ਪਰ ਫਿਰ ਵੀ ਆਪਣੀ ਬੁੱਧਮਤਾ ਦੀ ਸ਼ਕਤੀ ਦੇ ਪੂਰਨ ਇਸਤੇਮਾਲ ਦੇ ਨਾਲ ਵੀ ਅਸੀਂ ਇਸਦੇ ਪੂਰਨ ਮਹੱਤਵ ਨੂੰ ਸਮਝਣ ਵਿੱਚ ਅਸਫਲ ਹੋ ਜਾਂਦੇ ਹਾਂ।

ਛੁੱਟਕਾਰੇ ਵਾਲੇ ਪਿਆਰ ਦੀ ਲੰਬਾਈ ਅਤੇ ਚੌੜਾਈ, ਗਹਿਰਾਈ ਅਤੇ ਉੱਚਾਈ ਅਸ਼ਪਸ਼ਟ ਰੂਪ ਵਿੱਚ ਹੀ ਸਾਨੂੰ ਸਮਝ ਆਉਂਦੀ ਹੈ। ਛੁੱਟਕਾਰੇ ਦੀ ਯੋਜਨਾ ਪੂਰੀ ਤਰਾਂ ਨਾਲ ਸਮਝ ਨਹੀਂ ਆਵੇਗੀ, ਭਾਵੇਂ ਛੁੱਡਾਏ ਗਏ ਇੰਝ ਵੇਖਦੇ ਹਨ ਜੀ ਉਹਨਾਂ ਨੂੰ ਦੇਖਿਆ ਜਾਂਦਾ ਹੈ, ਅਤੇ ਇੰਜ ਜਾਣਦੇ ਹਨ ਕਿ ਉਹ ਜਿਵੇਂ ਜਾਣੇ ਜਾਂਦੇ ਹਨ; ਪਰ ਸਦੀਪਕ ਯੁੱਗਾਂ ਦੇ ਦੌਰਾਨ, ਨਵੀਂ ਸੱਚਾਈ ਹੈਰਾਨ ਅਤੇ ਪ੍ਰਸੰਨ ਮਨਾਂ ਦੇ ਸਾਹਮਣੇ ਪ੍ਰਗਟ ਹੋਵੇਗਾ। ਹਾਲਾਕਿ ਧਰਤੀ ਦੇ ਦੁੱਖ ਅਤੇ ਪੀੜਾਂ ਦਾ ਅੰਤ ਹੋ ਜਾਵੇਗਾ ਅਤੇ ਇਹਨਾਂ ਦੇ ਕਾਰਣ ਨੂੰ ਖਤਮ ਕਰ ਦਿੱਤਾ ਜਾਵੇਗਾ, ਫਿਰ ਵੀ ਪਰਮੇਸ਼ੁਰ ਦੇ ਲੋਕਾਂ ਨੂੰ ਇਸ ਗੱਲ ਦਾ ਇੱਕ ਵਿਸ਼ੇਸ਼ ਸਮਝ ਵਾਲਾ ਗਿਆਨ ਹੋਵੇਗਾ ਕਿ ਉਹਨਾਂ ਦੀ ਮੁੱਕਤੀ ਦੀ ਕੀਮਤ ਕੀ ਹੈ।

**(11) ਚੌਵੀਂ ਬਜ਼ੁਰਗ ਅਤੇ ਸਾਰੇ ਛੁਡਾਏ ਗਏ ਲੋਕ ਪਰਮੇਸ਼ੁਰ ਦੇ ਤਖ਼ਤ ਦੇ ਸਾਹਮਣੇ ਆਪਣੀ ਸਤੂਤੀ ਦੇ ਗੀਤ ਗਾਉਂਦੇ ਹੋਏ ਕੀ ਕਰਨਗੇ।**

***ਤਾਂ ਚੌਵੀ ਬਜ਼ੁਰਗ ਉਹ ਦੇ ਅੱਗੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਡਿੱਗ ਪੈਣਗੇ ਅਤੇ ਜਿਹੜਾ ਜੁੱਗੋ-ਜੁੱਗ ਜਿਉਂਦਾ ਹੈ ਉਹ ਨੂੰ ਮੱਥਾ ਟੇਕਣਗੇ ਅਤੇ ਇਹ ਆਖਦੇ ਹੋਏ ਆਪਣੇ ਮੁਕਟ ਸਿੰਘਾਸਣ ਦੇ ਅੱਗੇ ਸੁੱਟਣਗੇ (ਪ੍ਰਕਾਸ਼ ਦੀ ਪੋਥੀ 4:10)***

ਮਸੀਹ ਦੀ ਸਲੀਬ ਛੁੱਟਕਾਰਾ ਪਾਏ ਹੋਇਆਂ ਦੇ ਲਈ ਅਨੰਤ ਕਾਲ ਤੱਕ ਗਿਆਨ ਅਤੇ ਗੀਤ ਹੋਵੇਗਾ। ਮਸੀਹ ਦੀ ਮਹਿਮਾ ਦੇ ਵਿੱਚ ਉਹ ਸਲੀਬ ਉੱਤੇ ਚੜਾਏ ਗਏ ਮਸੀਹ ਨੂੰ ਦੇਖਣਗੇ। ਇਹ ਕਦੇ ਵੀ ਭੁਲਾਇਆ ਨਹੀਂ ਜਾਵੇਗਾ ਕਿ ਉਹ ਜਿਸਦੀ ਸਮਰੱਥ ਨੇ ਅੰਤਰਿਕਸ਼ ਦੇ ਮਹਾਨ ਖੇਤਰ ਦੇ ਵਿੱਚ ਅਣਗਿਣਤ ਸੰਸਾਰਾਂ ਦੀ ਸਿਰਜਣਾ

ਕੀਤੀ ਹੈ। ਪਰਮੇਸ਼ੁਰ ਦਾ ਪਿਆਰ, ਸਵਰਗ ਦੀ ਸ਼ਾਨ, ਉਹ ਜਿਸਦੀ ਕਰੂਬ ਅਤੇ ਚਮਕਦੇ ਸਰਾਫ਼ੀਮ ਵਡਿਆਈ ਕਰਨ ਦੇ ਲਈ ਆਨੰਦ ਰਹਿੰਦੇ ਹਨ, ਉਸਨੇ ਆਪਣੇ ਆਪ ਨੂੰ ਝੁਕਾਅ ਦਿੱਤਾ ਤਾਂ ਜੋ ਉਹ ਡਿੱਗੇ ਹੋਏ ਇਨਸਾਨ ਨੂੰ ਚੁੱਕ ਸਕੇ; ਸੋ ਇਸ ਲਈ ਉਸਨੇ ਦੋਸ਼ ਅਤੇ ਸ਼ਰਮਿੰਦਗੀ ਨੂੰ ਅਤੇ ਆਪਣੇ ਪਿਤਾ ਦੇ ਉਸ ਤੋਂ ਫੇਰੇ ਹੋਏ ਚੇਹਰੇ ਨੂੰ ਸਹਿ ਲਿਆ ਅਤੇ ਇਹ ਤਦ ਤੱਕ ਸਿਹਾ ਜਦ ਤੱਕ ਇਸ ਗੁਵਾਚੇ ਹੋਏ ਸੰਸਾਰ ਦੇ ਸਰਾਪਾਂ ਨੇ ਉਸਦਾ ਦਿਲ ਨਹੀਂ ਤੋੜ ਦਿੱਤਾ, ਅਤੇ ਕਲਵਰੀ ਦੀ ਸਲੀਬ ਉੱਤੇ ਉਸਦੇ ਜੀਵਨ ਨੂੰ ਕੁਚਲ ਦਿੱਤਾ। ਤਾਂਕਿ ਸਾਰੇ ਸੰਸਾਰਾਂ ਨੂੰ ਬਣਾਉਣ ਵਾਲਾ, ਸਾਰੇ ਮੁਕਾਮਾਂ ਦਾ ਵਿਚੋਲਿਆ ਆਪਣੀ ਮਹਿਮਾ ਨੂੰ ਤਿਆਗ ਦੇਵੇ ਅਤੇ ਆਪਣੇ ਆਪ ਨੂੰ ਪਿਆਰ ਤੋਂ ਮਨੁੱਖ ਦੇ ਲਈ ਅਪਮਾਨਿਤ ਹੋਵੇ, ਜੋ ਕਿ ਹਮੇਸ਼ਾ ਦੇ ਲਈ, ਬ੍ਰਹਿਮੰਡ ਦੀ ਹੈਰਾਨੀ ਅਤੇ ਉਤਸ਼ਾਹ ਨੂੰ ਉਤੇਜਿਤ ਕਰੇਗਾ। ਜਦੋਂ ਬਚਾਏ ਹੋਇਆਂ ਦੀਆਂ ਕੌਮਾਂ, ਮੁੱਕਤੀਦਾਤੇ ਦੀ ਮਹਿਮਾ ਦੀ ਵੱਲ ਦੇਖਦੇ ਹਨ ਅਤੇ ਪਿਤਾ ਦੀ ਅਨੰਤ ਮਹਿਮਾ ਨੂੰ ਉਸਦੇ ਦੇ ਮੁੱਖ ਦੇ ਚਮਕਦੇ ਹੋਏ ਦੇਖਦੇ ਹਨ; ਅਤੇ ਜਦ ਉਹ ਉਸਦੇ ਦੇ ਤਖ਼ਤ ਦੇ ਵੱਲ ਤੱਕਦੇ ਹਨ, ਜਿਹੜਾ ਸਦੀਪਕ ਕਾਲ ਦਾ ਹੈ, ਅਤੇ ਉਹ ਜਾਣਦੇ ਹਨ ਕਿ ਉਸਦੇ ਰਾਜ ਦਾ ਕੋਈ ਅੰਤ ਨਹੀਂ ਹੈ, ਤਦ ਉਹ ਇੱਕ ਖੁਸ਼ੀ ਦੇ ਗੀਤ ਵਿੱਚ ਕਹਿੰਦੇ ਹਨ: ਯੋਗ ਹੈ ਉਹ ਲੇਲਾ ਜਿਹੜਾ ਬਲੀਦਾਨ ਕੀਤਾ ਗਿਆ ਸੀ, ਅਤੇ ਜਿਸਨੇ ਸਾਨੂੰ ਉਸਦੇ ਆਪਣੇ ਬਹੁਮੁੱਲੇ ਲਹੂ ਦੇ ਦੁਆਰਾ, ਪਰਮੇਸ਼ੁਰ ਦੇ ਲਈ ਛੁਡਾਇਆ ਹੈ!"

***ਜਿਵੇਂ ਜਿਵੇਂ ਮੈਂ ਉਸਦੇ ਕਸ਼ਟ ਦੇ ਗਿਆਨ ਵਿੱਚ ਵੱਧਦਾ ਹਾਂ ਜੋ ਮਸੀਹ ਨੇ ਮੇਰੇ ਲਈ ਸ਼ਰੀਰਕ ਅਤੇ ਮਾਨਸਿਕ ਦੋਨਾਂ ਰੂਪਾਂ ਦੇ ਵਿੱਚ ਸਹਿਣ ਕੀਤਾ ਹੈ, ਮੈਂ ਦੇਖਦਾ ਹਾਂ ਕਿ ਉਸਦਾ ਪਿਆਰ ਸਮਾਂਤਰ ਨਹੀਂ ਹੈ ਜਦ ਉਸਨੇ***

ਇੱਕ ਦੋਸ਼ੀ ਅਤੇ ਪਾਪੀ ਦੇ ਰੂਪ ਵਿੱਚ ਮੇਰੀ ਜਗਾ ਲੈ ਲਈ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਹਮੇਸ਼ਾ ਮਸੀਹ ਦੇ ਵੱਲ ਤੱਕਣ ਦੀ ਚੋਣ ਕਰਦਾ ਹਾਂ, ਅਤੇ ਉਸ ਉੱਤੇ ਆਪਣੇ ਵਿਸ਼ਵਾਸ ਦੀ ਨਜ਼ਰ ਨੂੰ ਕਾਇਮ ਰੱਖਦਾ ਹਾਂ ਅਤੇ ਮੇਰੇ ਵਿਸ਼ਵਾਸ ਦਾ ਕਰਤਾ ਅਤੇ ਪੂਰਨ ਕਰਨ ਵਾਲੇ ਵਜੋਂ ਭਰੋਸਾ ਰੱਖਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਹੈਰਾਨ ਹਾਂ ਕਿ ਕਿਵੇਂ ਛੁੱਟਕਾਰੇ ਦੀ ਯੋਜਨਾ ਇੰਨੇ ਸਪਸ਼ਟ ਰੂਪ ਨਾਲ ਪਰਮੇਸ਼ੁਰ ਦੇ ਨਿਆਂ ਅਤੇ ਪਿਆਰ ਦੋਵਾਂ ਨੂੰ ਪ੍ਰਗਟ ਕਰਦੀ ਹੈ। ਕਿ ਉਹ ਮੇਰੇ ਜਿਹੇ ਇੱਕ ਆਸ਼ਾਹੀਣ ਪਾਪੀ ਨੂੰ ਇੰਨੀ ਵੱਡੀ ਕੀਮਤ ਤੇ ਛੁਡਾਉਣ ਦੇ ਲਈ ਆਪਣੇ ਪੁੱਤਰ ਨੂੰ ਭੇਜੇਗਾ, ਜੋ ਪਿਆਰ ਦਾ ਅਜਿਹਾ ਪ੍ਰਗਟੀਕਰਨ ਹੈ ਜੋ ਅਸਲ ਵਿੱਚ, ਸਮਝ ਤੋਂ ਬਾਹਰ ਹੈ। ਕਲਵਰੀ ਦੇ ਵਿੱਚ ਮੈਨੂੰ ਧਾਰਮਿਕਤਾ, ਨਿਆਂ ਅਤੇ ਦਯਾ ਦਾ ਸਹਿ ਸੰਤੁਲਨ ਦਿਖਾਈ ਦਿੰਦਾ ਹੈ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਪੌਲੁਸ ਦੀ ਤਰਾਂ, ਮੈਂ ਸਲੀਬ ਉੱਤੇ ਚੜਾਏ ਗਏ ਮਸੀਹ ਦੇ ਅਦਭੁਤ ਵਿਸ਼ੇ ਉੱਤੇ ਧਿਆਨ ਦੇਣਾ ਅਤੇ ਦੁਨੀਆਂ ਨੂੰ ਉਹਨਾਂ ਦੇ ਲਈ ਉਸਦੇ ਪਿਆਰ ਨੂੰ ਦੱਸਣਾ ਚਾਹੁੰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਪਰਮੇਸ਼ੁਰ ਦੇ ਪਿਆਰ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਹਮੇਸ਼ਾ ਖੋਜਦੇ ਅਤੇ ਸਿਖਦੇ ਹੋਏ ਯਿਸੂ ਦੇ ਕਦਮਾਂ ਦੇ ਵਿੱਚ ਅਨੰਤ ਕਾਲ ਗੁਜ਼ਾਰਨ ਦੀ ਆਸ ਕਰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਉਸ ਦਿਨ ਦੀ ਲਾਲਸਾ ਕਰਦਾ ਹਾਂ ਕਿ ਮੈਂ ਮਸੀਹ ਦੇ ਕਦਮਾਂ ਦੇ ਵਿੱਚ ਉਸਦੇ ਪਿਆਰ ਦੇ ਭੈਅ ਵਿੱਚ ਆਪਣੇ ਤਾਜ ਨੂੰ ਰੱਖ ਸਕਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ



## ਅਧਿਆਇ 10
## ਮਸੀਹ ਦੇ ਪਿਆਰ ਦਾ ਤੋਹਫ਼ਾ

**(1) ਇੰਮਊਸ ਦੇ ਰਾਹ ਉੱਤੇ ਚੇਲਿਆਂ ਦੇ ਵਾਂਗ, ਜਦੋਂ ਅਸੀਂ ਸੱਚਾਈ ਦੇ ਲਈ ਪਵਿੱਤਰ ਸ਼ਾਸਤਰ ਦੀ ਖੋਜ ਕਰਦੇ ਹਾਂ ਅਤੇ ਮਸੀਹ ਦੇ ਛੁੱਟਕਾਰੇ ਵਾਲੇ ਪਿਆਰ ਦੇ ਬਾਰੇ ਸਿੱਖਦੇ ਹਾਂ, ਤਾਂ ਇਸਦਾ ਕੀ ਨਤੀਜਾ ਨਿਕਲੇਗਾ?**

***ਤਦ ਉਹ ਇੱਕ ਦੂਜੇ ਨੂੰ ਆਖਣ ਲੱਗੇ ਕਿ ਜਦ ਉਹ ਰਾਹ ਵਿੱਚ ਸਾਡੇ ਨਾਲ ਗੱਲਾਂ ਕਰਦਾ ਅਤੇ ਸਾਡੇ ਲਈ ਪਵਿੱਤਰ ਗ੍ਰੰਥਾਂ ਦਾ ਅਰਥ ਖੋਲ੍ਹਦਾ ਸੀ ਤਾਂ ਕੀ ਸਾਡਾ ਦਿਲ ਸਾਡੇ ਅੰਦਰ ਉਬਾਲੇ ਨਹੀਂ ਖਾ ਰਿਹਾ ਸੀ? (ਲੂਕਾ 24:32)***

ਮਸੀਹ ਵਿੱਚ ਅਤੇ ਮਸੀਹ ਦੁਆਰਾ ਸੱਚਾਈ ਅਸੀਮ ਹੈ। ਬਾਈਬਲ ਦਾ ਵਿਦਿਆਰਥੀ ਇੱਕ ਫੁਹਾਰੇ ਨੂੰ ਇੰਜ ਦੇਖਦਾ

ਹੈ ਕਿ ਜਿਵੇਂ ਉਹ ਸੀ ਜਿਵੇਂ ਜਿਵੇਂ ਉਹ ਇਸ ਦੀ ਗਹਿਰਾਈ ਦੇ ਵੱਲ ਗੌਰ ਕਰਦਾ ਹੈ ਇਸਦੀ ਚੌੜਾਈ ਅਤੇ ਡੂੰਗਿਆਈ ਵੱਧਦੀ ਜਾਂਦੀ ਹੈ। ਇਸ ਜੀਵਨ ਦੇ ਵਿੱਚ ਅਸੀਂ ਉਸਦੇ ਪੁੱਤਰ ਨੂੰ ਸਾਡੇ ਲਈ ਪਾਪਾਂ ਦੇ ਪ੍ਰਾਸ਼ਚਿਤ ਕਰਨ ਦੇ ਲਈ ਦੇਣ ਵਿੱਚ ਪਰਮੇਸ਼ੁਰ ਦੇ ਪਿਆਰ ਦੇ ਭੇਤ ਨੂੰ ਨਹੀਂ ਸਮਝ ਸਕਾਂਗੇ। ਇਸ ਧਰਤੀ ਦੇ ਉੱਤੇ ਸਾਡੇ ਮੁੱਕਤੀਦਾਤੇ ਦਾ ਕਾਰਜ ਇੱਕ ਅਜਿਹਾ ਵਿਸ਼ਾ ਹੈ ਅਤੇ ਹਮੇਸ਼ਾ ਰਹੇਗਾ ਜੋ ਸਾਡੀ ਸਰਵ-ਉੱਚ ਕਲਪਨਾ ਦਾ ਵਿਸਥਾਰ ਕਰੇਗਾ। ਇਸ ਭੇਤ ਦੀ ਗਹਿਰਾਈ ਨੂੰ ਸਮਝਣ ਦੇ ਲਈ ਮਨੁੱਖ ਹਰ ਪ੍ਰਕਾਰ ਦੀ ਸ਼ਕਤੀ ਦਾ ਜ਼ੋਰ ਲਗਾ ਸਕਦਾ ਹੈ, ਪਰ ਉਸਦਾ ਮਨ ਥੱਕਿਆ ਹੋਇਆ ਅਤੇ ਫਿੱਕਾ ਹੋ ਜਾਵੇਗਾ। ਸਭ ਤੋਂ ਮਿਹਨਤੀ ਖੋਜ ਕਰਨ ਵਾਲਾ ਵੀ ਉਸਦੇ ਸਾਹਮਣੇ ਇੱਕ ਅਸੀਮ ਬਿਨ ਕਿਨਾਰੇ ਵਾਲੇ ਸਮੁੰਦਰ ਨੂੰ ਪਵੇਗਾ। ਸੱਚਾਈ ਜੈਸੀ ਕਿ ਮਸੀਹ ਵਿੱਚ ਹੈ, ਉਸਨੂੰ ਅਨੁਭਵ ਕੀਤਾ ਜਾ ਸਕਦਾ ਹੈ, ਪਰ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸਦੀ ਉੱਚਾਈ ਅਤੇ ਚੌੜਾਈ ਅਤੇ ਗਹਿਰਾਈ ਸਾਡੇ ਗਿਆਨ ਤੋਂ ਕੀਤੇ ਵੱਧ ਕੇ ਹੈ। ਅਸੀਂ ਆਪਣੀ ਕਲਪਨਾ ਨੂੰ ਵੱਡੇ ਪੱਧਰ ਤੇ ਇਸਤੇਮਾਲ ਕਰ ਸਕਦੇ ਹਾਂ, ਅਤੇ ਤਦ ਅਸੀਂ ਕੇਵਲ ਉਸ ਪਿਆਰ ਦੀ ਇੱਕ ਧੁੰਦਲੀ ਰੂਪ-ਰੇਖਾ ਨੂੰ ਦੇਖ ਸਕਾਂਗੇ ਜੋ ਕਿ ਬਿਆਨ ਤੋਂ ਬਾਹਰ ਹੈ ਅਤੇ ਆਸਮਾਨਾਂ ਜਿੰਨੀ ਉੱਚੀ ਹੈ, ਪਰ ਉਹ ਧਰਤੀ ਦੇ ਵੱਲ ਝੁੱਕ ਗਈ ਤਾਂ ਤੋਂ ਮਨੁੱਖਾਂ ਦੇ ਉੱਤੇ ਪਰਮੇਸ਼ੁਰ ਦੀ ਮੋਹਰ ਲਗਾ ਸਕੇ।

ਫਿਰ ਵੀ ਸਾਡੇ ਲਈ ਇਹ ਸੌਖਾ ਹੈ ਕਿ ਅਸੀਂ ਉਹ ਸਭ ਦੇਖ ਸਕਦੇ ਜੋ ਅਸੀਂ ਰੱਬੀ ਕਿਰਪਾ ਤੋਂ ਸਹਿਣ ਕਰ ਸਕਦੇ ਹਾਂ। ਇਹ ਨਮਰ ਅਤੇ ਟੁੱਟੇ ਹੋਏ ਪ੍ਰਾਣ ਦੇ ਉੱਤੇ ਜ਼ਾਹਿਰ ਹੁੰਦਾ ਹੈ। ਅਸੀਂ ਪਰਮੇਸ਼ੁਰ ਦੀ ਦਯਾ ਨੂੰ ਉਸੇ ਹੀ ਅਨੁਪਾਤ ਦੇ ਵਿੱਚ ਸਮਝਾਂਗੇ ਜਿਵੇਂ ਅਸੀਂ ਸਾਡੇ ਲਈ ਉਸਦੇ ਬਲੀਦਾਨ ਦੀ ਸ਼ਲਾਗਾ ਕਰਦੇ ਹਾਂ। ਜਦੋਂ ਅਸੀਂ ਹਿਰਦੇ ਦੀ ਨਮਰਤਾ ਵਿੱਚ ਪਰਮੇਸ਼ੁਰ ਦੇ ਵਚਨ ਦੀ

ਖੋਜ ਕਰਦੇ ਹਾਂ, ਤਦ ਛੁੱਟਕਾਰੇ ਦਾ ਮਹਾਨ ਵਿਸ਼ਾ ਸਾਡੀ ਸ਼ੋਧ ਦੇ ਲਈ ਖੁੱਲ ਜਾਵੇਗਾ। ਜਿਵੇਂ ਜਿਵੇਂ ਅਸੀਂ ਇਸਨੂੰ ਤੱਕਦੇ ਹਾਂ, ਇਸਦੀ ਚਮਕ ਵੱਧਦੀ ਜਾਵੇਗੀ, ਅਤੇ ਜਿਵੇਂ ਜਿਵੇਂ ਇਸਨੂੰ ਅਸੀਂ ਫੜਨ ਦੀ ਕੋਸ਼ਿਸ਼ ਕਰਾਂਗੇ, ਇਸਦੀ ਉੱਚਾਈ ਅਤੇ ਡੂੰਗਿਆਈ ਵੱਧਦੀ ਜਾਵੇਗੀ।

**(2) ਜਦੋਂ ਸਾਰੀਆਂ ਉਮੀਦਾਂ ਖਤਮ ਹੋ ਗਈਆਂ, ਤਦ ਮਸੀਹ ਨੇ ਅਜਿਹਾ ਕਿਹੜਾ ਅਦਭੁਦ ਕੰਮ ਕੀਤਾ ਜਿਸ ਤੋਂ ਇਹ ਜ਼ਾਹਿਰ ਹੋਇਆ ਕਿ ਉਸਦਾ ਅਤੇ ਪਿਤਾ ਦਾ ਪਿਆਰ ਸਾਡੇ ਲਈ ਕਿੰਨਾ ਹੈ?**

***"ਉਨ੍ਹਾਂ ਨੂੰ ਸੱਚ ਨਾਲ ਆਪਣੀ ਸੇਵਾ ਲਈ ਤਿਆਰ ਕਰ, ਤੇਰਾ ਬਚਨ ਸੱਚ ਹੈ। (ਯੂਹੰਨਾ 10:17)***

ਜਦੋਂ ਪਾਪ ਅਤੇ ਉਲੰਘਣਾ ਦੇ ਫਲਸਰੂਪ ਆਦਮ ਅਤੇ ਹਵਾ ਤੋਂ ਸਾਰੀਆਂ ਉਮੀਦਾਂ ਨੂੰ ਅੱਡ ਕਰ ਦਿੱਤਾ ਕਰ ਦਿੱਤਾ ਗਿਆ ਸੀ, ਜਦੋਂ ਨਿਆਂ ਨੇ ਪਾਪੀ ਦੀ ਮੌਤ ਦੀ ਮੰਗ ਕੀਤੀ, ਤਦ ਮਸੀਹ ਨੇ ਦੁਨੀਆ ਦੇ ਲਈ ਆਪਣੇ ਆਪ ਨੂੰ ਬਲੀਦਾਨ ਕਰਨ ਦੇ ਲਈ ਦੇ ਦਿੱਤਾ। ਦੁਨੀਆ ਸਜਾ ਦੇ ਹੇਠਾਂ ਸੀ। ਮਸੀਹ ਇਵਜੀ ਅਤੇ ਛੁੱਟਕਾਰੇ ਦਾ ਮੁੱਲ ਬਣ ਗਿਆ।
ਪਰਮੇਸ਼ੁਰ ਦੇ ਪੁੱਤਰ ਤੋਂ ਸਿਵਾ ਹੋਰ ਕੋਈ ਵੀ ਸਾਡੇ ਛੁੱਟਕਾਰੇ ਨੂੰ ਪੂਰਾ ਨਹੀਂ ਕਰ ਸਕਿਆ; ਕਿਉਂਕਿ ਕੇਵਲ ਉਹੀ ਸੀ ਜੋ ਪਿਤਾ ਦੀ ਗੋਦ ਵਿੱਚ ਸੀ, ਜਿਸਨੂੰ ਉਹ ਘੋਸ਼ਿਤ ਕਰ ਸਕਦਾ ਸੀ। ਕੇਵਲ ਉਹੀ ਸੀ ਜੋ ਪਰਮੇਸ਼ੁਰ ਦੇ ਪਿਆਰ ਦੀ ਉੱਚਾਈ ਅਤੇ ਗਹਿਰਾਈ ਨੂੰ ਜਾਣਦਾ ਸੀ ਅਤੇ ਉਹ ਇਸਨੂੰ ਪ੍ਰਗਟ ਕਰ ਸਕਦਾ ਸੀ। ਡਿੱਗੇ ਹੋਈ ਮਨੁੱਖਤਾ ਦੇ ਲਈ ਮਸੀਹ ਦੁਆਰਾ ਕੀਤੇ ਗਏ ਅਨੰਤ ਬਲੀਦਾਨ ਤੋਂ ਘੱਟ ਕੁਝ ਵੀ ਗੁਵਾਚੀ ਹੋਈ ਮਨੁੱਖਤਾ ਦੇ

ਲਈ ਪਿਤਾ ਦੇ ਪਿਆਰ ਨੂੰ ਜ਼ਾਹਿਰ ਨਹੀਂ ਕਰ ਸਕਦਾ ਸੀ।
"ਪਰਮੇਸ਼ੁਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ।" ਉਸਨੇ ਉਸਨੂੰ ਨਾ ਕੇਵਲ ਮਨੁੱਖਾਂ ਦੇ ਵਿੱਚ ਰਹਿਣ ਦੇ ਦਿੱਤਾ, ਬਲਕਿ ਉਹਨਾਂ ਦੇ ਪਾਪਾਂ ਨੂੰ ਸਹਿਣ ਅਤੇ ਉਹਨਾਂ ਦੇ ਲਈ ਬਲੀਦਾਨ ਵਜੋਂ ਮਰਨ ਲਈ ਦੇ ਦਿੱਤਾ। ਉਸਨੇ ਉਸਨੂੰ ਪਾਪੀ ਪੀੜੀ ਦੇ ਲਈ ਸੌਂਪ ਦਿੱਤਾ। ਮਸੀਹ ਨੂੰ ਮਨੁੱਖਤਾ ਦੇ ਹਿੱਤਾਂ ਅਤੇ ਜ਼ਰੂਰਤਾਂ ਦੇ ਨਾਲ ਖੁਦ ਨੂੰ ਪਹਿਚਾਨਣਾ ਸੀ। ਉਹ ਜੋ ਪਰਮੇਸ਼ੁਰ ਦੇ ਨਾਲ ਇੱਕ ਸੀ, ਉਸਨੇ ਖ਼ੁਦ ਨੂੰ ਮਨੁੱਖ ਦੀ ਸੰਤਾਨ ਦੇ ਨਾਲ ਉਹਨਾਂ ਬੰਧਨਾਂ ਦੇ ਨਾਲ ਜੋੜ ਦਿੱਤਾ ਹੈ ਜੋ ਕਦੇ ਨਹੀਂ ਟੁੱਟਦੇ। ਯਿਸੂ, "ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ।" (ਇਬਰਾਨੀਆਂ 2:11) ਉਹ ਸਾਡਾ ਬਲੀਦਾਨ ਹੈ, ਉਹ ਸਾਡਾ ਵਿਚੋਲਾ ਹੈ, ਉਹ ਸਾਡਾ ਭਾਈ ਹੈ, ਪਿਤਾ ਦੇ ਤਖ਼ਤ ਦੇ ਸਾਹਮਣੇ ਉਸਨੇ ਸਾਡੇ ਮਨੁੱਖੀ ਰੂਪ ਨੂੰ ਧਾਰਨ ਕੀਤਾ, ਅਤੇ ਅਨੰਤ ਯੁੱਗਾਂ ਦੇ ਮਾਧਿਅਮ ਨਾਲ ਉਸ ਜਾਤੀ ਦੇ ਨਾਲ ਇੱਕ ਹੋਇਆ ਜਿਸਨੂੰ ਮਨੁੱਖ ਦਾ ਪੁੱਤਰ ਨੇ ਬਚਾਇਆ । ਅਤੇ ਇਹ ਸਭ ਇਸ ਲਈ ਕਿ ਮਨੁੱਖ ਪਾਪ ਦੇ ਵਿਨਾਸ਼ ਅਤੇ ਪੱਤਣ ਤੋਂ ਉੱਪਰ ਉੱਠ ਸੱਕਣ ਤਾਂਕਿ ਉਹ ਪਰਮੇਸ਼ੁਰ ਦੇ ਪਿਆਰ ਨੂੰ ਦਰਸਾ ਸਕਣ ਅਤੇ ਪਵਿੱਤਰਤਾ ਦੇ ਅਨੰਦ ਨੂੰ ਸਾਂਝਾ ਕਸ ਸਕਣ।

**(3) ਜਿਵੇਂ ਕਿ ਅਸੀਂ ਕੁਦਰਤ ਵਿੱਚ ਸੁਆਮੀ ਸਿਰਜਣਹਾਰ ਦੇ ਦਾਨਾਂ ਅਤੇ ਅਤੇ ਉਸਦੀ ਵਿਅਕਤੀਗਤ ਸੰਭਾਲ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਰਾਜਾ ਦਾਊਦ ਦੀ ਤਰਾਂ ਸਾਡੀ ਪ੍ਰਤਿਕਿਰਿਆ ਕੀ ਹੋਵੇਗੀ?**

*ਇਹ ਗਿਆਨ ਮੇਰੇ ਲਈ ਅਚਰਜ਼ ਹੈ, ਉਹ ਉੱਚਾ ਹੈ, ਮੈਂ ਉਹ ਦੇ ਜੋਗ ਨਹੀਂ।* ***(ਜ਼ਬੂਰ 139:6)***

ਆਉਣ ਵਾਲੇ ਸੰਸਾਰ ਵਿੱਚ ਮਸੀਹ ਜੀਵਨ ਦੀ ਨਦੀ ਦੇ ਕਿਨਾਰੇ ਛੁਡਾਏ ਹੋਇਆਂ ਦੀ ਅਗਵਾਈ ਕਰੇਗਾ ਅਤੇ ਉਹਨਾਂ ਨੂੰ ਸੱਚਾਈ ਦੇ ਅਦਭੁਦ ਪਾਠਾਂ ਨੂੰ ਸਿਖਾਵੇਗਾ। ਉਹ ਉਹਨਾਂ ਦੇ ਸਾਹਮਣੇ ਕੁਦਰਤ ਦੇ ਭੇਤਾਂ ਨੂੰ ਜ਼ਾਹਿਰ ਕਰੇਗਾ। ਉਹ ਦੇਖਣਗੇ ਕਿ ਇੱਕ ਪ੍ਰਮੁੱਖ ਹੱਥ ਸੰਸਾਰ ਨੂੰ ਸਥਿਤੀ ਦੇ ਵਿੱਚ ਬਣਾਈ ਰੱਖਦਾ ਹੈ। ਉਹ ਮੈਦਾਨ ਦੇ ਫੁੱਲਾਂ ਨੂੰ ਰੰਗਨ ਵਿੱਚ ਮਹਾਨ ਕਲਾਕਾਰ ਦੁਆਰਾ ਪ੍ਰਦਰਸ਼ਿਤ ਖ਼ੂਬੀ ਨੂੰ ਦੇਖਣਗੇ, ਅਤੇ ਦਿਆਲੂ ਪਿਤਾ ਦੇ ਉਦੇਸ਼ਾਂ ਦੇ ਬਾਰੇ ਜਾਣਨਗੇ, ਜੋ ਪ੍ਰਕਾਸ਼ ਦੇ ਹਰੇਕ ਕਿਰਨ ਨੂੰ ਅੱਡ ਕਰਦਾ ਹੈ, ਅਤੇ ਸਵਰਗ ਦੂਤਾਂ ਦੇ ਨਾਲ ਛੁੱਟਕਾਰਾ ਪਾਏ ਹੋਏ ਧੰਨਵਾਦੀ ਵਡਿਆਈ ਦੇ ਗੀਤਾਂ ਵਿੱਚ ਇਸ ਨਾ-ਸ਼ੁੱਕਰੇ ਸੰਸਾਰ ਦੇ ਲਈ ਪਰਮੇਸ਼ੁਰ ਦੇ ਸਰਵ-ਉੱਤਮ ਪਿਆਰ ਨੂੰ ਜਾਣਨਗੇ। ਤਦ ਇਹ ਸਮਝਿਆ ਜਾਵੇਗਾ ਕਿ "ਪਰਮੇਸ਼ੁਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂਕਿ ਜੋ ਕੋਈ ਉਸ ਉੱਤੇ ਵਿਸ਼ਵਾਸ ਕਰੇ, ਨਾਸ਼ ਨਾ ਹੋਵੇ ਬਲਕਿ ਹਮੇਸ਼ਾ ਦਾ ਜੀਵਨ ਪਾਏ।

**(4) ਮੁਕਤੀ ਦੇ ਅਦਭੁਦ ਦਾਨ ਨੂੰ ਪ੍ਰਾਪਤ ਕਰਨ ਦੇ ਲਈ ਧਰਤੀ ਉੱਤੇ ਪਰਮੇਸ਼ੁਰ ਦੇ ਹਰੇਕ ਬੱਚੇ ਦਾ ਹਿਰਦਾ ਤਿਆਰ ਕਰਨ ਦੇ ਲਈ ਮਸੀਹ ਕੀ ਕਰਦਾ ਹੈ?**

***ਮੈਂ ਵੀ ਇਸ ਸੰਸਾਰ ਤੋਂ ਉੱਚਾ ਕੀਤਾ ਜਾਂਵਾਂਗਾ ਅਤੇ ਜਦੋਂ ਇਉਂ ਹੋਵੇਗਾ ਤਾਂ ਸਾਰੇ ਲੋਕਾਂ ਨੂੰ ਆਪਣੇ ਵੱਲ ਖਿੱਚਾਂਗਾ।" (ਯੂਹੰਨਾ12:32)***

ਮਸੀਹ ਸਾਰੇ ਮਨੁੱਖਾਂ ਦੇ ਹਿਰਦਿਆਂ ਨੂੰ ਆਪਣੇ ਵੱਲ ਖਿੱਚਣ ਦੇ ਲਈ, ਸੰਸਾਰ ਵਿੱਚ ਪਰਮੇਸ਼ੁਰ ਦੇ ਪਿਆਰ ਨੂੰ ਪ੍ਰਗਟ ਕਰਨ ਦੇ ਲਈ ਆਇਆ ਸੀ। ਉਸਨੇ ਕਿਹਾ, "ਮੈਂ ਵੀ ਇਸ ਸੰਸਾਰ ਤੋਂ ਉੱਚਾ ਕੀਤਾ ਜਾਂਵਾਂਗਾ ਅਤੇ ਜਦੋਂ ਇਉਂ ਹੋਵੇਗਾ ਤਾਂ ਸਾਰੇ ਲੋਕਾਂ ਨੂੰ ਆਪਣੇ ਵੱਲ ਖਿੱਚਾਂਗਾ।" (ਯੂਹੰਨਾ 12:32) ਮੁੱਕਤੀ ਦੇ ਵੱਲ ਪਹਿਲਾਂ ਕਦਮ ਮਸੀਹ ਦੇ ਪਿਆਰ ਦੇ ਪ੍ਰਗਟੀਕਰਨ ਦੇ ਪ੍ਰਤੀ ਪ੍ਰਤੀਕਿਰਿਆ ਕਰਨਾ ਹੈ। {1SM 323}

**(5) ਜੇਕਰ ਅਸੀਂ ਸਵੀਕਾਰ ਕਰਦੇ ਹਾਂ, ਅਤੇ ਸਾਡੇ ਵਿੱਚ ਉਸਦੀ ਸ਼ਾਂਤੀ ਨੂੰ ਪ੍ਰਦਾਨ ਕਰਨ ਅਤੇ ਸਾਡੀਆਂ ਜ਼ਿੰਦਗੀਆਂ ਨੂੰ ਅਗਵਾਈ ਦੇਣ ਦੀ ਅਨੁਮਤੀ ਦਿੰਦੇ ਹਾਂ ਤਾਂ ਪਰਮੇਸ਼ੁਰ ਸਾਨੂੰ ਮਸੀਹ ਦੇ ਦੁਆਰਾ ਕਿਹੜਾ ਦਾਨ ਦਿੰਦਾ ਹੈ?**

***ਉਸੇ ਨੂੰ ਪਰਮੇਸ਼ੁਰ ਨੇ ਆਪਣੇ ਸੱਜੇ ਹੱਥ ਨਾਲ ਅੱਤ ਉੱਚਾ ਕਰ ਕੇ ਪ੍ਰਭੂ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ਉਹ ਇਸਰਾਏਲ ਨੂੰ ਤੋਬਾ ਅਤੇ ਪਾਪਾਂ ਦੀ ਮਾਫ਼ੀ ਬਖ਼ਸ਼ੇ। (ਰਸੂਲਾਂ ਦੇ ਕਰਤੱਬ 5:31)***

ਪਰਮੇਸ਼ੁਰ ਲੋਕਾਂ ਨੂੰ ਇੱਕ ਸੰਦੇਸ਼ ਦੇ ਬਾਅਦ ਦੂਸਰਾ ਭੇਜਦੇ ਹਨ, ਅਤੇ ਉਹਨਾਂ ਨੂੰ ਬੇਨਤੀ ਕਰਦਾ ਹੈ, ਕਿ ਉਹ ਉਹਨਾਂ ਨੂੰ ਮਾਫ ਕਰ ਦੇਵੇ ਅਤੇ ਉਹਨਾਂ ਦੇ ਨਾਵਾਂ ਦੇ ਸਾਹਮਣੇ ਮੁਆਫੀ ਲਿਖ ਦੇਵੇ। ਕੀ ਕੋਈ ਤੌਬਾ ਨਹੀਂ ਹੋਵੇਗੀ? ਕੀ ਉਸਦੀ ਤਗੀਦ ਅਣਸੁਣੀ ਕਰ ਦਿੱਤੀ ਜਾਵੇਗੀ? ਕੀ ਉਸਦੀ ਦਯਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ, ਅਤੇ ਉਸਦੇ ਪਿਆਰ ਨੂੰ ਪੂਰੀ ਤਰਾਂ ਖਾਰਿਜ ਕਰ ਦਿੱਤਾ ਜਾਵੇਗਾ? ਔਹ, ਤਦ ਮਨੁੱਖ ਆਪਣੇ ਆਪ ਨੂੰ ਉਸ ਮਾਧਿਅਮ ਤੋਂ ਕੱਟ ਲਵੇਗਾ ਜਿਸ ਦੁਆਰਾ ਉਸ ਅਨੰਤ ਜੀਵਨ ਪ੍ਰਾਪਤ ਕਰ ਸਕਦਾ ਹੈ; ਕਿਉਂਕਿ ਤੌਬਾ

ਕਰਨ ਵਾਲੇ ਨੂੰ ਕੇਵਲ ਪਰਮੇਸ਼ੁਰ ਹੀ ਮਾਫ ਕਰ ਸਕਦਾ ਹੈ!

ਆਪਣੇ ਪਿਆਰ ਦੇ ਪ੍ਰਗਟੀਕਰਨ ਦੁਆਰਾ, ਆਪਣੇ ਆਤਮਾ ਦੀ ਬੇਨਤੀ ਦੁਆਰਾ, ਉਹ ਲੋਕਾਂ ਨੂੰ ਤੌਬਾ ਦੇ ਲਈ ਖਿੱਚਦਾ ਹੈ; ਕਿਉਂਕਿ ਤੌਬਾ ਪਰਮੇਸ਼ੁਰ ਦਾ ਦਾਨ ਹੈ, ਉਹ ਜਿਸਨੂੰ ਵੀ ਮਾਫ ਕਰਦਾ ਹੈ, ਉਹ ਪਹਿਲਾਂ ਤੌਬਾ ਕਰਵਾਉਂਦਾ ਹੈ। ਇਨਸਾਨ ਨੂੰ ਸਭ ਤੋਂ ਮਿੱਠਾ ਅਨੰਦ ਉਦੋਂ ਆਉਂਦਾ ਹੈ ਜਦੋਂ ਉਹ ਗੰਭੀਰਤਾ ਦੇ ਨਾਲ ਪਰਮੇਸ਼ੁਰ ਦੀ ਬਿਵਸਥਾ ਦੇ ਵਿਰੁੱਧ ਕੀਤੇ ਪਾਪਾਂ ਦੇ ਪ੍ਰਤੀ ਪਰਮੇਸ਼ੁਰ ਦੇ ਅੱਗੇ ਮਾਫ਼ੀ ਮੰਗਦਾ ਹੈ, ਅਤੇ ਮਸੀਹ ਵਿੱਚ ਪਾਪੀ ਦੇ ਛੁਡਾਉਣ ਵਾਲੇ ਅਤੇ ਵਿੱਚੋਲੀਏ ਦੇ ਰੂਪ ਵਿੱਚ ਵਿਸ਼ਵਾਸ ਕਰਨ ਦੁਆਰਾ।
ਇਹ ਇਸ ਲਈ ਹੈ ਕੀ ਮਨੁੱਖ ਮਾਫ਼ੀ ਦੇ ਅਨੰਦ, ਅਤੇ ਪਰਮੇਸ਼ੁਰ ਦੀ ਸ਼ਾਂਤੀ ਨੂੰ ਸਮਝ ਸਕੇ, ਕਿ ਮਸੀਹ ਉਹਨਾਂ ਨੂੰ ਆਪਣੇ ਪਿਆਰ ਦੇ ਪ੍ਰਗਟੀਕਰਨ ਦੁਆਰਾ ਆਕਰਸ਼ਿਤ ਕਰਦਾ ਹੈ। ਜੇਕਰ ਉਹ ਉਸਦੇ ਖਿਚਾਵ ਦੇ ਪ੍ਰਤੀ ਪ੍ਰਤਿਕਿਰਿਆ ਕਰਦੇ ਹਨ, ਅਤੇ ਆਪਣੇ ਹਿਰਦੇ ਨੂੰ ਉਸਦੀ ਕਿਰਪਾ ਦੇ ਪ੍ਰਤੀ ਸਮਰਪਿਤ ਕਰਦੇ ਹਨ, ਤਾਂ ਉਹ ਉਹਨਾਂ ਨੂੰ ਕਦਮ ਦਰ ਕਦਮ, ਖ਼ੁਦ ਦੇ ਪੂਰਨ ਗਿਆਨ ਦੀ ਵੱਲ ਅਗਵਾਈ ਕਰੇਗਾ, ਅਤੇ ਇਹ ਅਨੰਤ ਜੀਵਨ ਹੈ।

**(6) ਸੱਚੀ ਤੌਬਾ ਦਾ ਅਨੁਭਵ ਕਰਨ ਤੋਂ ਪਹਿਲਾਂ ਸਾਨੂੰ ਮਸੀਹ ਦੇ ਵੱਲੋਂ ਕਿਸ ਕਿਰਪਾਮਈ ਸੱਦੇ ਦੇ ਪ੍ਰਤੀ ਪ੍ਰਤਿਕਿਰਿਆ ਦੇਣੀ ਚਾਹੀਦੀ ਹੈ?**

***ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। (ਮੱਤੀ***

*11:28)*

ਕੌਣ ਇੱਛੁਕ ਹੈ ਸੱਚਾ ਪਸ਼ਚਾਤਾਪੀ ਬਣਨ ਦੇ ਲਈ? ਉਸਨੂੰ ਕੀ ਕਰਨਾ ਚਾਹੀਦਾ ਹੈ? ਉਹ ਜੈਸਾ ਵੀ ਹੈ, ਬਿਨਾ ਦੇਰ ਕੀਤੇ, ਉਸਨੂੰ ਯਿਸੂ ਦੇ ਕੋਲ ਆਉਣਾ ਚਾਹੀਦਾ ਹੈ। ਉਸਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਮਸੀਹ ਦਾ ਵਚਨ ਸੱਚਾਈ ਹੈ, ਅਤੇ ਉਸਨੂੰ ਵਾਅਦੇ ਉੱਤੇ ਵਿਸ਼ਵਾਸ ਕਰਦੇ ਹੋਏ ਉਸਤੋਂ ਮੰਗੇ ਤਾਂ ਜੋ ਉਹ ਇਸਨੂੰ ਪ੍ਰਾਪਤ ਕਰ ਸਕੇ।

ਜਦੋਂ ਸੱਚੀ ਇੱਛਾ ਲੋਕਾਂ ਨੂੰ ਪ੍ਰਾਥਨਾ ਕਰਨ ਦੇ ਲਈ ਪ੍ਰੇਰਿਤ ਕਰਦੀ ਹੈ, ਤਾਂ ਉਹ ਵਿਅਰਥ ਵਿੱਚ ਪ੍ਰਾਥਨਾ ਨਹੀਂ ਕਰਨਗੇ। ਪਰਮੇਸ਼ੁਰ ਆਪਣੇ ਵਚਨ ਨੂੰ ਪੂਰਾ ਕਰੇਗਾ, ਅਤੇ ਪਰਮੇਸ਼ੁਰ ਦੇ ਵੱਲ ਤੌਬਾ ਕਰਨ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਦੇ ਵੱਲ ਵਿਸ਼ਵਾਸ ਕਰਨ ਦੇ ਲਈ ਲਈ ਪਵਿੱਤਰ ਆਤਮਾ ਨੂੰ ਦੇ ਕੇ ਅਗਵਾਈ ਕਰੇਗਾ। ਉਹ ਪ੍ਰਾਥਨਾ ਕਰੇਗਾ ਅਤੇ ਦੇਖੇਗਾ, ਅਤੇ ਆਪਣੇ ਪਾਪਾਂ ਨੂੰ ਦੂਰ ਕਰੇਗਾ, ਆਪਣੀ ਕੋਸ਼ਿਸ਼ ਦੀ ਸ਼ਕਤੀ ਦੁਆਰਾ,ਪਰਮੇਸ਼ੁਰ ਦੀਆਂ ਆਗਿਆਵਾਂ ਦਾ ਪਾਲਣ ਕਰਨ ਦੇ ਲਈ ਆਪਣੀ ਈਮਾਨਦਾਰੀ ਨੂੰ ਪ੍ਰਗਟ ਕਰੇਗਾ। ਉਹ ਪ੍ਰਾਥਨਾ ਦੇ ਨਾਲ ਵਿਸ਼ਵਾਸ ਨੂੰ ਮਿਲਾਵੇਗਾ, ਅਤੇ ਉਹ ਨਾ ਕੇਵਲ ਵਿਸ਼ਵਾਸ ਕਰੇਗਾ ਬਲਕਿ ਬਿਵਸਥਾ ਦੇ ਨਿਯਮਾਂ ਦਾ ਪਾਲਣ ਕਰੇਗਾ। ਉਹ ਖ਼ੁਦ ਨੂੰ ਮਸੀਹ ਦੇ ਪੱਖ ਦੇ ਸਵਾਲ ਦੇ ਰੂਪ ਵਿੱਚ ਘੋਸ਼ਿਤ ਕਰੇਗਾ। ਉਹ ਉਹਨਾਂ ਸਭ ਆਦਤਾਂ ਅਤੇ ਸੰਗਤੀ ਨੂੰ ਤਿਆਗ ਦੇਵੇਗਾ ਜੋ ਪਰਮੇਸ਼ੁਰ ਤੋਂ ਦਿਲ ਨੂੰ ਖਿੱਚਦੀਆਂ ਹਨ।

**(7) ਭਾਵੇਂ ਬਹੁਤਿਆਂ ਵਿੱਚੋਂ ਕੇਵਲ ਇੱਕ ਹੈ, ਮਸੀਹ ਦੇ ਪਿਆਰ ਦਾ ਸਭ ਤੋਂ ਮਹਾਨ ਪ੍ਰਗਟੀਕਰਨ ਦਾ ਦਾਨ**

## ਪਾਪੀ ਮਨੁੱਖ ਦੇ ਲਈ ਕੀ ਹੈ ਜੋ ਪਾਪ ਦੇ ਸ਼ਰਾਪ ਤੋਂ ਪੀੜਿਤ ਹਨ?

***ਅਤੇ ਪਿਆਰ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪਿਆਰ ਕੀਤਾ, ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਭੇਟ ਅਤੇ ਬਲੀਦਾਨ ਕਰਕੇ ਸੁਗੰਧ ਦੀ ਤਰ੍ਹਾਂ ਦੇ ਦਿੱਤਾ।*** *(ਅਫ਼ਸੀਆਂ 5:2)*

ਮਨੁੱਖ ਦੇ ਪਾਪ ਵਿੱਚ ਡਿੱਗਣ ਨੇ ਸਾਰੇ ਸਵਰਗ ਨੂੰ ਦੁੱਖ ਨਾਲ ਭਰ ਦਿੱਤਾ। ਪਰਮੇਸ਼ੁਰ ਨੇ ਜੋ ਸੰਸਾਰ ਬਣਾਇਆ ਸੀ ਉਹ ਪਾਪ ਦੇ ਸ਼ਰਾਪ ਦੇ ਨਾਲ ਨਾਸ਼ ਹੋ ਗਿਆ ਸੀ ਅਤੇ ਇਸ ਉੱਤੇ ਦੁੱਖ ਅਤੇ ਮੌਤ ਦੇ ਲਈ ਨਾਸ਼ ਹੋਣ ਵਾਲੇ ਪ੍ਰਾਣੀਆਂ ਦਾ ਵਸੇਬਾ ਸੀ। ਬਿਵਸਥਾ ਦੇ ਪ੍ਰਤੀ ਪਾਪ ਕਰਨ ਵਾਲਿਆਂ ਦੇ ਲਈ ਕੋਈ ਬੱਚ ਕੇ ਨਿਕਲਣ ਦਾ ਕੋਈ ਵੀ ਰਸਤਾ ਦਿਖਾਈ ਨਹੀਂ ਦਿੱਤਾ। ਦੂਤਾਂ ਦੇ ਆਪਣੀ ਮਹਿਮਾ ਦੇ ਗੀਤਾਂ ਨੂੰ ਗਾਉਣਾ ਬੰਦ ਕਰ ਦਿੱਤਾ। ਪੂਰੇ ਸਵਰਗ ਵਿੱਚ ਉਸੇ ਵਿਨਾਸ਼ ਦੇ ਲਈ ਦੁੱਖ ਸੀ ਜੋ ਪਾਪ ਨੇ ਕੀਤਾ ਸੀ।

ਪਰਮੇਸ਼ੁਰ ਦਾ ਪੁੱਤਰ, ਸਵਰਗ ਦਾ ਮਹਿਮਾਮਈ ਹੁਕਮਰਾਨ ਜਿਸਨੇ ਪਾਪੀ ਪੀੜ੍ਹੀ ਦੇ ਉੱਤੇ ਤਰਸ ਖਾਦਾ। ਜਦ ਉਸਦੇ ਸਾਹਮਣੇ ਗੁਵਾਚੇ ਹੋਏ ਸੰਸਾਰ ਦੇ ਸ਼ਰਾਪ ਉੱਠ ਖੜੇ ਹੋਏ, ਤਾਂ ਉਸਦਾ ਹਿਰਦਾ ਅਸੀਮ ਕਿਰਪਾ ਦੇ ਨਾਲ ਭਰ ਗਿਆ। ਪਰ ਈਸ਼ਵਰੀ ਪਿਆਰ ਨੇ ਇੱਕ ਐਸੀ ਯੋਜਨਾ ਦੀ ਤਿਆਰ ਕੀਤੀ ਜਿਸਦੇ ਦੁਆਰਾ ਮਨੁੱਖ ਨੂੰ ਛੁਡਾਇਆ ਜਾ ਸਕਦਾ ਸੀ। ਪਰਮੇਸ਼ੁਰ ਦੇ ਟੁੱਟੇ ਹੋਏ ਕਨੂੰਨ ਨੇ ਪਾਪੀ ਦੀ ਮੌਤ ਦੀ ਮੰਗ ਕੀਤੀ। ਪੂਰੇ ਬ੍ਰਹਿਮੰਡ ਵਿੱਚ ਕੇਵਲ ਇੱਕ ਹੀ ਸੀ ਜੋ ਮਨੁੱਖ ਦੀ ਵੱਲੋਂ ਇਸਦੇ ਦਾਅਵਿਆਂ ਨੂੰ ਪੂਰਾ ਕਰ ਸਕਦਾ ਸੀ। ਜਦਕਿ, ਪਰਮੇਸ਼ੁਰ ਦੀ ਬਿਵਸਥਾ ਖ਼ੁਦ ਪਰਮੇਸ਼ੁਰ ਦੇ ਵਾਂਗਰ ਪਵਿੱਤਰ ਹਨ, ਇਸ ਲਈ ਪਰਮੇਸ਼ੁਰ ਦੀ ਤਰਾਂ ਕੇਵਲ ਇੱਕ ਹੀ ਪਾਪਾਂ ਦੇ

ਲਈ ਪ੍ਰਾਸ਼ਚਿੱਤ ਬਣ ਸਕਦਾ ਹੈ। ਮਸੀਹ ਤੋਂ ਇਲਾਵਾ ਹੋਰ ਕੋਈ ਨਹੀਂ, ਜੋ ਪਾਪ ਦੇ ਵਿੱਚ ਡਿੱਗੇ ਹੋਏ ਇਨਸਾਨ ਨੂੰ ਬਿਵਸਥਾ ਦੇ ਸ਼ਰਾਪ ਤੋਂ ਛੁੜਾ ਸਕਦਾ ਸੀ ਅਤੇ ਉਸ ਨੂੰ ਫਿਰ ਤੋਂ ਸਵਰਗ ਦੇ ਨਾਲ ਇੱਕਸਾਰਤਾ ਵਿੱਚ ਲਿਆ ਸਕਦਾ ਸੀ। ਮਸੀਹ ਨੇ ਪਾਪ ਦੇ ਦੋਸ਼ ਅਤੇ ਸ਼ਰਮ ਨੂੰ ਆਪਣੇ ਉੱਪਰ ਲੈ ਲਿਆ—ਪਾਪ ਇੱਕ ਪਵਿੱਤਰ ਪਰਮੇਸ਼ੁਰ ਦੇ ਲਈ ਇੰਨਾ ਘਿਨਾਉਣਾ ਸੀ ਕਿ ਇਸ ਨੇ ਪਿਤਾ ਅਤੇ ਪੁੱਤਰ ਨੂੰ ਅਲੱਗ ਕਰ ਦਿੱਤਾ। ਨਾਸ਼ ਹੋ ਚੁੱਕੀ ਪੀੜ੍ਹੀ ਨੂੰ ਬਚਾਉਣ ਦੇ ਲਈ ਮਸੀਹ ਦੁੱਖ ਦੀ ਗਹਿਰਾਈ ਤੱਕ ਪਹੁੰਚ ਗਿਆ।

**(8)ਯਿਸੂ ਨੇ ਆਪਣੇ ਕੋਲ ਆਉਣ ਵਾਲੇ ਹਰ ਅਯੋਗ ਤੌਬਾ ਕਰਨ ਵਾਲੇ ਪਾਪੀ ਦੇ ਨਾਲ ਕੀ ਵਾਦਾ ਕੀਤਾ ਹੈ?**

***ਜਿਨ੍ਹਾਂ ਲੋਕਾਂ ਨੂੰ ਪਰਮੇਸ਼ੁਰ ਭੇਜਦਾ ਹੈ ਉਹ ਮੇਰੇ ਕੋਲ ਆਉਣਗੇ ਅਤੇ ਮੈਂ ਉਸ ਹਰ ਮਨੁੱਖ ਨੂੰ ਸਵੀਕਾਰ ਕਰਾਂਗਾ, ਬਲਕਿ ਉਸ ਨੂੰ ਕੱਢਾਂਗਾ***
***ਨਹੀਂ।*** *(ਯੂਹੰਨਾ6:37)*

ਪਰ ਬਹੁਤਿਆਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਵਿੱਚ ਵਿਸ਼ਵਾਸ਼ ਦੇ ਕਮੀ ਹੈ, ਅਤੇ ਇਸ ਲਈ ਉਹ ਮਸੀਹ ਤੋਂ ਦੂਰ ਰਹਿੰਦੇ ਹਨ। ਇਹ ਆਤਮਾਵਾਂ ਆਪਣੀ ਲਾਚਾਰ ਯੋਗਤਾ ਦੇ ਵਿੱਚ, ਆਪਣੇ ਆਪ ਨੂੰ ਉਹਨਾਂ ਦੇ ਕਿਰਪਾਲੂ ਮੁਕਤੀਦਾਤੇ ਦੀ ਕਿਰਪਾ ਉੱਤੇ ਸੁੱਟ ਦੇਣ। ਆਪਣੇ ਆਪ ਨੂੰ ਨਹੀਂ ਬਲਕਿ ਮਸੀਹ ਦੇ ਵੱਲ ਦੇਖੋ। ਉਹ ਜੋ ਬਿਮਾਰਾਂ ਨੂੰ ਚੰਗਾ ਕਰਦਾ ਸੀ ਅਤੇ ਦੁਸ਼ਟ ਆਤਮਾਵਾਂ ਨੂੰ ਕੱਢਦਾ ਸੀ, ਜਦ ਉਹ ਮਨੁੱਖਾਂ ਦੇ ਵਿੱਚ ਚੱਲਦਾ ਸੀ, ਉਹ ਅਜੇ ਵੀ ਉਹੀ ਸ਼ਕਤੀਸ਼ਾਲੀ ਮੁਕਤੀਦਾਤਾ ਹੈ। ਉਸਦੇ ਵਾਅਦਿਆਂ ਨੂੰ ਜੀਵਨ ਦੇ ਰੁੱਖ ਦੇ ਪੱਤਿਆਂ ਦੇ ਵਾਂਗ ਸਮਝੋ: “ਮੈਂ ਉਸ ਹਰ ਮਨੁੱਖ ਨੂੰ ਸਵੀਕਾਰ ਕਰਾਂਗਾ,

ਬਲਕਿ ਉਸ ਨੂੰ ਕੱਢਾਂਗਾ ਨਹੀਂ।" ਯੂਹੰਨਾ 6:37। ਜਦੋਂ ਤੁਸੀਂ ਉਸਦੇ ਕੋਲ ਆਉਂਦੇ ਹੋ, ਤਾਂ ਵਿਸ਼ਵਾਸ਼ ਕਰੋ ਕੀ ਉਹ ਤੁਹਾਨੂੰ ਸਵੀਕਾਰ ਕਰਦਾ ਹੈ, ਕਿਉਂਕਿ ਉਸਨੇ ਵਾਅਦਾ ਕੀਤਾ ਹੈ। ਅਜਿਹਾ ਕਰਦਿਆਂ ਤੁਸੀਂ ਕਦੇ ਨਾਸ਼ ਨਹੀਂ ਹੋਵੋਗੇ—ਕਦੇ ਨਹੀਂ।

ਜਦੋਂ ਤੌਬਾ ਕਰਨ ਵਾਲਾ ਪਾਪੀ ਆਪਣੇ ਅਪਰਾਧ ਅਤੇ ਅਯੋਗਤਾ ਦੇ ਪ੍ਰਤੀ ਸੁਚੇਤ ਹੋਕੇ ਮਸੀਹ ਦੇ ਕੋਲ ਇਹ ਮਹਿਸੂਸ ਕਰਦਿਆਂ ਆਉਂਦਾ ਹੈ, ਕੀ ਉਹ ਸਜਾ ਦੇ ਯੋਗ ਹੈ, ਪਰ ਮਸੀਹ ਦੀ ਦਯਾ ਅਤੇ ਉਸਦੇ ਪਿਆਰ ਦੇ ਭਰੋਸਾ ਕਰਦੇ ਹੋਏ, ਉਹ ਦੂਰ ਨਹੀਂ ਹੋਵੇਗਾ। ਪਰਮੇਸ਼ੁਰ ਦਾ ਮਾਫ਼ੀ ਦੇਣ ਵਾਲਾ ਪਿਆਰ ਉੱਚਿਤ ਹੈ ਅਤੇ ਅਨੰਦਮਈ ਸ਼ੁਕਰਾਨਾ ਮੁੱਕਤੀਦਾਤੇ ਦੀ ਅਸੀਮ ਕਿਰਪਾ ਅਤੇ ਪਿਆਰ ਦੇ ਲਈ ਦਿਲ ਵਿੱਚੋਂ ਫੁੱਟ ਨਿਕਲਦਾ ਹੈ। ਸੰਸਾਰ ਦੀ ਉੱਤਪਤੀ ਤੋਂ ਪਹਿਲਾਂ ਸਵਰਗ ਦੀਆਂ ਸਭਾਵਾਂ ਦੇ ਵਿੱਚ ਮਨੁੱਖ ਦੇ ਲਈ ਇਹ ਪ੍ਰਬੰਧ ਕੀਤਾ ਗਿਆ ਸੀ ਕੀ ਮਸੀਹ ਮਨੁੱਖ ਦੇ ਪਾਪ ਦੇ ਦੰਡ ਨੂੰ ਆਪਣੇ ਉੱਪਰ ਲੈ ਲਵੇ ਅਤੇ ਉਸ ਉੱਤੇ ਆਪਣੀ ਧਾਰਮਿਕਤਾ ਨੂੰ ਠਹਿਰਾ ਦੇਵੇ ਅਤੇ ਉਸਨੂੰ ਹੈਰਾਨੀ ਦੇ ਨਾਲ ਭਰ ਦੇਵੇ।

**(9) ਕੋਮਲ ਕਿਰਪਾ ਦੇ ਕਿਸ ਕਾਰਜ ਦੇ ਮਾਧਿਅਮ ਨਾਲ ਮਸੀਹ ਨੇ ਸਾਡੇ ਵਿੱਚੋਂ ਹਰੇਕ ਦੇ ਲਈ ਆਪਣੇ ਬੇਮਿਸਾਲ ਅਤੇ ਬਿਆਨ ਤੋਂ ਬਾਹਰ ਪਿਆਰ ਨੂੰ ਪ੍ਰਗਟ ਕੀਤਾ?**

***ਇਸ ਤੋਂ ਅਸੀਂ ਪਿਆਰ ਨੂੰ ਜਾਣਿਆ ਕਿ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ। (1 ਯੂਹੰਨਾ 3:16)***

ਜਦੋਂ ਮਨ ਕਲਵਰੀ ਦੀ ਸਲੀਬ ਵੱਲ ਖਿੱਚਿਆ ਜਾਂਦਾ ਹੈ, ਤਾਂ ਅਪੂਰਨ ਨਜ਼ਰ ਦੇ ਨਾਲ ਮਸੀਹ ਨੂੰ ਸ਼ਰਮਨਾਕ

ਸਲੀਬ ਉੱਤੇ ਪਹਿਚਾਣਿਆ ਜਾਂਦਾ ਹੈ। ਉਹ ਕਿਉਂ ਮਾਰਿਆ? ਪਾਪ ਦੇ ਨਤੀਜੇ ਦੇ ਕਰਕੇ। ਪਾਪ ਕੀ ਹੈ? ਬਿਵਸਥਾ ਦੇ ਵਿਰੁੱਧ ਪਾਪ। ਤਦ ਪਾਪ ਦੇ ਸੁਭਾਅ ਨੂੰ ਦੇਖਣ ਦੇ ਲਈ ਅੱਖਾਂ ਖੁੱਲ ਜਾਂਦੀਆਂ ਹਨ। ਨੇਮ ਤੋੜਿਆ ਜਾਂਦਾ ਹੈ ਪਰ ਇਹ ਪਾਪੀ ਨੂੰ ਮਾਫ ਨਹੀਂ ਕਰ ਸਕਦਾ। ਇਹ ਸਾਡਾ ਸਕੂਲ ਦਾ ਮਾਸਟਰ ਹੈ ਜੋ ਸਾਨੂੰ ਸਜਾ ਦੇ ਲਈ ਦੋਸ਼ੀ ਠਹਿਰਾ ਰਿਹਾ ਹੈ। ਉਪਾਅ ਕਿੱਥੇ ਹੈ? ਬਿਵਸਥਾ ਸਾਨੂੰ ਮਸੀਹ ਦੇ ਕੋਲ ਲੈ ਕੇ ਜਾਂਦੀ ਹੈ, ਜਿਸਨੂੰ ਸਲੀਬ ਉੱਤੇ ਲਟਕਾ ਦਿੱਤਾ ਗਿਆ ਸੀ ਤਾਂਕਿ ਉਹ ਪਾਪ ਵਿੱਚ ਡਿੱਗੇ ਹੋਏ ਪਾਪੀ ਮਨੁੱਖ ਨੂੰ ਆਪਣੀ ਧਾਰਮਿਕਤਾ ਪ੍ਰਦਾਨ ਕਰਨ ਵਿੱਚ ਸਮਰੱਥੀ ਹੋ ਸਕੇ, ਅਤੇ ਇਸ ਤਰਾਂ ਉਹ ਆਪਣੇ ਧਰਮੀ ਸੁਭਾਅ ਦੇ ਵਿੱਚ ਮਨੁੱਖ ਨੂੰ ਆਪਣੇ ਪਿਤਾ ਦੇ ਸਨਮੁਖ ਪੇਸ਼ ਕਰ ਸਕੇ।

ਮਸੀਹ ਦੇ ਚਰਿੱਤਰ ਦਾ ਦਿਨ ਰਾਤ ਅਧਿਐਨ ਕਰੋ। ਇਹ ਉਹਨਾਂ ਦੀ ਕੋਮਲ ਦਯਾ, ਤੁਹਾਡੀ ਆਤਮਾ ਦੇ ਬੇਮਿਸ਼ਾਲ, ਅਤੇ ਬਿਆਨ ਨਾ ਕੀਤੇ ਜਾ ਸਕਣ ਵਾਲਾ ਪਿਆਰ ਹੈ, ਜਿਸਨੇ ਉਸਨੂੰ ਧਰਤੀ ਦੀ ਸਾਰੀ ਸ਼ਰਮ, ਦੂਰਵਚਨ, ਫਜੀਹਤ ਅਤੇ ਗਲਤਫ਼ਹਿਮੀ ਨੂੰ ਸਹਿਣ ਕਰਨ ਦੇ ਲਈ ਚਲਾਇਆ। ਉਸਦੇ ਨੇੜੇ ਪਹੁੰਚੋ, ਉਸਦੇ ਹੱਥਾਂ ਅਤੇ ਪੈਰਾਂ ਨੂੰ ਦੇਖੋ, ਉਹ ਸਾਡੇ ਅਪਰਾਧਾਂ ਦੇ ਕੁੱਚਲਿਆ ਅਤੇ ਘਾਇਲ ਕੀਤਾ ਗਿਆ, ਸਾਡੀ ਸ਼ਾਂਤੀ ਦੇ ਕਾਰਣ ਉਸ ਉੱਤੇ ਤਾੜਨਾ ਪੈ; ਅਤੇ ਉਸਦੇ ਕੋੜ੍ਹੇ ਖਾਣ ਦੇ ਨਾਲ, ਅਸੀਂ ਚੰਗੇ ਕੀਤੇ ਗਏ।

ਸਮਾਂ ਨਾ ਗਵਾਓ, ਇੱਕ ਹੋਰ ਦਿਨ ਨੂੰ ਅਨੰਤ ਕਾਲ ਵਿੱਚ ਨਾ ਜਾਣ ਦਿਓ, ਪਰ ਜਿਵੇਂ ਵੀ ਤੁਸੀਂ ਹੋ, ਤੁਹਾਡੀ ਹੋਈ ਵੀ ਕੰਮਜ਼ੋਰੀ ਹੋਵੇ, ਤੁਹਾਡੀ ਅਯੋਗਤਾ, ਤੁਹਾਡੀ ਨਕਾਰਿਆ ਜਾਣਾ, ਹੁਣ ਆਉਣ ਵਿੱਚ ਦੇਰੀ ਨਾ ਕਰੋ...ਯਿਸੂ ਦੀ ਬੁਲਾਹਟ ਇਹ ਹੈ ਕਿ ਉਸਦੇ ਕੋਲ ਆਵੇਂ, ਅਤੇ ਤਾਜ ਦੀ ਮਹਿਮਾ ਦਾ ਪ੍ਰਦਰਸ਼ਨ, ਜੋ ਕਦੇ ਵੀ ਮੁਰਝਾਉਂਦਾ ਨਹੀਂ, ਜੀਵਨ, ਹਮੇਸ਼ਾ ਦਾ ਜੀਵਨ ਜਿਸਨੂੰ ਪਰਮੇਸ਼ੁਰ ਦੇ ਜੀਵਨ

ਨਾਲ ਮਾਪਿਆ ਜਾਂਦਾ ਹੈ, ਜੋ ਕਿ ਤੁਹਾਡੇ ਅਟੁੱਟ ਪਿਆਰ ਦੇ ਨਾਲ ਉਸਦੀ ਸੇਵਾ ਕਰਨ ਦੇ ਲਈ ਤੁਹਾਨੂੰ ਅਗਵਾਈ ਕਰਨ ਦੇ ਲਈ ਕਾਫੀ ਪ੍ਰੇਰਣਾ ਨਹੀਂ ਹੈ।

**(10) ਕਿਸਦੇ ਲਈ ਮਸੀਹ ਨੇ ਪਾਪ ਦੇ ਘੋਰ ਦੁੱਖਦਾਈ ਸ਼ਰਾਪ ਨੂੰ ਸਹਿਣ ਕੀਤਾ?**

***ਅਤੇ ਉਹ ਸਾਡੇ ਪਾਪਾਂ ਦਾ ਪ੍ਰਾਸਚਿੱਤ ਹੈ ਪਰ ਸਿਰਫ਼ ਸਾਡਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ। (1 ਯੂਹੰਨਾ 2:2)***

ਮਨੁੱਖ ਪਾਪ-ਚੁਕਾਉਣ ਵਾਲਾ ਨਹੀਂ ਬਣਾਇਆ ਗਿਆ ਹੈ, ਅਤੇ ਉਹ ਕਦੇ ਵੀ ਪਾਪ ਦੇ ਸਰਾਪ ਦੀ ਦਹਿਸ਼ਤ ਨੂੰ ਨਹੀਂ ਸਹਿ ਸਕੇਗਾ ਜਿਸਨੂੰ ਮੁਕਤੀਦਾਤੇ ਨੇ ਸਹਿਣ ਕੀਤਾ ਸੀ। ਕੋਈ ਦੂਸਰਾ ਦੁੱਖ ਉਸਦੇ ਦੁੱਖ ਦੇ ਨਾਲ ਤੁਲਨਾ ਨਹੀਂ ਕਰ ਸਕਦਾ ਜਿਸ ਉੱਤੇ ਪਰਮੇਸ਼ੁਰ ਦਾ ਕ੍ਰੋਧ ਭਾਰੀ ਸ਼ਕਤੀ ਨਾਲ ਡਿੱਗ ਪਿਆ। ਮਨੁੱਖੀ ਸੁਭਾਅ ਕਸ਼ਟ ਅਤੇ ਅਜ਼ਮਾਇਸ਼ ਦੀ ਇੱਕ ਨਿਰਧਾਰਿਤ ਸੀਮਾ ਤੱਕ ਹੀ  ਸਹਿ ਸਕਦਾ ਹੈ। ਸੀਮਤ ਹੀ ਸੀਮਤ ਦੇ ਮਾਪਦੰਡਾਂ ਨੂੰ ਸਹਿ ਸਕਦੀ ਹੈ, ਅਤੇ ਮਨੁੱਖੀ ਸੁਭਾਅ ਦਮ ਛੱਡ ਜਾਂਦਾ ਹੈ; ਪਰ ਮਸੀਹ ਦੇ ਸੁਭਾਅ ਵਿੱਚ ਦੁੱਖ ਝੱਲਣ ਦੀ ਵਧੇਰੇ ਸਮਰੱਥਾ ਸੀ; ਮਨੁੱਖ ਦੇ ਵਿੱਚ ਰੱਬੀ ਸੁਭਾਅ ਦੀ ਹੋਂਦ ਸੀ, ਅਤੇ ਇਸ ਨੇ ਇੱਕ ਗੁਵਾਚੀ ਹੋਈ ਦੁਨੀਆ ਦੇ ਪਾਪਾਂ ਦੇ ਪਰਿਣਾਮ ਵਜੋਂ ਹੋਣ ਵਾਲੀ ਪੀੜ ਨੂੰ ਸਹਿਣ ਦੀ ਸ਼ਕਤੀ ਪੈਦਾ ਕੀਤੀ। ਉਹ ਦੁੱਖ ਜਿਸਨੂੰ ਮਸੀਹ ਨੇ ਸਹਿਣ ਕੀਤਾ, ਵੱਧਦਾ, ਗਹਿਰਾ ਹੁੰਦਾ ਹੈ, ਅਤੇ ਪਾਪ ਦੀ ਸੁਭਾਅ ਦੀ ਅਤੇ ਹੋਰ ਵਿਸਥਾਰਿਤ ਧਾਰਨਾ ਦਿੰਦਾ ਹੈ, ਪ੍ਰਤੀਫਲ ਦਾ ਸੁਭਾਅ ਜੋ ਪਰਮੇਸ਼ੁਰ ਪਾਪ ਵਿੱਚ ਬਣੇ ਰਹਿਣ ਵਾਲਿਆਂ ਤੇ ਲਿਆਵੇਗਾ। ਪਾਪ ਦੀ ਮਜ਼ਦੂਰੀ ਮੌਤ ਹੈ, ਪਰ ਪਰਮੇਸ਼ੁਰ ਦਾ ਵਰਦਾਨ ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਤੌਬਾ ਕਰਨ ਅਤੇ ਵਿਸ਼ਵਾਸ ਕਰਨ ਵਾਲੇ ਪਾਪੀਆਂ ਦੇ

ਲਈ ਸਦੀਪਕ ਜੀਵਨ ਹੈ। ਸਾਡਾ ਪਰਮੇਸ਼ੁਰ ਕਹਿੰਦਾ ਹੈ, ਪਾਪ ਦੇ ਦੋਸ਼ ਹੇਠਾਂ ਇਹ ਯਾਦ ਰੱਖੋ ਕਿ ਮੈਂ ਤੁਹਾਡੇ ਲਈ ਮਰਿਆ। ਜਦੋਂ ਤੁਸੀਂ ਮੇਰੇ ਲਈ ਅਤੇ ਸੁਸਮਾਚਾਰ ਦੇ ਲਈ ਪੀੜਿਤ ਅਤੇ ਸਤਾਏ ਜਾਓ, ਤਾਂ ਮੇਰੇ ਪਿਆਰ ਨੂੰ ਯਾਦ ਰੱਖਣਾ, ਜੋ ਕਿ ਇੰਨਾ ਮਹਾਨ ਹੈ ਕਿ ਮੈਂ ਤੁਹਾਡੇ ਲਈ ਆਪਣੀ ਜਾਨ ਨੂੰ ਦੇ ਦਿੱਤਾ। ਜਦੋਂ ਤੁਹਾਡੇ ਕੰਮ ਕਠੋਰ ਅਤੇ ਮੁਸ਼ਕਿਲ ਲੱਗਣ, ਅਤੇ ਤੁਹਾਡੇ ਬੋਝ ਚੁੱਕੇ ਜਾਣ ਵਿੱਚ ਭਾਰੀ ਹੋ ਜਾਣ, ਤਾਂ ਯਾਦ ਰੱਖਣਾ ਕਿ ਮੈਂ ਤੁਹਾਡੇ ਲਈ ਸ਼ਰਮਿੰਦਗੀ ਨੂੰ ਘ੍ਰਿਣਾ ਕਰਦਿਆਂ ਸਲੀਬ ਨੂੰ ਸਹਾਰਿਆ। ਜਦੋਂ ਤੁਹਾਡਾ ਦਿਲ ਔਖੀ ਪ੍ਰੀਖਿਆ ਤੋਂ ਡੋਲਦਾ ਹੈ, ਤਾਂ ਯਾਦ ਰੱਖੋ ਕਿ ਤੁਹਾਡਾ ਮੁੱਕਤੀਦਾਤਾ ਤੁਹਾਡੇ ਲਈ ਹਿਮਾਇਤ ਕਰਨ ਦੇ ਲਈ ਜੀਵਿਤ ਹੈ।

**(11) ਜਦੋਂ ਅਸੀਂ ਕਿਸ ਪ੍ਰਕਾਰ ਦੀ ਸਥਿਤੀ ਦੇ ਵਿੱਚ ਹੁੰਦੇ ਹਾਂ, ਤਾਂ ਪ੍ਰਭੂ ਸ੍ਵੈ-ਇੱਛਾ ਦੇ ਨਾਲ ਸਾਡੇ ਉੱਤੇ ਉਸਦੀ ਕਿਰਪਾ ਦੇ ਦਾਨ, ਜਿਸਦੇ ਅਸੀਂ ਅਯੋਗ ਹਾਂ ਨੂੰ ਦਰਸਾਉਂਦਾ ਹੈ?**

***ਪ੍ਰੰਤੂ ਪਰਮੇਸ਼ੁਰ ਆਪਣਾ ਪਿਆਰ ਸਾਡੇ ਉੱਤੇ ਇਸ ਤਰ੍ਹਾਂ ਪਰਗਟ ਕਰਦਾ ਹੈ, ਕਿ ਜਦੋਂ ਅਸੀਂ ਪਾਪੀ ਹੀ ਸੀ, ਤਾਂ ਮਸੀਹ ਸਾਡੇ ਲਈ ਮਰਿਆ। (ਰੋਮੀਆਂ ਨੂੰ 5:8)***

ਇਸ ਲਈ ਨਹੀਂ ਕਿ ਅਸੀਂ ਪਹਿਲੇ ਉਸਦੇ ਨਾਲ ਪਿਆਰ ਕੀਤਾ, ਬਲਕਿ ਉਸਨੇ ਕੀਤਾ; ਪਰ ਜਦੋਂ ਅਸੀਂ ਪਾਪੀ ਹੀ ਸੀ, ਉਹ ਸਾਡੇ ਲਈ ਮਰਿਆ। ਉਹ ਸਾਡੇ ਨਾਲ ਸਾਡੇ ਪਾਪਾਂ ਦੇ ਅਨੁਸਾਰ ਵਿਵਹਾਰ ਨਹੀਂ ਕਰਦਾ। ਭਾਵੇਂ ਸਾਡੇ ਪਾਪ ਨਿੰਦਣ ਦੇ ਯੋਗ ਹਨ, ਪਰ ਉਹ ਸਾਨੂੰ ਦੋਸ਼ੀ ਨਹੀਂ ਠਹਿਰਾਉਂਦਾ ਹੈ। ਸਾਲ ਦਰ ਸਾਲ ਉਸਨੇ ਸਾਡੀ ਕਮਜ਼ੋਰੀ, ਅਤੇ ਅਗਿਆਨਤਾ, ਸਾਡੇ ਨਾ-ਸ਼ੁੱਕਰੇਪਨ ਅਤੇ ਹੱਠੀਪਨ ਨੂੰ ਝਲਿਆ ਹੈ। ਸਾਡੇ ਭੱਟਕਣ, ਸਾਡੇ ਹਿਰਦੇ ਦੇ ਸਖਤਪਨ, ਸਾਡਾ ਉਸਦੇ ਪਵਿੱਤਰ ਵਚਨ ਨੂੰ ਨਕਾਰਨ ਦੇ

ਬਾਵਜੂਦ ਵੀ, ਉਸਦਾ ਹੱਥ ਅਜੇ ਵੀ ਫੈਲਾਇਆ ਹੋਇਆ ਹੈ।

ਕਿਰਪਾ ਪਰਮੇਸ਼ੁਰ ਦਾ ਇੱਕ ਗੁਣ ਹੈ ਜੋ ਅਯੋਗ ਮਨੁੱਖਾਂ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ। ਅਸੀਂ ਉਸ ਨੂੰ ਨਹੀਂ ਭਾਲਿਆ ਬਲਕਿ ਉਸਨੂੰ ਸਾਨੂੰ ਭਾਲਣ ਦੇ ਲਈ ਭੇਜਿਆ ਗਿਆ। ਪਰਮੇਸ਼ੁਰ ਸਾਨੂੰ ਉਸਦੀ ਕਿਰਪਾ ਪ੍ਰਦਾਨ ਕਰਨ ਦੇ ਵਿੱਚ ਅਨੰਦ ਹੁੰਦਾ ਹੈ, ਇਸ ਲਈ ਨਹੀਂ ਕਿ ਅਸੀਂ ਇਸਦੇ ਯੋਗ ਹਾਂ, ਬਲਕਿ ਇਸ ਲਈ ਕਿ ਅਸੀਂ ਪੂਰੀ ਤਰਾਂ ਅਯੋਗ ਹਾਂ। ਉਸਦੀ ਦਯਾ ਦੇ ਲਈ ਸਾਡਾ ਇੱਕਮਾਤਰ ਦਾਅਵਾ ਸਾਡੀ ਵੱਡੀ ਜ਼ਰੂਰਤ ਹੈ।

**(12) ਜਦੋਂ ਸੁਸਮਾਚਾਰ ਦੇ ਸੰਦੇਸ਼ ਵਿੱਚ ਸਲੀਬ ਦੇ ਅਦਭੁਤ ਵਰਦਾਨ ਦਾ ਪ੍ਰਚਾਰ ਕੀਤਾ ਜਾਂਦਾ ਹੈ, ਤਾਂ ਇਹ ਕਿਸ ਦਾ ਧਿਆਨ ਖਿੱਚਦਾ ਹੈ?**

***... ਜਿਹਨਾਂ ਸਵਰਗ ਤੋਂ ਭੇਜੇ ਗਏ ਪਵਿੱਤਰ ਆਤਮਾ ਨਾਲ ਤੁਹਾਨੂੰ ਖੁਸ਼ਖਬਰੀ ਸੁਣਾਈ ਅਤੇ ਸਵਰਗ ਦੂਤ ਵੱਡੀ ਇੱਛਾ ਨਾਲ ਇਹਨਾਂ ਗੱਲਾਂ ਦਾ ਪਤਾ ਕਰਨਾ ਚਾਹੁੰਦੇ ਹਨ। (1 ਪਤਰਸ 1:12)***

ਛੁੱਟਕਾਰੇ ਦੀ ਯੋਜਨਾ, ਜਿਸਦੇ ਦੁਆਰਾ ਦਿਆਲੂ ਰੂਹਾਨੀ-ਮਨੁੱਖ ਅਤੇ ਮੁੱਕਤੀਦਾਤੇ ਨੇ ਮਨੁੱਖ ਨੂੰ ਪਾਪ ਦੇ ਜਾਲ ਤੋਂ ਬਚਾਇਆ, ਮਨੁੱਖਾਂ ਅਤੇ ਸਵਰਗਦੂਤਾਂ ਦੀ ਸਮਝ ਤੋਂ ਪਰੇ ਹੈ। ਇਹ ਇੱਕ ਅਜਿਹਾ ਸ੍ਰੇਸ਼ਟ ਭੇਤ ਹੈ ਜੋ ਕਿ ਐਨਾ ਵੱਡਾ ਹੈ, ਅਤੇ ਐਨਾ ਪ੍ਰਭਾਵਸ਼ਾਲੀ ਹੈ, ਜਿਸਨੂੰ ਅਸੀਂ ਪੂਰੀ ਤਰਾਂ ਸਮਝਣ ਦੇ ਲਈ ਕਦੇ ਵੀ ਆਸ ਨਹੀਂ ਕਰ ਸਕਦੇ। ਪਾਪੀ ਮਨੁੱਖ ਦੇ ਲਈ ਮਸੀਹ ਦੇ ਬਲੀਦਾਨ ਦੇ ਤੁੱਲ ਕੋਈ ਨਹੀਂ ਹੈ। ਇਹ ਸਭ ਤੋਂ ਉੱਚਾ ਅਤੇ ਪਵਿੱਤਰ ਵਿਸ਼ੇ ਹੈ, ਜਿਸਦੇ ਵੱਲ ਅਸੀਂ ਧਿਆਨ ਲਗਾ ਸਕਦੇ ਹਾਂ। ਹਰੇਕ

ਹਿਰਦਾ ਜੋ ਪਰਮੇਸ਼ੁਰ ਦੀ ਕਿਰਪਾ ਦੇ ਨਾਲ ਬੇਦਾਰ ਹੈ ਉਹ ਅਨੰਤ ਬਲੀਦਾਨ ਦੇ ਲਈ ਮੁੱਕਤੀਦਾਤੇ ਦੇ ਸਾਹਮਣੇ, ਬਿਆਨ ਤੋਂ ਬਾਹਰ ਸ਼ੁੱਕਰਾਨੇ ਅਤੇ ਵਡਿਆਈ ਦੇ ਨਾਲ ਝੁੱਕਣ ਦੇ ਲਈ ਮਜ਼ਬੂਰ ਹੈ।

*ਮੈਂ ਧੰਨਵਾਦੀ ਹਾਂ ਕਿ ਕੇਵਲ ਮਸੀਹ, ਜੋ ਪਰਮੇਸ਼ੁਰ ਦੇ ਪਿਆਰ ਦੀ ਉੱਚਾਈ ਅਤੇ ਗਹਿਰਾਈ ਨੂੰ ਜਾਣਦਾ ਸੀ। ਉਹ ਸਾਡੇ ਵਿੱਚੋਂ ਇੱਕ ਬਣ ਗਿਆ ਜਿਸਨੇ ਆਪਣੇ ਪਿਆਰ ਨੂੰ ਸਾਡੇ ਉੱਤੇ ਪ੍ਰਗਟ ਕੀਤਾ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਬਹੁਤ ਧੰਨਵਾਦੀ ਹਾਂ ਕਿ ਪਰਮੇਸ਼ੁਰ ਦੇ ਪੁੱਤਰ ਮਸੀਹ ਨੂੰ ਮੇਰੇ ਲਈ ਪਿਆਰ ਅਤੇ ਦਯਾ ਨਾਲ ਛੁਹਿਆ ਗਿਆ ਅਤੇ ਉਹ ਤੋੜੀ ਗਈ ਬਿਵਸਥਾ ਦੀ ਕੀਮਤ ਚੁਕਾਉਣ ਅਤੇ ਮੇਰੇ ਪਾਪ ਅਤੇ ਸ਼ਰਮ ਨੂੰ ਆਪਣੇ ਉੱਪਰ ਲੈਣ ਲਈ ਅਤੇ ਮੈਨੂੰ ਮੇਰੇ ਦੁੱਖ ਦੀ ਗਹਿਰਾਈ ਤੋਂ ਛੁਡਾਉਣ ਦੇ ਲਈ ਤਿਆਰ ਸੀ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਜਿਵੇਂ ਜਿਵੇਂ ਮੈਂ ਮਸੀਹ ਦੇ ਪਿਆਰ ਦੇ ਪ੍ਰਸਿੱਧ ਝਰਨੇ ਨੂੰ ਦੇਖਦਾ ਹਾਂ, ਇਹ ਗਹਿਰਾ ਹੁੰਦਾ ਜਾਂਦਾ ਹੈ ਅਤੇ ਜਿਵੇਂ ਮੈਂ ਇਸਦੀ ਗਹਿਰਾਈ ਦੇ ਵਿੱਚ ਦੇਖਦਾ ਹਾਂ ਇਹ ਚੌੜਾ ਹੋਈ ਜਾਂਦਾ ਹੈ।*

*ਮੈਨੂੰ ਅਹਿਸਾਸ ਹੋਣ ਲਗਾ ਹੈ ਕਿ ਉਸਦੇ ਪਿਆਰ ਦੇ ਅਸੀਮ, ਅਤੇ ਕਿਨਾਰੇ ਰਹਿਤ ਸਮੁੰਦਰ ਨੂੰ ਸਮਝਣਾ*

ਮੁਸ਼ਕਿਲ ਹੈ। ਰਾਜਾ ਦਾਊਦ ਦੀ ਤਰਾਂ ਮੈਨੂੰ ਕਹਿਣਾ ਪਵੇਗਾ, " ਅਜਿਹਾ ਗਿਆਨ ਮੇਰੇ ਲਈ ਬਹੁਤ ਅਦਬੁਤ ਹੈ, ਇਹ ਬਹੁਤ ਉੱਚਾ ਹੈ, ਮੈਂ ਇਸ ਨੂੰ ਸਮਝ ਨਹੀਂ ਸਕਦਾ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਤੌਬਾ ਦੇ ਅਦਬੁਤ ਦਾਨ ਕੇ ਲਈ ਬਹੁਤ ਧੰਨਵਾਦੀ ਹਾਂ ਜੋ ਸਲੀਬ ਉੱਤੇ ਮੇਰੇ ਲਈ ਦਰਸਾਏ ਗਏ ਪਿਆਰ ਨੂੰ ਸਵੀਕਾਰ ਕਰਨਾ ਸੌਖਾ ਬਣਾਉਂਦਾ ਹੈ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮਸੀਹ ਦੇ ਵਿੱਚ ਵਿਸ਼ਵਾਸ ਅਤੇ ਉਸਦੇ ਦੁਆਰਾ ਦਿੱਤੇ ਗਏ ਵਰਦਾਨ ਦੇ ਮਾਧਿਅਮ ਦੇ ਨਾਲ ਮੈਂ ਉਸਦੇ ਦਾਨ ਨੂੰ ਸਵੀਕਾਰ ਕਰਨਾ ਚੁਣਦਾ ਹਾਂ ਅਤੇ ਮੈਂ ਆਪਣੀ ਪੂਰੀ ਇੱਛਾ ਨੂੰ ਆਪਣੇ ਜੀਵਨ ਵਿੱਚ ਉਸਦੀ ਅਗਵਾਈ ਦੇ ਲਈ ਸਮਰਪਿਤ ਕਰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ



## ਅਧਿਆਇ 11
## ਮਸੀਹ ਦਾ ਸ਼ਾਂਤੀ ਦਾ ਵਾਅਦਾ

**(1) ਸਾਡੇ ਲਈ ਆਪਣੇ ਮਹਾਨ ਪਿਆਰ ਦੇ ਕਾਰਣ, ਮਸੀਹ ਨੇ ਆਪਣੇ ਚੇਲਿਆਂ ਨੂੰ ਯੁੱਗਾਂ ਯੁੱਗਾਂ ਤੱਕ ਆਸ਼ਾ ਦਾ ਕਿਹੜਾ ਅਦਬੁਤ ਵਾਅਦਾ ਦਿੱਤਾ ਹੈ?**

***ਉੱਥੇ ਜਾ ਕੇ ਤੇ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਤੋਂ ਬਾਅਦ, ਮੈਂ ਫੇਰ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਂਵਾਂਗਾ। (ਯੂਹੰਨਾ 14:3)***

ਮਸੀਹ ਦੇ ਦੂਸਰੀ ਆਮਦ ਦੇ ਵਾਇਦੇ ਨੂੰ ਉਸਦੇ ਚੇਲਿਆਂ ਦੇ ਮਨਾਂ ਦੇ ਵਿੱਚ ਹਮੇਸ਼ਾ ਤਾਜ਼ਾ ਰੱਖਣਾ ਸੀ। ਉਹੀ ਯਿਸੂ ਜਿਸਨੂੰ ਉਹਨਾਂ ਨੇ ਸਵਰਗ ਉੱਤੇ ਚੜ੍ਹਦਿਆਂ ਦੇਖਿਆ ਸੀ, ਉਹ ਉਹਨਾਂ ਨੂੰ ਆਪਣੇ ਲਈ ਲੈਣ ਦੇ ਲਈ ਵਾਪਿਸ ਆਵੇਗਾ ਜਿਹੜੇ ਧਰਤੀ ਉੱਤੇ ਆਪਣੇ ਆਪ ਨੂੰ ਉਸਦੀ ਸੇਵਾ ਦੇ ਲਈ ਸੌਂਪਦੇ ਹਨ। ਉਹੀ ਅਵਾਜ਼ ਜਿਸਨੇ ਉਹਨਾਂ ਨੂੰ ਕਿਹਾ ਸੀ, "ਦੇਖੋ ਮੈਂ ਹਮੇਸ਼ਾ ਤੁਹਾਡੇ ਸੰਗ ਹਾਂ, ਇੱਥੋਂ ਤੱਕ ਕਿ ਅੰਤ ਤੱਕ," ਉਹਨਾਂ ਨੂੰ ਸਵਰਗ ਦੇ ਰਾਜ ਵਿੱਚ ਉਸਦੀ ਹਜ਼ੂਰੀ ਦੇ ਲਈ ਸਵਾਗਤ ਕਰੇਗੀ।

ਜਿਨ੍ਹਾਂ ਨੇ ਉਸਦੇ ਨਾਲ ਪਿਆਰ ਕੀਤਾ ਅਤੇ ਉਸਦਾ ਇੰਤਜ਼ਾਰ ਕੀਤਾ, ਉਹ ਉਹਨਾਂ ਨੂੰ ਮਹਿਮਾ ਅਤੇ ਸਨਮਾਨ ਅਤੇ ਅਮਰਤਾ ਦਾ ਮੁੱਕਟ ਪਹਿਨਾਵੇਗਾ। ਮਾਰੇ ਹੋਏ ਧਰਮੀ ਆਪਣੀਆਂ ਕਬਰਾਂ ਵਿੱਚੋਂ ਨਿੱਕਲ ਆਉਣਗੇ, ਅਤੇ ਜੋ ਜੀਵਿਤ ਹਨ, ਉਹ ਉਹਨਾਂ ਦੇ ਨਾਲ ਹਵਾ ਦੇ ਵਿੱਚ ਪ੍ਰਭੂ ਦੇ ਨਾਲ ਮਿਲਣ ਦੇ ਲਈ ਉਠਾਏ ਜਾਣਗੇ। ਉਹ ਯਿਸੂ ਦਾ ਸ਼ਬਦ ਸੁਣਨਗੇ, ਜੋ ਕਿਸੀ ਵੀ ਸੰਗੀਤ ਨਾਲੋਂ ਮਿੱਠਾ ਹੈ, ਜੋ ਕਦੇ ਵੀ ਕਿਸੇ ਨਾਸ਼ਵਾਨ ਕੰਨਾਂ ਵਿੱਚ ਨਹੀਂ ਪਿਆ ਹੈ, ਅਤੇ ਉਹ ਉਹਨਾਂ ਨੂੰ ਕਹਿਣਗੇ ਕਿ ਤੁਹਾਡਾ ਯੁੱਧ ਪੂਰਾ ਹੋਇਆ। "ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ ਰਾਜ ਜਗਤ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ, ਉਹ ਦੇ ਵਾਰਿਸ ਹੋਵੋ। ਮੱਤੀ 25;34.

(2) **ਕਿਸ ਨੂੰ ਮਸੀਹ ਨੇ ਸਾਡੇ ਲਈ ਸ਼ਾਂਤੀਦਾਤਾ ਹੋਣ ਦੇ ਲਈ ਅਤੇ ਲਗਾਤਾਰ ਮਸੀਹ ਦੀ ਦੂਸਰੀ ਆਮਦ ਤੱਕ ਸਾਡੇ ਨਾਲ ਰਹਿਣ ਦੇ ਲਈ ਭੇਜਿਆ?**

***ਅਤੇ ਮੈਂ ਪਿਤਾ ਕੋਲੋਂ ਮੰਗਾਂਗਾ ਅਤੇ ਉਹ ਤੁਹਾਡੇ ਲਈ ਦੂਸਰਾ ਸਹਾਇਕ ਦੇਵੇਗਾ।– (ਯੂਹੰਨਾ 14:16)***

ਦਿਲਾਸਾ ਦੇਣ ਵਾਲਾ ਜਿਸਨੂੰ ਮਸੀਹ ਨੇ ਆਪਣੇ ਨਾਮ ਵਿੱਚ ਭੇਜਣ ਦਾ ਵਾਅਦਾ ਕੀਤਾ ਸੀ, ਸਾਡੇ ਨਾਲ ਰਹਿੰਦਾ ਹੈ। ਉਸ ਰਾਹ ਵਿੱਚ ਜਿਹੜਾ ਪਰਮੇਸ਼ੁਰ ਦੇ ਸ਼ਹਿਰ ਦੇ ਵੱਲ ਨੂੰ ਜਾਂਦਾ ਹੈ, ਉੱਥੇ ਅਜਿਹੀਆਂ ਕੋਈ ਮੁਸ਼ਕਿਲਾਂ ਨਹੀਂ ਹਨ, ਜੋ ਉਸ ਉੱਤੇ ਭਰੋਸਾ ਰੱਖਣ ਵਾਲਿਆਂ ਦੇ ਉੱਤੇ ਆ ਸੱਕਣ। ਉੱਥੇ ਅਜਿਹਾ ਕੋਈ ਖ਼ਤਰਾ ਨਹੀਂ ਜਿਸ ਤੋਂ ਉਹ ਬੱਚ ਨਹੀਂ ਸਕਦੇ। ਕੋਈ ਦੁੱਖ ਨਹੀਂ, ਕੋਈ ਸ਼ਿਕਾਇਤ ਨਹੀਂ ਹੈ, ਕੋਈ ਮਨੁੱਖੀ ਕੰਮਜ਼ੋਰੀ ਨਹੀਂ, ਕਿ ਜਿਸਦਾ ਉਸ ਨੇ ਕੋਈ ਇਲਾਜ ਨਹੀਂ ਮੁੱਹਇਆ ਕੀਤਾ।

ਕਿਸੇ ਨੂੰ ਵੀ ਨਿਰਾਸ਼ਾ ਅਤੇ ਉਦਾਸੀ ਵਿੱਚ ਖ਼ੁਦ ਨੂੰ ਤਿਆਗਣ ਦੀ ਜ਼ਰੂਰਤ ਨਹੀਂ ਹੈ। ਸ਼ੈਤਾਨ ਤੁਹਾਡੇ ਕੋਲ ਇੱਕ ਕਰੂਰ ਸੁਝਾਅ ਦੇ ਨਾਲ ਆ ਸਕਦਾ ਹੈ, ਕਿ ਤੁਹਾਡਾ ਮਾਮਲਾ ਨਿਰਾਸ਼ਾਜਨਕ ਹੈ। ਤੁਸੀਂ ਬਚਾਏ ਨਹੀਂ ਜਾ ਸਕਦੇ ।" ਪਰ ਮਸੀਹ ਦੇ ਵਿੱਚ ਤੁਹਾਡੇ ਲਈ ਆਸ਼ਾ ਹੈ। ਪਰਮੇਸ਼ੁਰ ਸਾਨੂੰ ਸਾਡੇ ਬੱਲ ਦੇ ਨਾਲ ਹਾਰਨ ਨਹੀਂ ਦੇਵੇਗਾ। ਉਹ ਸਾਨੂੰ ਉਸਦੇ ਪੱਖ ਦੇ ਕਰੀਬ ਆਉਣ ਦੇ ਲਈ ਕਹਿੰਦਾ ਹੈ। ਅਸੀਂ ਜਿਨ੍ਹਾਂ ਵੀ ਕਠਿਨਾਈਆਂ ਦੇ ਵਿੱਚ ਮਿਹਨਤ ਕਰਦੇ ਹਾਂ, ਜੋ ਆਤਮਾ ਅਤੇ ਸ਼ਰੀਰ ਨੂੰ ਪ੍ਰਭਾਵਿਤ ਕਰਦੀਆਂ ਹਨ, ਉਹ ਸਾਨੂੰ ਉਹਨਾਂ ਤੋਂ ਅਜ਼ਾਦ ਕਰਨ ਦੀ ਉਡੀਕ ਵਿੱਚ ਹੈ।

**(3) ਕਿਸ ਨੂੰ ਸ਼ਾਂਤੀ ਦੇਣ ਵਾਲੇ (ਪਵਿੱਤਰ ਆਤਮਾ) ਦਾ ਪੂਰਾ ਭਾਗ ਦਿੱਤਾ ਜਾਵੇਗਾ?**

***ਹਨਾਨਿਯਾ ਇਹ ਗੱਲਾਂ ਸੁਣਦਿਆਂ ਹੀ ਡਿੱਗ ਗਿਆ ਅਤੇ ਉਹ ਨੇ ਪ੍ਰਾਣ ਛੱਡ ਦਿੱਤੇ ਅਤੇ ਜਿਨ੍ਹਾਂ ਨੇ ਵੀ ਸੁਣਿਆ ਉਨ੍ਹਾਂ ਸਭਨਾਂ ਉੱਤੇ ਵੱਡਾ ਡਰ ਛਾ ਗਿਆ।" (ਰਸੂਲਾਂ ਦੇ ਕਰਤੱਬ 5:32)***

ਮਸੀਹ ਨੇ ਆਪਣੀ ਕਲੀਸੀਆ ਦੇ ਨਾਲ ਪਵਿੱਤਰ ਆਤਮਾ ਦੇ ਦਾਨ ਦਾ ਵਾਅਦਾ ਕੀਤਾ ਹੈ, ਅਤੇ ਉਹ ਵਾਅਦਾ ਸਾਡੇ ਲਈ ਓਨਾ ਹੀ ਹੈ ਜਿੰਨਾਂ ਕੀ ਪਹਿਲੇ ਚੇਲਿਆਂ ਦੇ ਨਾਲ ਸੀ। ਪਰ ਹਰ ਦੂਸਰੇ ਵਾਅਦਿਆਂ ਦੀ ਤਰਾਂ ਇਹ ਵੀ ਸ਼ਰਤਾਂ ਦੇ ਦਿੱਤਾ ਜਾਂਦਾ ਹੈ। ਬਹੁਤ ਸਾਰੇ ਅਜਿਹੇ ਹਨ ਜੋ ਵਿਸ਼ਵਾਸ ਕਰਦੇ ਅਤੇ ਪ੍ਰਭੂ ਦੇ ਵਾਅਦੇ ਦੀ ਘੋਸ਼ਣਾ ਕਰਦੇ ਹਨ; ਉਹ ਮਸੀਹ ਅਤੇ ਪਵਿੱਤਰ ਆਤਮਾ ਦੇ ਬਾਰੇ ਵਿੱਚ ਗੱਲਬਾਤ ਕਰਦੇ ਹਨ, ਪਰ ਫਿਰ ਵੀ ਕੋਈ ਲਾਭ ਪ੍ਰਾਪਤ ਨਹੀਂ ਕਰਦੇ। ਉਹ ਰੱਬੀ ਮਾਧਿਅਮ ਦੁਆਰਾ ਨਿਰਦੇਸ਼ਿਤ ਅਤੇ ਨਿਯੰਤਰਣ ਹੋਣ ਦੇ

ਲਈ ਆਤਮਾ ਨੂੰ ਸਮਰਪਣ ਨਹੀਂ ਕਰਦੇ ਹਨ। ਅਸੀਂ ਪਵਿੱਤਰ ਆਤਮਾ ਦਾ ਇਸਤੇਮਾਲ ਨਹੀਂ ਕਰ ਸਕਦੇ। ਆਤਮਾ ਸਾਨੂੰ ਇਸਤੇਮਾਲ ਕਰਨ ਦੇ ਲਈ ਹੈ। ਆਤਮਾ ਦੇ ਦੁਆਰਾ ਪਰਮੇਸ਼ੁਰ ਆਪਣੇ ਲੋਕਾਂ ਵਿੱਚ "ਆਪਣੀ ਇੱਛਾ ਅਤੇ ਭਲਿਆਈ ਦੇ ਲਈ ਕਾਰਜ ਕਰਦਾ ਹੈ। ਫਿਲਿੱਪੀਆਂ 2:13 ਪਰ ਬਹੁਤ ਸਾਰੇ ਇਸਦੇ ਅਧੀਨ ਨਹੀਂ ਹੋਣਗੇ। ਉਹ ਖ਼ੁਦ ਨੂੰ ਚਲਾਉਣਾ ਚਾਹੁੰਦੇ ਹਨ। ਇਸ ਲਈ ਉਹਨਾਂ ਨੂੰ ਸਵਰਗੀ ਵਰਦਾਨ ਨਹੀਂ ਮਿਲਦੇ ਹਨ। ਇਹ ਉਹਨਾਂ ਨੂੰ ਹੀ ਦਿੱਤਾ ਜਾਂਦਾ ਹੈ ਜੋ ਪਰਮੇਸ਼ੁਰ ਦੀ ਦੀਨਤਾਪੂਰਵਕ ਪਰਮੇਸ਼ੁਰ ਦਾ ਇੰਤਜ਼ਾਰ ਕਰਦੇ ਹਨ, ਜਿਹੜੇ ਉਸਦੇ ਮਾਰਗਦਰਸ਼ਨ ਅਤੇ ਕਿਰਪਾ ਦੀ ਤਾਂਗ ਵਿੱਚ ਲੱਗੇ ਰਹਿੰਦੇ ਹਨ। ਪਰਮੇਸ਼ੁਰ ਦਾ ਬੱਲ ਉਹਨਾਂ ਦੀ ਮੰਗ ਅਤੇ ਸਵਾਗਤ ਦਾ ਇੰਤਜ਼ਾਰ ਕਰ ਰਹੀ ਹੈ। ਇਹ ਵਾਅਦਾ ਕੀਤੀ ਹੋਈ ਬਰਕਤ, ਜੋ ਵਿਸ਼ਵਾਸ ਦੁਆਰਾ ਦਾਅਵਾ ਕੀਤੀ ਗਈ ਹੈ, ਉਹ ਹੋਰ ਦੂਸਰੀਆਂ ਬਰਕਤਾਂ ਨੂੰ ਵੀ ਇਸਦੀ ਸ਼੍ਰੇਣੀ ਵਿੱਚ ਲੈ ਕੇ ਆਉਂਦੀ ਹੈ। ਇਹ ਮਸੀਹ ਦੀ ਕਿਰਪਾ ਦੇ ਧੰਨ ਦੇ ਅਨੁਸਾਰ ਦਿੱਤਾ ਜਾਂਦਾ ਹੈ, ਅਤੇ ਉਹ ਹਰੇਕ ਆਤਮਾ ਦੀ ਪ੍ਰਾਪਤ ਕਰਨ ਦੀ ਯੋਗਤਾ ਦੇ ਅਨੁਸਾਰ ਪ੍ਰਦਾਨ ਕਰਨ ਦੇ ਲਈ ਤਿਆਰ ਹੈ।

ਉਸ ਮਨੁੱਖ ਦੀ ਉਪਯੋਗਤਾ ਦੀ ਕੋਈ ਸੀਮਾ ਨਹੀਂ ਹੈ, ਜੋ ਸ੍ਵੈ ਨੂੰ ਅਲੱਗ ਰੱਖਦੇ ਹੋਏ, ਆਪਣੇ ਹਿਰਦੇ ਵਿੱਚ ਪਵਿੱਤਰ ਆਤਮਾ ਦੇ ਕਾਰਜ ਕਰਨ ਦੇ ਲਈ ਜਗਾ ਬਣਾਉਂਦਾ ਹੈ ਅਤੇ ਪੂਰਨ ਰੂਪ ਵਿੱਚ ਸਮਰਪਿਤ ਜੀਵਨ ਜਿਉਂਦਾ ਹੈ।

**(4) ਜੇਕਰ ਅਸੀਂ ਆਪਣੇ ਜੀਵਨ ਵਿੱਚ ਮਸੀਹ ਦਾ ਇੱਕ ਸਥਾਈ ਮਿਹਮਾਨ ਦੇ ਰੂਪ ਵਿੱਚ ਸਵਾਗਤ ਕਰਦੇ ਹਾਂ ਤਾਂ ਉਹ ਸਾਨੂੰ ਕਿਹੜਾ ਬਹੁਮੁੱਲਾ ਵਰਦਾਨ ਦੇਣ ਦਾ ਵਾਅਦਾ ਕਰਦਾ ਹੈ?**

***"ਮੈਂ ਤੁਹਾਨੂੰ ਸ਼ਾਂਤੀ ਦਿੰਦਾ ਹਾਂ। ਮੈਂ ਆਪਣੀ ਤਸੱਲੀ ਤੁਹਾਨੂੰ ਦਿੰਦਾ ਹਾਂ। ਮੈਂ ਤੁਹਾਨੂੰ ਸੰਸਾਰ ਤੋਂ ਵੱਖਰੀ ਕਿਸਮ ਦੀ ਸ਼ਾਂਤੀ ਦਿੰਦਾ ਹਾਂ, ਇਸ ਲਈ ਤੁਹਾਡੇ ਦਿਲ ਨਾ ਡਰੇ ਅਤੇ ਘਬਰਾਏ।" (ਯੂਹੰਨਾ 14:27)***

ਜਦੋਂ ਅਸੀਂ ਮਸੀਹ ਨੂੰ ਆਤਮਾ ਵਿੱਚ ਇੱਕ ਸਥਾਈ ਮਿਹਮਾਨ ਦੇ ਰੂਪ ਵਿੱਚ ਗ੍ਰਹਿਣ ਕਰਦੇ ਹਾਂ, ਤਾਂ ਪਰਮੇਸ਼ੁਰ ਦੀ ਸ਼ਾਂਤੀ, ਜੋ ਸਾਰੀ ਸਮਝ ਤੋਂ ਪਰੇ ਹੈ, ਉਹ ਸਾਡੇ ਦਿਲ ਅਤੇ ਦਿਮਾਗਾਂ ਨੂੰ ਮਸੀਹ ਯਿਸੂ ਦੇ ਦੁਆਰਾ ਬਣਾਈ ਰੱਖੇਗੀ। ਧਰਤੀ ਉੱਤੇ ਮੁੱਕਤੀਦਾਤੇ ਦਾ ਜੀਵਨ, ਹਾਲਾਕਿ ਸੰਗਰਸ਼ ਦੇ ਵਿੱਚ ਰਿਹਾ, ਪਰ ਉਹ ਸ਼ਾਂਤੀ ਭਰਿਆ ਜੀਵਨ ਸੀ। ਜਦੋਂ ਗੁੱਸੇ ਵਿੱਚ ਆਏ ਲੋਕ ਉਸਦਾ ਪਿੱਛਾ ਕਰ ਰਹੇ ਸਨ, ਉਸਨੇ ਕਿਹਾ, "ਉਹ ਜਿਸ ਨੇ ਮੈਨੂੰ ਭੇਜਿਆ ਮੇਰੇ ਨਾਲ ਹੈ। ਮੈਂ ਹਮੇਸ਼ਾਂ ਉਹੀ ਕਰਦਾ ਹਾਂ ਜੋ ਉਸ ਨੂੰ ਪਸੰਦ ਹੈ, ਇਸ ਲਈ ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ।"ਯੂਹੰਨਾ 8:29 ਮਨੁੱਖੀ ਜਾਂ ਸ਼ੈਤਾਨੀ ਕ੍ਰੋਧ ਦੇ ਕੋਈ ਵੀ ਤੂਫਾਨ ਪਰਮੇਸ਼ੁਰ ਦੇ ਨਾਲ ਉਸ ਪੂਰਨ ਏਕਤਾ ਦੀ ਸ਼ਾਂਤੀ ਨੂੰ ਭੰਗ ਨਹੀਂ ਕਰ ਸਕਦਾ ਸੀ। ਅਤੇ ਉਹ ਸਾਨੂੰ ਕਹਿੰਦਾ ਹੈ, "ਮੈਂ ਤੁਹਾਨੂੰ ਸ਼ਾਂਤੀ ਦਿੰਦਾ ਹਾਂ। ਮੈਂ ਆਪਣੀ ਤਸੱਲੀ ਤੁਹਾਨੂੰ ਦਿੰਦਾ ਹਾਂ। "ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੇਰੇ ਕੋਲੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗਰੀਬ ਹਾਂ ਅਤੇ ਤੁਸੀਂ ਆਪਣੀਆਂ ਜ਼ਿੰਦਗੀਆਂ ਵਿੱਚ ਅਰਾਮ ਪਾਓਗੇ। ਯੂਹੰਨਾ 14:27; ਮੱਤੀ 11:29. ਪਰਮੇਸ਼ੁਰ ਦੀ ਮਹਿਮਾ ਅਤੇ ਮਨੁੱਖਤਾ ਦੀ ਤਰੱਕੀ ਦੇ ਲਈ ਮੇਰੇ ਨਾਲ ਸੇਵਾ ਦਾ ਜੂਲਾ ਸਹਿਣ ਕਰੋ, ਤਦ ਤੁਸੀਂ ਜੂਲੇ ਨੂੰ ਅਸਾਨ ਅਤੇ ਹਲਕਾ ਪਾਓਗੇ।

**(5) ਇਸ ਆਇਤ ਵਿੱਚ ਮਸੀਹ ਦੀ ਉਦਾਹਰਣ ਦੇ ਅਨੁਸਾਰ, ਸਾਨੂੰ ਆਪਣੇ ਬਾਰੇ ਕੀ ਯਾਦ ਰੱਖਣਾ**

**ਚਾਹੀਦਾ ਹੈ ਤਾਂਕਿ ਇਹ ਸਾਡੀ ਸ਼ਾਂਤੀ ਨੂੰ ਨਸ਼ਟ ਨਾ ਕਰੇ?**

***"ਮੈਂ ਆਪਣੇ ਆਪ ਕੁਝ ਨਹੀਂ ਕਰ ਸਕਦਾ। ਮੈਂ ਉਸ ਅਧਾਰ ਤੇ ਨਿਆਂ ਕਰਦਾ ਹਾਂ ਜੋ ਮੈਂ ਪਰਮੇਸ਼ੁਰ ਤੋਂ ਸੁਣਦਾ ਹਾਂ। ਇਸ ਲਈ ਮੇਰਾ ਨਿਆਂ ਠੀਕ ਹੈ। ਕਿਉਂਕਿ ਮੈਂ ਆਪਣੀ ਇੱਛਾ ਅਨੁਸਾਰ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਸਗੋਂ ਮੈਂ ਉਸ ਦੀ ਇੱਛਾ ਅਨੁਸਾਰ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਜਿਸ ਨੇ ਮੈਨੂੰ ਭੇਜਿਆ ਹੈ।***
*(ਯੂਹੰਨਾ 5:30)*

ਇਹ ਖ਼ੁਦ ਦਾ ਪਿਆਰ ਹੈ ਜੋ ਸਾਡੀ ਸ਼ਾਂਤੀ ਨੂੰ ਨਸ਼ਟ ਕਰ ਦਿੰਦਾ ਹੈ। ਜਦਕਿ ਸ੍ਵੈ ਪੂਰੀ ਤਰਾਂ ਜੀਵਿਤ ਹੈ, ਤਾਂ ਅਸੀਂ ਇਸ ਨੂੰ ਠੇਸ ਅਤੇ ਅਪਮਾਨ ਤੋਂ ਬਚਾਉਣ ਦੇ ਲਈ ਤਿਆਰੀ ਵਿੱਚ ਖੜ੍ਹੇ ਰਹਿੰਦੇ ਹੈ; ਪਰ ਜਦੋਂ ਅਸੀਂ ਮਰੇ ਹੋਏ ਹਾਂ, ਅਤੇ ਸਾਡਾ ਜੀਵਨ ਪਰਮੇਸ਼ੁਰ ਵਿੱਚ ਮਸੀਹ ਦੇ ਨਾਲ ਲੁੱਕੇ ਹੋਏ ਹੁੰਦੇ ਹਾਂ, ਤਾਂ ਸਾਨੂੰ ਅਪਮਾਨੀ ਅਤੇ ਤੁੱਛ ਗੱਲਾਂ ਨੂੰ ਆਪਣੇ ਮਨ ਵਿੱਚ ਨਹੀਂ ਰੱਖਣਾ ਚਾਹੀਦਾ ਹੈ।
ਅਸੀਂ ਨਿੰਦਾ ਕਰਨ ਦੇ ਲਈ ਬੋਲੇ ਅਤੇ ਨਕਾਰਨ ਅਤੇ ਅਪਮਾਨ ਕਰਨ ਦੇ ਲਈ ਅੰਨੇ ਹੋਵਾਂਗੇ। "ਪਿਆਰ ਧੀਰਜਵਾਨ ਅਤੇ ਕਿਰਪਾਲੂ ਹੈ। ਪਿਆਰ ਖੁਣਸ ਨਹੀਂ ਕਰਦਾ। ਪਿਆਰ ਫੁੱਲਦਾ ਨਹੀਂ, ਪਿਆਰ ਫੂੰ-ਫੂੰ ਨਹੀਂ ਕਰਦਾ। ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜਦਾ ਨਹੀਂ, ਬੁਰਾ ਨਹੀਂ ਮੰਨਦਾ। ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ। ਪਿਆਰ ਕਦੇ ਟਲਦਾ ਨਹੀਂ," 1 ਕੁਰਿੰਥੀਆਂ ਨੂੰ 13:4-8,

ਸੰਸਾਰਿਕ ਸਰੋਤਾਂ ਤੋਂ ਪ੍ਰਾਪਤ ਖੁਸ਼ੀ ਓਨੀ ਹੀ ਪਰਿਵਰਤਨਸ਼ੀਲ ਹੈ ਜਿੰਨੀ ਕਿ ਅਲੱਗ ਅਲੱਗ ਹਾਲਾਤ ਇਸ ਨੂੰ ਬਣਾ ਦਿੰਦੇ ਹਨ; ਪਰ ਮਸੀਹ ਦੀ ਸ਼ਾਂਤੀ ਇੱਕ ਨਿਰੰਤਰ ਅਤੇ ਸਥਾਈ ਸ਼ਾਂਤੀ ਹੈ। ਇਹ ਜੀਵਨ ਦੇ ਕਿਸੇ ਵੀ ਹਲਾਤ ਵਿੱਚ ਸੰਸਾਰਿਕ ਵਸਤੂਆਂ ਦੀ ਮਾਤਰਾ ਜਾਂ ਸੰਸਾਰਿਕ ਮਿੱਤਰਾਂ ਦੀ ਸੰਖਿਆ ਉੱਤੇ ਨਿਰਭਰ ਨਹੀਂ ਕਰਦੀ ਹੈ। ਮਸੀਹ ਜੀਵਿਤ ਜਲ ਦਾ ਸੋਤਾ ਹੈ, ਅਤੇ ਉਸ ਤੋਂ ਲਈ ਗਈ ਖੁਸ਼ੀ ਕਦੇ ਵੀ ਅਸਫ਼ਲ ਨਹੀਂ ਹੋ ਸਕਦੀ ਹੈ।

**(6) ਪਰਮੇਸ਼ੁਰ ਕਿਸਦੇ ਨਾਲ ਪੂਰਨ ਸ਼ਾਂਤੀ ਬਣਾਈ ਰੱਖਣ ਦਾ ਵਾਅਦਾ ਕਰਦਾ ਹੈ?**

***ਜਿਹੜਾ ਤੇਰੇ ਵਿੱਚ ਲਵਲੀਨ ਹੈ, ਤੂੰ ਉਹ ਦੀ ਪੂਰੀ ਸ਼ਾਂਤੀ ਨਾਲ ਰਾਖੀ ਕਰਦਾ ਹੈਂ, ਇਸ ਲਈ ਭਈ ਉਹ ਦਾ ਭਰੋਸਾ ਤੇਰੇ ਉੱਤੇ ਹੈ। (ਯਸਾਯਾਹ 26:3)***

ਯਿਸੂ ਮਸੀਹ ਦੇ ਧਰਮ (ਰਿਸ਼ਤੇ) ਦਾ ਅਨੰਦ ਮਾਨਣ ਵਾਲੇ ਆਦਮੀ ਅਤੇ ਔਰਤਾਂ ਅਸਹਜ, ਬੇਚੈਨ, ਅਸੰਤੁਸ਼ਟ, ਪਰਿਵਰਤਨਸ਼ੀਲ ਨਹੀਂ ਹੋਣਗੇ; ਅਤੇ ਦਿਲ ਵਿੱਚ ਮਸੀਹ ਦੀ ਸ਼ਾਂਤੀ ਉਹਨਾਂ ਦੇ ਚਰਿੱਤਰ ਨੂੰ ਮਜ਼ਬੂਤੀ ਦੇਵੇਗੀ।

ਤੁਹਾਡੇ ਕੋਲੋਂ, ਕੋਈ ਵੀ ਸ਼ਾਂਤੀ, ਅਰਾਮ, ਵਾਅਦੇ ਦੀ ਆਤਮਾ ਨੂੰ ਲੁੱਟ ਨਾ ਸਕੇ ਕਿ ਤੁਸੀਂ ਹੁਣੇ ਹੁਣੇ ਸਵੀਕਾਰ ਕੀਤੇ ਗਏ ਹੋ। ਹਰੇਕ ਵਾਅਦੇ ਨੂੰ ਪੂਰਾ ਕਰੋ; ਤੁਹਾਡੇ ਦੁਆਰਾ ਪਰਮੇਸ਼ੁਰ ਦੀਆਂ ਨਿਰਧਾਰਿਤ ਸ਼ਰਤਾਂ ਦਾ ਪਾਲਣ ਕਰਨ ਦੀ ਸ਼ਰਤ ਤੇ ਇਹ ਸਾਰੇ ਤੁਹਾਡੇ ਹਨ। ਤੁਹਾਡੇ ਮਾਰਗਾਂ ਦਾ ਸੰਪੂਰਨ ਸਮਰਪਣ, ਜੋ ਕਿ ਬਹੁਤ ਬੁੱਧੀਮਾਨੀ ਵਾਲਾ ਜਾਪਦਾ ਹੈ, ਅਤੇ ਮਸੀਹ ਦੇ ਮਾਰਗਾਂ ਨੂੰ ਅਪਨਾਉਣਾ, ਉਸਦੇ ਪਿਆਰ ਵਿੱਚ ਪੂਰਨ ਅਰਾਮ ਦਾ ਭੇਤ ਹੈ। ਮਸੀਹ ਦੀ ਸੇਵਾ ਦੇ ਲਈ ਸਮਰਪਿਤ ਆਤਮਾ ਦੇ

ਕੋਲ ਇੱਕ ਐਸੀ ਸ਼ਾਂਤੀ ਹੈ ਜਿਸਨੂੰ ਦੁਨੀਆਂ ਨਹੀਂ ਦੇ ਸਕਦੇ ਅਤੇ ਨਾ ਹੀ ਇਸਨੂੰ ਖੋਹ ਸਕਦੀ ਹੈ।

**(7) ਜੇਕਰ ਅਸੀਂ ਸਵਰਗੀ ਚੀਜ਼ਾਂ ਉੱਤੇ ਧਿਆਨ ਦੇਈਏ ਅਤੇ ਵਿਸ਼ਵਾਸ ਦੁਆਰਾ ਮਸੀਹ ਨੂੰ ਸਾਡੇ ਹਿਰਦਿਆਂ ਵਿੱਚ ਵੱਸਣ ਦੇਈਏ, ਤਾਂ ਇਸ ਦਾ ਕੀ ਸਿੱਟਾ ਨਿਕਲੇਗਾ?**

***ਕਿ ਮਸੀਹ ਤੁਹਾਡਿਆਂ ਮਨਾਂ ਵਿੱਚ ਵਿਸ਼ਵਾਸ ਦੇ ਦੁਆਰਾ ਵਾਸ ਕਰੇ ਤਾਂ ਜੋ ਪਿਆਰ ਵਿੱਚ ਮਜ਼ਬੂਤੀ ਨਾਲ ਜੜ੍ਹ ਫੜ੍ਹ ਕੇ, (ਅ਼ਫਸੀਆਂ 3:17)***

ਯਾਦ ਰੱਖੋ, ਉਸਦੇ ਵਿੱਚ ਈਸ਼ਵਰਤਾਈ ਦੀ ਸਾਰੀ ਭਰਭੂਰੀ ਦੇਹ ਦੇ ਰੂਪ ਵਿੱਚ ਵਾਸ ਕਰਦੀ ਸੀ। ਜੇਕਰ ਵਿਸ਼ਵਾਸ ਦੇ ਦੁਆਰਾ ਮਸੀਹ ਸਾਡੇ ਦਿਲਾਂ ਵਿੱਚ ਵਾਸ ਕਰ ਰਿਹਾ ਹੈ ਤਾਂ ਅਸੀਂ ਉਸਦੇ ਜੀਵਨ ਦੇ ਤਰੀਕੇ ਨੂੰ ਵੇਖ ਕੇ ਉਸਦੇ ਸਮਾਨ ਬਣਨ ਦੀ ਕੋਸ਼ਿਸ਼ ਕਰਾਂਗੇ—ਸ਼ੁੱਧ, ਸ਼ਾਂਤੀਦਾਇਕ, ਅਤੇ ਪਵਿੱਤਰ। ਅਸੀਂ ਆਪਣੇ ਚਰਿੱਤਰ ਵਿੱਚ ਮਸੀਹ ਨੂੰ ਪ੍ਰਗਟ ਕਰਾਂਗੇ। ਅਸੀਂ ਨਾ ਕੇਵਲ ਪ੍ਰਕਾਸ਼ ਪ੍ਰਾਪਤ ਕਰਾਂਗੇ ਅਤੇ ਸੋਖਾਂਗੇ ਬਲਕਿ ਇਸਨੂੰ ਫੈਲਾਵਾਂਗੇ ਵੀ। ਯਿਸੂ ਸਾਡੇ ਲਈ ਕੌਣ ਹੈ, ਇਸ ਬਾਰੇ ਵਿੱਚ ਸਾਡੇ ਕੋਲ ਵਧੇਰੇ ਸਾਫ ਅਤੇ ਸਪਸ਼ਟ ਵਿਚਾਰ ਹੋਣਗੇ। ਯਿਸੂ ਮਸੀਹ ਦੇ ਜੀਵਨ ਵਿੱਚ ਜੋ ਸਮਰੂਪਤਾ, ਪਿਆਰ ਅਤੇ ਪਰਉਪਕਾਰ ਸੀ, ਉਹ ਸਾਡੇ ਜੀਵਨਾਂ ਦੇ ਵਿੱਚ ਚਮਕੇਗਾ।

...ਜਦੋਂ ਯਿਸੂ ਵਿਸ਼ਵਾਸ ਦੇ ਦੁਆਰਾ ਹਿਰਦਿਆਂ ਵਿੱਚ ਵਾਸ ਕਰਦਾ ਹੈ, ਤਾਂ ਮਸੀਹ ਨੇ ਜੋ ਸਾਨੂੰ ਸਿੱਖਿਆ ਦਿੱਤੀ ਹੈ, ਉਸਦਾ ਅਭਿਆਸ ਕੀਤਾ ਜਾਵੇਗਾ। ਸਾਡੇ ਕੋਲ ਮਸੀਹ ਦੇ ਪ੍ਰਤੀ ਐਸੇ ਉੱਚ ਵਿਚਾਰ ਹੋਣਗੇ ਕਿ ਹਉਮੈਂ ਦਾ ਪੱਤਣ ਹੋ ਜਾਵੇਗਾ। ਸਾਡਾ ਪਿਆਰ ਯਿਸੂ ਵਿੱਚ ਕੇਂਦਰਿਤ ਹੋਵੇਗਾ,

ਸਾਡੇ ਵਿਚਾਰ ਦ੍ਰਿੜਤਾ ਦੇ ਨਾਲ ਸਵਰਗ ਦੇ ਵੱਲ ਖਿੱਚੇ ਚੱਲੇ ਜਾਣਗੇ। ਮਸੀਹ ਵੱਧੇਗਾ ਅਤੇ ਮੈਂ ਘਟਾਂਗਾ।

ਮਨ ਨੂੰ ਸਵਰਗ ਦੀਆਂ ਗੱਲਾਂ ਉੱਤੇ ਵਾਸ ਕਰਨ ਦੇ ਲਈ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ। ਮਸੀਹ ਦੀ ਖੂਬਸੂਰਤੀ ਨੂੰ ਸਮਝਣ ਦੇ ਫਲਸਰੂਪ ਨਿਮਰਤਾ ਆਵੇਗੀ। ਮਸੀਹ ਦੇ ਚਰਿੱਤਰ ਦੀ ਮਹਾਨਤਾਵਾਂ ਉੱਤੇ ਵੱਸਣ ਦੇ ਨਾਲ, ਅਸੀਂ ਪਾਪ ਦੇ ਘਿਨਾਉਣੇ ਚਰਿੱਤਰ ਨੂੰ ਵੇਖਾਂਗੇ ਅਤੇ ਵਿਸ਼ਵਾਸ ਦੇ ਦੁਆਰਾ ਮਸੀਹ ਦੀ ਧਾਰਮਿਕਤਾ ਨੂੰ ਸਮਝਾਂਗੇ। ਅਸੀਂ ਉਹਨਾਂ ਸਦਗੁਣਾਂ ਨੂੰ ਵਿਕਸਿਤ ਕਰਾਂਗੇ ਜੋ ਯਿਸੂ ਵਿੱਚ ਵਾਸ ਕਰਦੇ ਹਨ, ਤਾਂ ਕਿ ਅਸੀਂ ਦੂਸਰਿਆਂ ਦੇ ਲਈ ਉਸਦੇ ਚਰਿੱਤਰ ਨੂੰ ਦਰਸਾ ਸਕੀਏ। ਜਦੋਂ ਅਸੀਂ ਕਲਵਰੀ ਦੀ ਸਲੀਬ ਨੂੰ ਦੇਖਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਉੱਚਾ ਨਹੀਂ ਕਰਾਂਗੇ, ਬਲਕਿ ਅਸੀਂ ਆਪਣੀ ਅਯੋਗਤਾ ਨੂੰ ਧਿਆਨ ਵਿੱਚ ਰੱਖਾਂਗੇ ਅਤੇ ਸਵਰਗ ਨੇ ਸਾਡੀ ਮੁੱਕਤੀ ਦੇ ਲਈ ਕੀ ਮੁੱਲ ਤਾਰਿਆ ਹੈ; ਅਸੀਂ ਮਸੀਹ ਦੇ ਬੇਮਿਸਾਲ ਪਿਆਰ ਨੂੰ ਸਮਝਾਂਗੇ।

**(8) ਜੇਕਰ ਅਸੀਂ, ਪਵਿੱਤਰ ਆਤਮਾ ਵਿੱਚ ਯਕੀਨ ਦੁਆਰਾ, ਅਥਾਹ ਡੂੰਗਿਆਈਆਂ ਅਤੇ ਮਸੀਹ ਦੇ ਪਿਆਰ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਕਾਹਦੇ ਨਾਲ ਭਰ ਦਿੱਤੇ ਜਾਵਾਂਗੇ?**

***ਤੁਸੀਂ ਸਾਰੇ ਸੰਤਾਂ ਨਾਲ ਮਿਲ ਕੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕੋ ਕਿ ਕਿੰਨੀ ਕੁ ਚੌੜਾਈ, ਲੰਬਾਈ, ਉਚਾਈ ਅਤੇ ਡੂੰਘਾਈ ਹੈ! ਅਤੇ ਮਸੀਹ ਦਾ ਪਿਆਰ ਜੋ ਗਿਆਨ ਤੋਂ ਪਰੇ ਹੈ, ਚੰਗੀ ਤਰ੍ਹਾਂ ਸਮਝ ਸਕੋ ਕਿ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਵਿੱਚ ਭਰਪੂਰ ਹੋ ਜਾਓ । (ਅਫ਼ਸੀਆਂ 3:18-19)***

ਸਾਰਾ ਪੁਰਖੀ ਪਿਆਰ ਜੋ ਮਨੁੱਖੀ ਹਿਰਦੇ ਦੀ ਧਾਰਾ ਦੇ ਮਾਧਿਅਮ ਨਾਲ ਪੀੜੀ-ਦਰ-ਪੀੜੀ ਆਇਆ ਹੈ; ਕੋਮਲਤਾ ਦੇ ਸਾਰੇ ਸੋਤੇ ਜੋ ਮਨੁੱਖਾਂ ਦੀ ਆਤਮਾਵਾਂ ਵਿੱਚ ਖੁੱਲ ਗਏ ਹਨ, ਪਰ ਜਦੋਂ ਉਸਦੀ ਪਰਮੇਸ਼ੁਰ ਦੇ ਬੇਅੰਤ ਸਾਗਰ ਅਤੇ ਕਦੇ ਨਾਂ ਥੱਕਣ ਵਾਲੇ ਪਿਆਰ ਦੇ ਨਾਲ ਤੁੱਲਣਾ ਕੀਤੀ ਜਾਂਦੀ ਹੈ ਤਾਂ ਉਹ ਇੱਕ ਚੋਟੀ ਜਿਹੀ ਲਹਿਰ ਦੇ ਰੂਪ ਵਿੱਚ ਹਨ।

ਜ਼ੁਬਾਨ ਇਸਨੂੰ ਬੋਲ ਨਹੀਂ ਸਕਦੀ; ਕਲਮ ਇਸਨੂੰ ਬਿਆਨ ਨਹੀਂ ਕਰ ਸਕਦੀ। ਤੁਸੀਂ ਜੀਵਨ ਦੇ ਹਰ ਦਿਨ ਇਸਦਾ ਮਨਨ ਕਰ ਸਕਦੇ ਹੋ; ਇਸ ਨੂੰ ਸਮਝਣ ਦੇ ਲਈ ਤੁਸੀਂ ਆਪ ਪਵਿੱਤਰ ਬਾਈਬਲ ਵਿੱਚ ਲਗਨ ਦੇ ਨਾਲ ਖੋਜ ਕਰ ਸਕਦੇ ਹੋ। ਸਵਰਗੀ ਪਿਤਾ ਦੇ ਪਿਆਰ ਅਤੇ ਕਿਰਪਾ ਨੂੰ ਸਮਝਣ ਦੀ ਕੋਸ਼ਿਸ਼ ਵਿੱਚ, ਤੁਸੀਂ ਹਰ ਤਾਕਤ ਅਤੇ ਸਮਰੱਥ ਨੂੰ ਸੱਦ ਸਕਦੇ ਹੋ ਜੋ ਪਰਮੇਸ਼ੁਰ ਨੇ ਤੁਹਾਨੂੰ ਦਿੱਤੀ ਹੈ; ਅਤੇ ਫਿਰ ਵੀ ਇਸ ਤੋਂ ਪਾਰ ਇੱਕ ਅਨੰਤਤਾ ਹੈ। ਤੁਸੀਂ ਉਸ ਪਿਆਰ ਨੂੰ ਯੁੱਗਾਂ ਯੁੱਗਾਂ ਤੱਕ ਅਧਿਐਨ ਕਰ ਸਕਦੇ ਹੋ; ਪਰ ਫਿਰ ਵੀ ਤੁਸੀਂ ਪਰਮੇਸ਼ੁਰ ਦੇ ਪੁੱਤਰ ਨੂੰ ਸੰਸਾਰ ਦੇ ਵਾਸਤੇ ਮਰਨ ਦੇ ਲਈ ਦੇਣ ਵਿੱਚ ਪਰਮੇਸ਼ੁਰ ਦੇ ਪਿਆਰ ਦੀ ਲੰਬਾਈ ਅਤੇ ਚੌੜਾਈ, ਗਹਿਰਾਈ ਅਤੇ ਉੱਚਾਈ ਨੂੰ ਪੂਰੀ ਤਰਾਂ ਨਹੀਂ ਸਮਝ ਸਕਦੇ ਹੋ। ਸਦੀਪਕ ਕਾਲ ਇਸਨੂੰ ਨੂੰ ਖੁਦ ਵੀ ਪੂਰਨ ਰੂਪ ਦੇ ਵਿੱਚ ਬਿਆਨ ਨਹੀਂ ਕਰ ਸਕਦਾ। ਪਰ ਫਿਰ ਵੀ ਜਦੋਂ ਅਸੀਂ ਬਾਈਬਲ ਦੇ ਅਧਿਐਨ ਕਰਦੇ ਹਾਂ, ਅਤੇ ਮਸੀਹ ਦੇ ਛੁੱਟਕਾਰੇ ਦੇ ਯੋਜਨਾ ਉੱਤੇ ਮਨਨ ਕਰਦੇ ਹਾਂ, ਤਾਂ ਇਹ ਮਹਾਨ ਵਿਸ਼ੇ ਸਾਡੀ ਸਮਝ ਦੇ ਲਈ ਵੱਧ ਤੋਂ ਵੱਧ ਖੁੱਲਣਗੇ।

**(9) ਜੇਕਰ ਅਸੀਂ ਮਸੀਹ ਨੂੰ ਭਾਲਦੇ ਹਾਂ, ਤਾਂ ਉਹ ਸਾਡੇ ਨਾਲ ਕਿਹੜਾ ਵਾਅਦਾ ਕਰਦਾ ਹੈ–ਜੀਵਨ ਦੀ ਰੋਟੀ, ਜੀਵਿਤ ਜਲ?**

***ਯਿਸੂ ਨੇ ਉਨ੍ਹਾਂ ਨੂੰ ਕਿਹਾ "ਮੈਂ ਹੀ ਜੀਵਨ ਦੀ ਰੋਟੀ ਹਾਂ। ਜਿਹੜਾ ਕੋਈ ਮੇਰੇ ਕੋਲ ਆਉਂਦਾ ਹੈ ਕਦੇ ਭੁੱਖਾ ਨਹੀਂ ਰਹੇਗਾ ਅਤੇ ਜਿਹੜਾ ਮੇਰੇ ਤੇ ਵਿਸ਼ਵਾਸ ਕਰਦਾ ਹੈ, ਕਦੇ ਪਿਆਸਾ ਨਹੀਂ ਰਹੇਗਾ। (ਯੂਹੰਨਾ 6:35)***

ਕੋਈ ਵੀ ਮਨੁੱਖੀ ਪ੍ਰਤੀਨਿਧੀ ਉਹ ਪੂਰਤੀ ਨਹੀਂ ਕਰ ਸਕਦਾ ਜੋ ਆਤਮਾ ਦੀ ਭੁੱਖ ਅਤੇ ਪਿਆਸ ਨੂੰ ਸੰਤੁਸ਼ਟ ਕਰੇ। ਪਰ ਯਿਸੂ ਕਹਿੰਦਾ ਹੈ ਕਿ ਵੇਖ, ਮੈਂ ਬੂਹੇ ਉੱਤੇ ਖਲੋਤਾ ਅਤੇ ਖੜਕਾਉਂਦਾ ਹਾਂ। ਜੇ ਕੋਈ ਮੇਰੀ ਅਵਾਜ਼ ਸੁਣੇ ਅਤੇ ਦਰਵਾਜ਼ਾ ਖੋਲ੍ਹ ਦੇਵੇ, ਤਾਂ ਮੈਂ ਉਹ ਦੇ ਕੋਲ ਅੰਦਰ ਜਾਂਵਾਂਗਾ ਅਤੇ ਉਹ ਦੇ ਨਾਲ ਭੋਜਨ ਖਾਵਾਂਗਾ ਅਤੇ ਉਹ ਮੇਰੇ ਨਾਲ ਖਾਵੇਗਾ।" "ਯਿਸੂ ਨੇ ਉਨ੍ਹਾਂ ਨੂੰ ਕਿਹਾ "ਮੈਂ ਹੀ ਜੀਵਨ ਦੀ ਰੋਟੀ ਹਾਂ। ਜਿਹੜਾ ਕੋਈ ਮੇਰੇ ਕੋਲ ਆਉਂਦਾ ਹੈ ਕਦੇ ਭੁੱਖਾ ਨਹੀਂ ਰਹੇਗਾ ਅਤੇ ਜਿਹੜਾ ਮੇਰੇ ਤੇ ਵਿਸ਼ਵਾਸ ਕਰਦਾ ਹੈ, ਕਦੇ ਪਿਆਸਾ ਨਹੀਂ ਰਹੇਗਾ।" ਪ੍ਰਕਾਸ਼ ਦੀ ਪੋਥੀ 3:20; ਯੂਹੰਨਾ 6:35.

ਜਿਵੇਂ ਸਾਨੂੰ ਆਪਣੀ ਸ਼ਰੀਰਕ ਸ਼ਕਤੀ ਬਣਾਏ ਰੱਖਣ ਦੇ ਲਈ ਭੋਜਨ ਦੀ ਜ਼ਰੂਰਤ ਹੁੰਦੀ ਹੈ, ਵੈਸੇ ਹੀ ਸਾਨੂੰ ਮਸੀਹ, ਜੋ ਸਵਰਗ ਦੇ ਰੋਟੀ ਹੈ, ਆਤਮਿਕ ਜੀਵਨ ਨੂੰ ਬਣਾਈ ਰੱਖਣ ਅਤੇ ਪਰਮੇਸ਼ੁਰ ਦੇ ਕੰਮਾਂ ਨੂੰ ਕਰਨ ਦੇ ਲਈ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ| ਜਿਵੇਂ ਸ਼ਰੀਰ ਲਗਾਤਾਰ ਪੋਸ਼ਣ ਨੂੰ ਪ੍ਰਾਪਤ ਕਰ ਰਿਹਾ ਹੈ ਜਿਹੜਾ ਕੀ ਜੀਵਨ ਅਤੇ ਸ਼ਕਤੀ ਨੂੰ ਬਣਾਈ ਰੱਖਦਾ ਹੈ, ਇਸ ਲਈ ਆਤਮਾ ਦਾ ਵੀ ਮਸੀਹ ਦੇ ਨਾਲ ਲਗਾਤਾਰ ਸੰਗਤੀ ਕਰਨਾ ਅਤੇ ਉਸ ਨੂੰ ਅਧੀਨ

ਹੋਣਾ ਅਤੇ ਪੂਰੀ ਤਰਾਂ ਨਾਲ ਉਸ ਉੱਤੇ ਨਿਰਭਰ ਰਹਿਣਾ ਜ਼ਰੂਰੀ ਹੈ।

ਜਿਵੇਂ ਥੱਕਿਆ ਹਾਰਿਆ ਯਾਤਰੀ ਰੇਗਿਸਤਾਨ ਵਿੱਚ ਪਾਣੀ ਦੇ ਸੋਤੇ ਨੂੰ ਭਾਲਦਾ ਹੈ ਅਤੇ ਲੱਭ ਲੈਂਦਾ ਹੈ ਅਤੇ ਆਪਣੀ ਬਲਦੀ ਹੋਈ ਤ੍ਰੇਹ ਨੂੰ ਬੁਝਾਉਂਦਾ ਹੈ, ਇਸੇ ਤਰਾਂ ਮਸੀਹੀ ਜੀਵਨ ਦੇ ਸ਼ੁੱਧ ਪਾਣੀ ਨੂੰ ਪ੍ਰਾਪਤ ਕਰਨ ਦੇ ਲਈ ਪਿਆਸਾ ਹੈ, ਜਿਸਦਾ ਮਸੀਹ ਇੱਕ ਸੋਤਾ ਹੈ {ਐਮ.ਬੀ 18-19}

**(10) ਜੇਕਰ ਮਸੀਹ ਦੇ ਕੋਲ ਥੱਕੇ ਹੋਏ ਅਤੇ ਭਾਰ ਹੇਠਾਂ ਦੱਬੇ ਹੋਏ ਆਉਂਦੇ ਹਨ ਤਾਂ ਮਸੀਹ ਉਹਨਾਂ ਦੇ ਲਈ ਕਿਹੜਾ ਵਾਅਦਾ ਦਿੰਦਾ ਹੈ?**

***ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। (ਮੱਤੀ 11:28)***

ਯਿਸੂ ਨੇ ਥੱਕੇ ਹੋਇਆਂ ਅਤੇ ਚਿੰਤਾ ਦੇ ਭੋਝ ਹੇਠ ਪਾਏ ਆਦਮ ਦੇ ਧੀਆਂ ਅਤੇ ਪੁੱਤਰਾਂ ਨੂੰ ਉਸਦੇ ਕੋਲ ਆਉਣ ਦੇ ਲਈ ਬੁਲਾਇਆ ਹੈ, ਅਤੇ ਉਹਨਾਂ ਦੇ ਭਾਰੀ ਬੋਝਾਂ ਨੂੰ ਉਸ ਉੱਤੇ ਪਾਉਣ ਦੇ ਲਈ ਬੁਲਾਇਆ ਹੈ। ਪਰ ਬਹੁਤ ਲੋਕ ਜਿਹੜੇ ਇਸ ਬੁਲਾਵੇ ਨੂੰ ਸੁਣਦੇ ਹਨ, ਦੂਸਰਿਆਂ ਦੇ ਲਈ ਹਾੜੇ ਭਰਨ ਦੋਰਾਨ, ਉੱਬੜ-ਖਾਬੜ ਰਸਤੇ ਦੇ ਉੱਤੇ ਚੱਲਦਿਆਂ, ਆਪਣੇ ਬੋਝ ਨੂੰ ਆਪਣੇ ਦਿਲ ਦੇ ਕਰੀਬ ਗਲੇ ਨਾਲ ਲਗਾਇਆ ਹੋਇਆ ਹੈ। ਯਿਸੂ ਉਹਨਾਂ ਦੇ ਨਾਲ ਪਿਆਰ ਕਰਦਾ ਹੈ, ਅਤੇ ਉਹਨਾਂ ਦੇ ਭੋਝ ਅਤੇ ਉਹਨਾਂ ਨੂੰ ਆਪਣੀਆਂ ਮਜ਼ਬੂਤ ਬਾਹਾਂ ਦੇ ਵਿੱਚ ਉਠਾਉਣਾ ਚਾਹੁੰਦਾ ਹੈ। ਉਹ ਡਰ ਅਤੇ ਸੰਦੇਹਾਂ ਨੂੰ ਹਟਾ ਦੇਵੇਗਾ, ਜੋ ਚੈਨ ਅਤੇ ਅਰਾਮ ਨੂੰ ਖੋਹ ਲੈਂਦੇ ਹਨ। ਪਰ ਪਹਿਲਾਂ ਉਹਨਾਂ ਨੂੰ ਉਸਦੇ ਕੋਲ ਆਉਣਾ ਚਾਹੀਦਾ

ਹੈ; ਅਤੇ ਆਪਣੇ ਦਿਲ ਦੀਆਂ ਗੁਪਤ ਦੁੱਖਾਂ ਨੂੰ ਦੱਸਣਾ ਚਾਹੀਦਾ ਹੈ। ਉਹ ਆਪਣੇ ਲੋਕਾਂ ਦੇ ਆਤਮਵਿਸ਼ਵਾਸ ਨੂੰ ਉਸਦੇ ਪਿਆਰ ਦੇ ਸਬੂਤ ਵਜੋਂ ਸੱਦਾ ਦਿੰਦਾ ਹੈ। ਨਮਰ, ਭਰੋਸੇਮੰਦ ਦਿਲ ਦਾ ਦਾਨ ਉਸਦੇ ਲਈ ਉਸ ਸਾਰੇ ਧਨ ਸੰਪੱਤੀ ਤੋਂ ਵਧੇਰੇ ਬਹੁਮੁੱਲਾ ਹੈ ਜੋ ਧਨ ਦੇ ਸਕਦਾ ਹੈ। ਜੇਕਰ ਉਹ ਉਸ ਸਰਲਤਾ ਅਤੇ ਭਰੋਸੇ ਦੇ ਨਾਲ ਉਸਦੇ ਕੋਲ ਆਉਂਦੇ ਹਨ, ਜਿਸਦੇ ਨਾਲ ਇੱਕ ਬੱਚਾ ਆਪਣੇ ਮਾਤਾ ਪਿਤਾ ਦੇ ਕੋਲ ਆਉਂਦਾ ਹੈ, ਤਾਂ ਉਸਦੇ ਹੱਥਾਂ ਦਾ ਰੂਹਾਨੀ ਛੂਹਨਾ ਉਹਨਾਂ ਨੂੰ ਉਹਨਾਂ ਦੇ ਬੋਝ ਤੋਂ ਮੁਕਤ ਕਰ ਦਿੰਦਾ ਹੈ।

ਸਾਡਾ ਯਿਸੂ ਦਿਆਲੂ ਮੁੱਕਤੀਦਾਤਾ, ਰਾਹ, ਸੱਚ ਅਤੇ ਜੀਵਨ ਹੈ। ਤਾਂ ਅਸੀਂ ਕਿਉਂ ਨਹੀਂ ਉਸਦੀ ਦਯਾ ਦੀ ਕਿਰਪਾਮਈ ਪੇਸ਼ਕਸ਼ ਨੂੰ ਸਵੀਕਾਰ ਅਤੇ ਉਸਦੇ ਵਾਅਦਿਆਂ ਦੇ ਸ਼ਬਦਾਂ ਵਿੱਚ ਵਿਸ਼ਵਾਸ ਕਰਾਂਗੇ, ਅਤੇ ਜੀਵਨ ਜਿਉਣ ਦੇ ਮਾਰਗ ਨੂੰ ਐਨਾ ਕਿਉਂ ਔਖਾ ਬਣਾਵਾਂਗੇ?... ਮਸੀਹ ਦੇ ਰਾਹ ਸੁਹਾਵਣੇ ਹਨ, ਅਤੇ ਉਸਦੇ ਸਾਰੇ ਮਾਰਗ ਸ਼ਾਂਤੀ ਦੇ ਹਨ। ਜੇਕਰ ਅਸੀਂ ਆਪਣੇ ਪੈਰਾਂ ਦੇ ਲਈ ਉੱਬੜ ਖਾਬੜ ਰਸਤੇ ਬਣਾਏ ਹਨ, ਅਤੇ ਧਰਤੀ ਉੱਤੇ ਆਪਣੇ ਲਈ ਧਨ ਜਮਾਂ ਕਰਨ ਦੇ ਭਾਰੀ ਚਿੰਤਾ ਦੇ ਬੋਝ ਨੂੰ ਚੁੱਕਿਆ ਹੋਇਆ ਹੈ, ਤਾਂ ਆਓ ਅਸੀਂ ਹੁਣ ਬਦਲੀਏ, ਅਤੇ ਉਸ ਮਾਰਗ ਉੱਤੇ ਚੱਲੀਏ ਜੋ ਯਿਸੂ ਨੇ ਸਾਡੇ ਲਈ ਤਿਆਰ ਕੀਤਾ ਹੈ।

**(11) ਮਸੀਹ ਉਹਨਾਂ ਲੋਕਾਂ ਦੇ ਨਾਲ ਕੀ ਵਾਅਦਾ ਕਰਦਾ ਹੈ ਜੋ ਆਪਣੀ ਆਤਮਾ ਨੂੰ ਉਸਦੀ ਦੇਖਭਾਲ ਦੇ ਲਈ ਸਮਰਪਿਤ ਕਰਦੇ ਹਨ?**

***ਜਿਹੜਾ ਤੇਰੇ ਵਿੱਚ ਲਵਲੀਨ ਹੈ, ਤੂੰ ਉਹ ਦੀ ਪੂਰੀ ਸ਼ਾਂਤੀ ਨਾਲ ਰਾਖੀ ਕਰਦਾ ਹੈਂ, ਇਸ ਲਈ ਭਈ ਉਹ ਦਾ***

***ਭਰੋਸਾ ਤੇਰੇ ਉੱਤੇ ਹੈ। ਸਦਾ ਤੱਕ ਯਹੋਵਾਹ ਉੱਤੇ ਭਰੋਸਾ ਰੱਖੋ, ਕਿਉਂ ਜੋ ਪ੍ਰਭੂ ਯਹੋਵਾਹ ਸਨਾਤਨ ਚੱਟਾਨ ਹੈ। (ਯਸਾਯਾਹ 26:3-4)***

ਇਸ ਧਰਤੀ ਉੱਤੇ ਸਵਰਗ ਦੀ ਸ਼ੁਰੂਵਾਤ ਹੋਣੀ ਹੈ। ਜੋ ਲੋਕ ਮਸੀਹ ਨੂੰ ਉਸਦੇ ਵਚਨ ਵਜੋਂ ਲੈਂਦੇ ਹਨ ਅਤੇ ਉਸਦੀ ਦੇਖਭਾਲ ਨੂੰ ਆਪਣੀ ਆਤਮਾ ਸਮਰਪਿਤ ਕਰ ਦਿੰਦੇ ਹਨ, ਅਤੇ ਆਪਣੇ ਜੀਵਨ ਨੂੰ ਉਸਦੇ ਹੁਕਮਾਂ ਦੇ ਅਧੀਨ ਕਰਦੇ ਹਨ, ਉਹ ਸ਼ਾਂਤੀ ਅਤੇ ਅਰਾਮ ਪਾਉਣਗੇ। ਇਸ ਸੰਸਾਰ ਦੀ ਕੋਈ ਵੀ ਚੀਜ਼ ਉਹਨਾਂ ਨੂੰ ਦੁੱਖੀ ਨਹੀਂ ਕਰ ਸਕਦੀ ਜਦੋਂ ਮਸੀਹ ਉਹਨਾਂ ਨੂੰ ਆਪਣੀ ਹਜ਼ੂਰੀ ਦੇ ਨਾਲ ਅਨੰਦ ਕਰਦਾ ਹੈ। ਸੰਪੂਰਨ ਸਹਿਮਤੀ ਵਿੱਚ ਸੰਪੂਰਨ ਅਰਾਮ ਹੁੰਦਾ ਹੈ। ਪਰਮੇਸ਼ੁਰ ਕਹਿੰਦਾ ਹੈ, "ਜਿਹੜਾ ਤੇਰੇ ਵਿੱਚ ਲਵਲੀਨ ਹੈ, ਤੂੰ ਉਹ ਦੀ ਪੂਰੀ ਸ਼ਾਂਤੀ ਨਾਲ ਰਾਖੀ ਕਰਦਾ ਹੈਂ, ਇਸ ਲਈ ਭਈ ਉਹ ਦਾ ਭਰੋਸਾ ਤੇਰੇ ਉੱਤੇ ਹੈ।" ਯਸਾਯਾਹ 26:3 ਸਾਡੀਆਂ ਜ਼ਿੰਦਗੀਆਂ ਇੱਕ ਉਲਝਣ ਜਾਪ ਸਕਦੀਆਂ ਹਨ; ਪਰ ਜਦੋਂ ਅਸੀਂ ਆਪਣੇ ਆਪ ਨੂੰ ਬੁੱਧੀਮਾਨ ਸਵਾਮੀ ਕਾਰੀਗਰ ਦੇ ਪ੍ਰਤੀ ਸਮਰਪਿਤ ਕਰਦੇ ਹਾਂ, ਤਦ ਉਹ ਜੀਵਨ ਅਤੇ ਚਰਿੱਤਰ ਦੇ ਉਸ ਨਮੂਨੇ ਨੂੰ ਸਾਹਮਣੇ ਲਿਆਵੇਗਾ ਜੋ ਉਸਦੀ ਮਹਿਮਾ ਦੇ ਲਈ ਹੋਵੇਗਾ। ਅਤੇ ਤਦ ਉਹ ਚਰਿੱਤਰ ਜੋ ਮਸੀਹ ਦੇ ਮਹਿਮਾ ਅਤੇ ਚਰਿੱਤਰ ਨੂੰ ਬਿਆਨ ਕਰਦਾ ਹੈ, ਪਰਮੇਸ਼ੁਰ ਦੇ ਸਵਰਗ ਵਿੱਚ ਗ੍ਰਹਿਣ ਕੀਤਾ ਜਾਵੇਗਾ। ਅਤੇ ਮੁੜ-ਨਿਰਮਾਣਿਤ ਪੀੜ੍ਹੀ ਚਿੱਟੇ ਜਾਮੇ ਵਿੱਚ ਉਸਦੇ ਨਾਲ ਨਾਲ ਚਲੇਗੀ, ਕਿਉਂਕਿ ਉਹ ਇਸਦੇ ਯੋਗ ਹਨ।

ਜਿਵੇਂ ਯਿਸੂ ਦੇ ਦੁਆਰਾ ਅਸੀਂ ਅਰਾਮ ਦੇ ਵਿੱਚ ਪਰਵੇਸ਼ ਕਰਦੇ ਹਾਂ, ਤਾਂ ਸਵਰਗ ਇੱਥੋਂ ਹੀ ਸ਼ੁਰੂ ਹੁੰਦਾ ਹੈ। ਅਸੀਂ ਉਸਦੇ ਸੱਦੇ ਦਾ ਜਵਾਬ ਦਿੰਦੇ ਹਾਂ, ਆਓ ਮੇਰੇ ਬਾਰੇ ਸਿੱਖੋ, ਅਤੇ ਇਸ ਤਰਾਂ ਆਕੇ ਅਸੀਂ ਸਦੀਪਕ ਜੀਵਨ ਸ਼ੁਰੂ ਕਰਦੇ

ਹਾਂ। ਸਵਰਗ ਮਸੀਹ ਦੇ ਮਾਧਿਅਮ ਦੇ ਨਾਲ ਪਰਮੇਸ਼ੁਰ ਦੇ ਲਈ ਇੱਕ ਨਿਰੰਤਰ ਪਹੁੰਚ ਹੈ, ਅਸੀਂ ਜਿੰਨੇ ਲੰਮੇ ਸਮੇਂ ਤੱਕ ਅਨੰਦ ਦੇ ਸਵਰਗ ਵਿੱਚ ਰਹਾਂਗੇ, ਓਨੀ ਹੀ ਵੱਧ ਤੋਂ ਵੱਧ ਮਹਿਮਾ ਸਾਡੇ ਲਈ ਖੁੱਲ ਜਾਵੇਗੀ; ਅਤੇ ਜਿੰਨਾਂ ਅਸੀਂ ਪਰਮੇਸ਼ੁਰ ਦੇ ਬਾਰੇ ਜਾਣਾਂਗੇ; ਸਾਡੀ ਖੁਸ਼ੀ ਓਨੀ ਹੀ ਗਹਿਰੀ ਹੁੰਦੀ ਜਾਂਦੀ ਹੈ।

*ਮੈਂ ਇਸ ਵਾਅਦੇ ਦੇ ਲਈ ਧੰਨਵਾਦੀ ਹਾਂ ਕਿ ਮਸੀਹ ਇੱਕ ਦਿਨ ਜਲਦ ਹੀ ਸਾਡੇ ਘਰ ਵਿੱਚ ਸਾਡਾ ਸਵਾਗਤ ਕਰਨ ਦੇ ਲਈ ਆਵੇਗਾ ਤਾਕਿ ਅਸੀਂ ਉਸ ਰਾਜ ਨੂੰ ਲੈ ਸਕੀਏ ਜੋ ਉਹ ਉਹਨਾਂ ਲੋਕਾਂ ਦੇ ਲਈ ਤਿਆਰ ਕਰ ਰਿਹਾ ਹੈ ਜੋ ਉੱਥੇ ਰਹਿਣਾ ਚਾਹੁੰਦੇ ਹਨ।*

*ਘੇਰਾ ਲਗਾਓ:    ਹਾਂ                ਪੱਕਾ ਨਹੀਂ ਹੈ*

*ਮੈਂ ਬਹੁਤ ਹੀ ਧੰਨਵਾਦੀ ਹਾਂ ਕਿ ਮਸੀਹ ਨੇ ਮੇਰੇ ਨਾਲ ਰਹਿਣ ਦੇ ਲਈ ਅਤੇ ਮੈਨੂੰ ਪਰਮੇਸ਼ੁਰ ਦੇ ਨਗਰੀ ਦੇ ਵੱਲ ਲਿਜਾਣ ਦੇ ਲਈ ਸਹਾਇਕ ਨੂੰ ਭੇਜਿਆ। ਮੈਂ ਮਸੀਹ ਦੀ ਕਿਰਪਾ ਦੇ ਨਾਲ ਇਹ ਪ੍ਰਾਥਨਾ ਕਰਦਾ ਹਾਂ ਕਿ ਮੈਂ ਵਫ਼ਾਦਾਰ ਰਹਾਂ ਅਤੇ ਇੱਕ ਦਿਨ ਮੈਂ ਪਰਮੇਸ਼ੁਰ ਦੇ ਰਾਜ ਵਿੱਚ ਪਰਵੇਸ਼ ਕਰ ਸਕਾਂ।*

*ਘੇਰਾ ਲਗਾਓ:    ਹਾਂ                ਪੱਕਾ ਨਹੀਂ ਹੈ*

*ਮੇਰੇ ਫ਼ੈਸਲਾ ਵਾਅਦਾ ਕੀਤੀ ਹੋਈ ਬਰਕਤ ਨੂੰ ਸਵੀਕਾਰ ਕਰਨਾ ਹੈ ਜੋ ਦੂਸਰੀਆਂ ਬਰਕਤਾਂ ਨੂੰ  ਆਪਣੀ ਸ਼੍ਰੇਣੀ*

ਵਿੱਚ ਲੈ ਕੇ ਆਉਂਦੀ ਹੈ ਅਤੇ ਮੈਂ ਆਪਣਾ ਜੀਵਨ ਪੂਰੀ ਤਰਾਂ ਪਰਮੇਸ਼ੁਰ ਨੂੰ ਸਮਰਪਿਤ ਕਰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਉਸ ਸ਼ਾਂਤੀ ਦੀ ਚਾਹ ਕਰਦਾ ਹਾਂ ਜੋ ਮਸੀਹ ਨੇ ਮੇਰੇ ਨਾਲ ਵਾਅਦਾ ਕੀਤੀ ਹੈ ਅਤੇ ਮੈਂ ਸ੍ਵੈ ਨੂੰ ਸਮਰਪਣ ਕਰਨਾ ਚੁਣਦਾ ਹਾਂ - ਜੋ ਸਾਰੀ ਸ਼ਾਂਤੀ ਨੂੰ ਨਸ਼ਟ ਕਰਨ ਵਾਲਾ ਹੈ ਅਤੇ ਮੈਂ ਖੁਦ ਨੂੰ ਮਸੀਹ ਦੀ ਸੇਵਾ ਦੇ ਲਈ ਸ਼ੁੱਧ ਕਰਦਾ ਹਾਂ, ਕਿਉਂ ਜੋ ਉਹ ਸ਼ਾਂਤੀ ਲਿਆਉਂਦਾ ਹੈ, ਜਿਸਨੂੰ ਇਹ ਦੁਨੀਆ ਨਾ ਤੇ ਦੇ ਸਕਦੀ ਹੈ ਅਤੇ ਨਾ ਹੀ ਖੋਹ ਸਕਦੀ ਹੈ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ



**ਅਧਿਆਇ 12**

**ਮਸੀਹ ਦੇ ਵਿੱਚ ਸਾਡਾ ਮੁੱਲ**

**(1) ਜਦਕਿ ਮਸੀਹ ਨੇ ਪਿਆਰ ਨਾਲ ਸਾਨੂੰ ਐਨੇ ਉੱਚੇ ਮੁੱਲ ਤੇ ਵਾਪਿਸ ਖ਼ਰੀਦ ਲਿਆ ਹੈ, ਤਾਂ ਸਾਨੂੰ ਉਸਨੂੰ ਕਿਸ ਗੱਲ ਦੇ ਨਾਲ ਮਹਿਮਾ ਦੇਣ ਦੀ ਚਾਹਤ ਰੱਖਣੀ ਚਾਹੀਦੀ ਹੈ?**

***ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।( ਕੁਰਿੰਥੀਆਂ ਨੂੰ 6:20)***

ਅੱਜ ਇਨਸਾਨ ਇੱਥੇ ਹੀ ਖੜ੍ਹਾ ਹੈ। ਮਸੀਹ ਨੇ ਸਾਨੂੰ ਆਪਣੇ ਜੀਵਨ ਦੇ ਨਾਲ ਖਰੀਦਿਆ ਹੈ, ਅਤੇ ਅਸੀਂ ਉਸਦੇ ਹਾਂ। ਸਾਡੀਆਂ ਸਾਰੀਆਂ ਸ਼ਰੀਰਕ, ਮਾਨਸਿਕ ਅਤੇ ਆਤਮਿਕ ਸ਼ਕਤੀਆਂ ਉਸੇ ਦੀਆਂ ਹਨ; ਅਤੇ ਜੋ ਉਸਦਾ ਹੈ, ਉਸਤੋਂ ਉਸਨੂੰ ਦੂਰ ਰੱਖਣਾ ਲੁੱਟ ਹੈ। ਪਰਮੇਸ਼ੁਰ ਸਾਡੀਆਂ ਆਤਮਾਵਾਂ ਨੂੰ ਉਸੇ ਅਨੁਸਾਰ ਮਹੱਤਵ ਦਿੰਦਾ ਹੈ

ਜਿੰਨਾਂ ਕਿ ਅਸੀਂ ਇਸਨੂੰ ਸਮਝ ਸਕਦੇ ਹਾਂ ਕਿ ਜੋ ਮਸੀਹ ਨੇ ਉਹਨਾਂ ਦੇ ਉੱਤੇ ਠਹਿਰਾਇਆ ਹੈ... ਯਿਸੂ ਮਰਿਆ ਤਾਂਕਿ ਉਹ ਮਨੁੱਖ ਨੂੰ ਉਸਦੇ ਸਦੀਪਕ ਨਾਸ਼ ਤੋਂ ਬਚਾ ਸਕੇ। ਤਦ ਸਾਨੂੰ ਆਪਣੇ ਆਪ ਨੂੰ ਖਰੀਦੀ ਹੋਈ ਸੰਪੱਤੀ ਦੀ ਤਰਾਂ ਰੱਖਣਾ ਹੈ। "ਤੁਸੀਂ ਖ਼ੁਦ ਦੇ ਨਹੀਂ ਹੋ "ਤੁਸੀਂ ਆਪਣੇ ਆਪ ਦੇ ਨਹੀਂ ਹੋ" "ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ: ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।, ਅਤੇ ਤੁਹਾਡੀ ਆਤਮਾ ਵਿੱਚ, ਜੋ ਪਰਮੇਸ਼ੁਰ ਦੇ ਹਨ।" (1 ਕੁਰਿੰਥੀਆਂ ਨੂੰ 6:19, 20) ਸਾਡੇ ਸ਼ਰੀਰ, ਆਤਮਾ ਅਤੇ ਪ੍ਰਾਣ ਦੀਆਂ ਸਾਰੀਆਂ ਸ਼ਕਤੀਆਂ ਪਰਮੇਸ਼ੁਰ ਦੀਆਂ ਹਨ। ਸਾਨੂੰ ਉਸਦੀ ਸੇਵਾ ਕਰਨ ਦੇ ਲਈ ਆਪਣੇ ਆਪ ਨੂੰ ਸਰਵੋਤਮ ਸੰਭਵ ਸਥਿਤੀ ਦੇ ਵਿੱਚ ਰੱਖਣਾ ਹੈ, ਅਤੇ ਲਗਾਤਾਰ ਮਸੀਹ ਦੇ ਸੰਬੰਧ ਵਿੱਚ ਰਹਿਣਾ ਹੈ, ਅਤੇ ਰੋਜ਼ਾਨਾ ਉਸ ਮਹਿੰਗੇ ਬਲੀਦਾਨ ਨੂੰ ਆਪਣੇ ਧਿਆਨ ਵਿੱਚ ਰੱਖਣਾ ਹੈ ਕਿ ਸਾਨੂੰ ਮਸੀਹ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਬਣਨਾ ਚਾਹੀਦਾ ਹੈ।

**(2) ਇਸ ਆਇਤ ਵਿੱਚ ਕਿਹੜੇ ਤੋਂ ਪ੍ਰਤੀਕਾਂ ਦਾ ਪ੍ਰਯੋਗ ਪ੍ਰਭੂ ਦੇ ਚੇਲਿਆਂ ਦੇ ਨਾਲ ਉਸਦੇ ਪਿਆਰ ਦੇ ਰਿਸ਼ਤੇ ਦਾ ਵਰਣਨ ਕਰਨ ਦੇ ਲਈ ਕੀਤਾ ਗਿਆ ਹੈ?**

***ਜਿਵੇਂ ਜੁਆਨ ਕੁਆਰੀ ਨੂੰ ਵਿਆਹ ਲੈਂਦਾ ਹੈ, ਉਸੇ ਤਰ੍ਹਾਂ ਤੇਰੇ ਪੁੱਤਰ ਬਣਾਉਣ ਵਾਲਾ ਤੈਨੂੰ ਵਿਆਹ ਲੈਣਗੇ, ਅਤੇ ਜਿਵੇਂ ਲਾੜ੍ਹਾ ਆਪਣੀ ਲਾੜੀ ਉੱਤੇ ਅਨੰਦ ਹੁੰਦਾ ਹੈ, ਉਸੇ ਤਰ੍ਹਾਂ ਤੇਰਾ ਪਰਮੇਸ਼ੁਰ ਤੇਰੇ ਉੱਤੇ ਅਨੰਦ ਹੋਵੇਗਾ। (ਯਸਾਯਾਹ 62:5)***

ਬਾਈਬਲ ਵਿੱਚ ਮਸੀਹ ਅਤੇ ਉਸਦੇ ਚਰਚ ਦੇ ਵਿਚਕਾਰ ਮੌਜੂਦ ਰਿਸ਼ਤੇ ਦੇ ਪਵਿੱਤਰ ਅਤੇ ਸਥਾਈ ਚਰਿੱਤਰ ਨੂੰ

ਵਿਆਹ ਕੇ ਮੇਲ ਦੁਆਰਾ ਦਰਸਾਇਆ ਗਿਆ ਹੈ। ਪਰਮੇਸ਼ੁਰ ਨੇ ਇੱਕ ਗੰਭੀਰ ਨੇਮ ਦੇ ਦੁਆਰਾ ਆਪਣੇ ਆਪ ਨੂੰ ਉਸਦੇ ਲੋਕਾਂ ਦੇ ਨਾਲ ਜੋੜਿਆ ਹੈ, ਉਸਨੇ ਉਹਨਾਂ ਦਾ ਪਰਮੇਸ਼ੁਰ ਹੋਣ ਦਾ ਵਾਅਦਾ ਕੀਤਾ ਹੈ, ਅਤੇ ਉਹਨਾਂ ਨੇ ਪਰਮੇਸ਼ੁਰ ਦੇ ਸਿਰਫ ਪਰਮੇਸ਼ੁਰ ਦੇ ਹੀ ਹੋਣ ਦਾ ਵਚਨ ਦਿੱਤਾ ਹੈ। ਉਹ ਘੋਸ਼ਣਾ ਕਰਦਾ ਹੈ: "ਮੈਂ ਤੈਨੂੰ ਸਦਾ ਲਈ ਆਪਣੀ ਦੁਲਹਨ ਬਣਾ ਲਵਾਂਗਾ,ਹਾਂ, ਧਰਮ, ਇਨਸਾਫ਼, ਦਯਾ ਅਤੇ ਰਹਿਮ ਨਾਲ ਮੈਂ ਤੈਨੂੰ ਆਪਣੀ ਦੁਲਹਨ ਬਣਾਵਾਂਗਾ," ਹੋਸ਼ੇ 2:19 ਅਤੇ ਫਿਰ ਤੋਂ: "ਮੈਂ ਤੁਹਾਡਾ ਮਾਲਕ ਜੋ ਹਾਂ।" ਯਿਰਮਿਯਾਹ 3:14. ਅਤੇ ਪੌਲੁਸ ਨੇ ਨਵੇਂ ਨੇਮ ਵਿੱਚ ਉਸੇ ਹੀ ਵਿਅਕਤੀ ਦਾ ਬਿਓਰਾ ਦਿੱਤਾ ਹੈ ਜਦੋਂ ਉਹ ਇਹ ਕਹਿੰਦਾ ਹੈ: "ਇਸ ਲਈ ਜੋ ਮੈਂ ਵਿਆਹ ਲਈ ਤੁਹਾਨੂੰ ਇੱਕੋ ਹੀ ਪਤੀ ਨੂੰ ਸੌਂਪਿਆ ਤਾਂ ਜੋ ਤੁਹਾਨੂੰ ਪਵਿੱਤਰ ਕੁਆਰੀ ਵਾਂਗੂੰ ਮਸੀਹ ਲਈ ਅਰਪਣ ਕਰਾਂ।" 2 ਕੁਰਿੰਥੀਆਂ 11:2

**(3) ਜੇਕਰ ਅਸੀਂ ਯਿਸੂ ਮਸੀਹ ਨੂੰ ਆਪਣੇ ਜੀਵਨ ਦਾ ਪ੍ਰਭੂ ਹੋਣ ਦਿੰਦੇ ਹਾਂ, ਤਾਂ ਪਵਿੱਤਰ ਸ਼ਾਸ਼ਤਰ ਕੀ ਵਾਅਦਾ ਕਰਦਾ ਹੈ ਕਿ ਉਸਦੇ ਦੁਆਰਾ ਜੋ ਸਾਨੂੰ ਪਿਆਰ ਕਰਦਾ ਹਾਂ ਅਸੀਂ ਕੀ ਬਣ ਜਾਵਾਂਗੇ?**

***ਸਗੋਂ ਇਹਨਾਂ ਸਾਰੀਆਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਸ ਨੇ ਸਾਡੇ ਨਾਲ ਪਿਆਰ ਕੀਤਾ ਸੀ, ਅਸੀਂ ਹੱਦੋਂ ਵੱਧ ਜਿੱਤ ਪਾਉਂਦੇ ਹਾਂ। (ਰੋਮੀਆਂ ਨੂੰ 8:37)***

ਸਾਡੇ ਛੁਟਕਾਰੇ ਦਾ ਮੁੱਲ ਸਾਡੇ ਮੁੱਕਤੀਦਾਤੇ ਦੁਆਰਾ ਕੀਤਾ ਗਿਆ ਹੈ। ਕਿਸੇ ਨੂੰ ਵੀ ਸ਼ੈਤਾਨ ਦੇ ਗੁਲਾਮ ਹੋਣ ਦੀ ਜ਼ਰੂਰਤ ਨਹੀਂ ਹੈ। ਮਸੀਹ ਸਾਡੇ ਸਰਵ-ਸ਼ਕਤੀਮਾਨ ਸਹਾਇਕ ਦੇ ਰੂਪ ਵਿੱਚ ਸਾਡੇ ਸਾਹਮਣੇ ਖੜਾ ਹੈ। "ਇਸ ਕਾਰਨ ਚਾਹੀਦਾ ਸੀ ਭਈ ਉਹ ਸਭ ਗੱਲਾਂ ਵਿੱਚ ਆਪਣੇ

ਭਾਈਆਂ ਵਰਗਾ ਬਣੇ, ਤਾਂ ਜੋ ਉਹ ਉਨ੍ਹਾਂ ਗੱਲਾਂ ਦੇ ਬਾਰੇ ਜਿਹੜੀਆਂ ਪਰਮੇਸ਼ੁਰ ਨਾਲ ਸੰਬੰਧ ਰੱਖਦੀਆਂ ਹਨ ਲੋਕਾਂ ਦੇ ਪਾਪਾਂ ਦਾ ਪ੍ਰਾਸਚਿੱਤ ਕਰਨ ਨੂੰ ਦਿਆਲੂ ਅਤੇ ਵਫ਼ਾਦਾਰ ਪ੍ਰਧਾਨ ਜਾਜਕ ਹੋਵੇ। ਕਿਉਂਕਿ ਜਦੋਂ ਉਸ ਨੇ ਆਪ ਹੀ ਪਰਤਾਵੇ ਵਿੱਚ ਪੈ ਕੇ ਦੁੱਖ ਝੱਲਿਆ ਤਾਂ ਉਹ ਉਹਨਾਂ ਦੀ ਜਿਹੜੇ ਪਰਤਾਵੇ ਵਿੱਚ ਪੈਂਦੇ ਹਨ, ਸਹਾਇਤਾ ਕਰ ਸਕਦਾ ਹੈ। (ਇਬਰਾਨੀਆਂ ਨੂੰ 2:17, 18).

ਜਿਹਨਾਂ ਨੂੰ ਪਰਮੇਸ਼ੁਰ ਦੇ ਪਰਿਵਾਰ ਵਿੱਚ ਗੋਦ ਲੈ ਲਿਆ ਜਾਂਦਾ ਹੈ ਉਹ ਉਸਦੇ ਆਤਮਾ ਦੇ ਦੁਆਰਾ ਬਦਲ ਜਾਂਦੇ ਹਨ। ਸਵੈ-ਭੋਗ ਅਤੇ ਖ਼ੁਦ ਦੇ ਲਈ ਸਰਵ ਉੱਚ ਪਿਆਰ, ਆਪਣੇ ਆਪ ਦਾ ਇਨਕਾਰ ਕਰਨ ਅਤੇ ਪਰਮੇਸ਼ੁਰ ਦੇ ਲਈ ਸਰਵ-ਉੱਚ ਪਿਆਰ ਦੇ ਰੂਪ ਵਿੱਚ ਬਦਲ ਜਾਂਦੇ ਹਨ। ਕਿਸੇ ਵੀ ਵਿਅਕਤੀ ਨੂੰ ਜਨਮ ਸਿੱਧ ਅਧਿਕਾਰ ਦੇ ਰੂਪ ਵਿੱਚ ਪਵਿੱਤਰਤਾ ਵਿਰਾਸਤ ਵਿੱਚ ਨਹੀਂ ਮਿਲਦੀ ਹੈ, ਅਤੇ ਨਾ ਹੀ ਉਹ ਕਿਸੇ ਤਰੀਕੇ ਦੇ ਨਾਲ ਜਿਸ ਨੂੰ ਉਹ ਵਿਕਸਿਤ ਕਰ ਸਕਦਾ ਹੈ, ਪਰਮੇਸ਼ੁਰ ਦੇ ਪ੍ਰਤੀ ਵਫ਼ਾਦਾਰ ਹੋ ਸਕਦਾ ਹੈ। ਮਸੀਹ ਕਹਿੰਦਾ ਹੈ "ਮੇਰੇ ਬਿਨਾ,", "ਤੁਸੀਂ ਕੁਝ ਨਹੀਂ ਕਰ ਸਕਦੇ (ਯੂਹੰਨਾ 15:5). ਮਨੁੱਖੀ ਧਾਰਮਿਕਤਾ ਗੰਦੇ ਚਿੱਥੜਿਆ ਦੇ ਸਮਾਨ ਹੈ। ਪਰ ਪਰਮੇਸ਼ੁਰ ਦੇ ਨਾਲ ਸਭ ਕੁਝ ਸੌਖਾ ਹੈ। ਛੁਡਾਉਣ ਵਾਲੇ ਦੇ ਸਮਰੱਥ ਨਾਲ, ਕਮਜ਼ੋਰ, ਪਾਪੀ ਵਿਅਕਤੀ ਉਸ ਬੁਰਾਈ ਉੱਤੇ ਜੇਤੂ ਹੋਣ ਤੋਂ ਵੀ ਵੱਧ ਕੇ ਹੋ ਸਕਦਾ ਹੈ ਜੋ ਉਸਨੂੰ ਘੇਰਦੀ ਹੈ।

**(4) ਸੱਚਾਈ ਵਿੱਚ ਕਿਸਨੂੰ ਅਬਰਾਹਮ ਦਾ ਵੰਸ਼ ਮੰਨਿਆ ਜਾਂਦਾ ਹੈ, ਜੋ ਆਤਮਿਕ ਇਸਰਾਈਲ ਹੈ?**

***ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਵਾਇਦੇ ਦੇ ਅਨੁਸਾਰ ਵਾਰਿਸ ਵੀ ਹੋ। (ਗਲਾਤੀਆਂ ਨੂੰ 3:29)***

ਜਿਵੇਂ ਅਬਰਾਹਾਮ ਨੇ ਪਰਮੇਸ਼ੁਰ ਤੇ ਵਿਸ਼ਵਾਸ ਕੀਤਾ ਅਤੇ ਇਹ ਉਹ ਦੇ ਲਈ ਧਾਰਮਿਕਤਾ ਗਿਣਿਆ ਗਿਆ। ਸੋ ਇਹ ਜਾਣ ਲਓ ਕਿ ਜਿਹੜੇ ਵਿਸ਼ਵਾਸ ਕਰਦੇ ਹਨ ਉਹ ਹੀ ਅਬਰਾਹਾਮ ਦੀ ਸੰਤਾਨ ਹਨ। ਅਤੇ ਪਵਿੱਤਰ ਗ੍ਰੰਥ ਨੇ ਪਹਿਲਾਂ ਹੀ ਇਹ ਵੇਖ ਕੇ, ਕਿ ਪਰਮੇਸ਼ੁਰ ਪਰਾਈਆਂ ਕੌਮਾਂ ਨੂੰ ਵਿਸ਼ਵਾਸ ਦੇ ਰਾਹੀਂ ਧਰਮੀ ਠਹਿਰਾਵੇਗਾ ਅਬਰਾਹਾਮ ਨੂੰ ਪਹਿਲਾਂ ਹੀ ਇਹ ਖੁਸ਼ਖਬਰੀ ਸੁਣਾਈ ਕਿ ਸਭ ਕੌਮਾਂ ਤੇਰੇ ਤੋਂ ਬਰਕਤ ਪਾਉਣਗੀਆਂ । ਸੋ ਜਿਹੜੇ ਵਿਸ਼ਵਾਸ ਕਰਨ ਵਾਲੇ ਹਨ ਉਹ ਵਿਸ਼ਵਾਸੀ ਅਬਰਾਹਾਮ ਦੇ ਨਾਲ ਬਰਕਤ ਪਾਉਂਦੇ ਹਨ।  ਗਲਾਤੀਆਂ ਨੂੰ 3:6-9

ਯਹੂਦੀਆਂ ਨੇ ਅਬਰਾਹਾਮ ਦੀ ਸੰਤਾਨ ਹੋਣ ਦਾ ਦਾਅਵਾ ਕੀਤਾ ਸੀ, ਪਰ ਅਬਰਾਹਾਮ ਦੇ ਕੰਮਾਂ ਨੂੰ ਕਰਨ ਵਿੱਚ ਅਸਫਲ ਰਹਿਣ ਦੇ ਕਾਰਣ, ਉਹਨਾਂ ਦੇ ਇਹ ਸਾਬਿਤ ਕਰ ਦਿੱਤਾ ਕਿ ਉਹ ਉਸਦੀ ਸੱਚੀ ਸੰਤਾਨ ਨਹੀਂ ਸਨ। ਕੇਵਲ ਉਹ ਜਿਹੜੇ ਆਤਮਿਕ ਰੂਪ ਵਿੱਚ ਉਸਦੇ ਨਾਲ ਤਾਲਮੇਲ ਰੱਖਦੇ ਹਨ, ਉਹਨਾਂ ਨੂੰ ਹੀ ਸੱਚੀ ਸੰਤਾਨ ਦੇ ਰੂਪ ਵਿੱਚ ਮੰਨਿਆਂ ਜਾਂਦਾ ਹੈ।

**(5)  ਆਤਮਿਕ ਇਸਰਾਈਲ ਬਣਨ ਦੀ ਚੋਣ ਕਰਨ ਵਾਲਿਆਂ ਉੱਤੇ ਪਰਮੇਸ਼ੁਰ ਨੇ ਕਿਹੜੇ ਤਿੰਨ ਭਾਗਾਂ ਸੁੰਦਰ ਛੁੱਟਕਾਰੇ ਦਾ ਦਾਅਵਾ ਕੀਤਾ ਹੈ?**

***ਹੇ ਯਾਕੂਬ, ਤੇਰਾ ਕਰਤਾਰ, ਅਤੇ ਹੇ ਇਸਰਾਏਲ, ਤੇਰਾ ਸਿਰਜਣਹਾਰ ਯਹੋਵਾਹ ਹੁਣ ਇਹ ਆਖਦਾ ਹੈ, ਨਾ ਡਰ, ਕਿਉਂ ਜੋ ਮੈਂ ਤੈਨੂੰ ਛੁਡਾ ਲਿਆ ਹੈ, ਮੈਂ ਤੇਰਾ ਨਾਮ***

*ਲੈ ਕੇ ਤੈਨੂੰ ਬੁਲਾਇਆ ਹੈ, ਤੂੰ ਮੇਰਾ ਹੀ ਹੈਂ। (ਯਸਾਯਾਹ 43:1)*

ਆਪਣੇ ਲੋਕਾਂ ਦੇ ਨਾਲ ਮਸੀਹ ਦੇ ਸੰਬੰਧ ਦੇ ਬਾਰੇ ਵਿੱਚ, ਇਸਰਾਈਲ ਨੂੰ ਦਿੱਤੀ ਗਈ ਬਿਵਸਥਾ ਦੇ ਵਿੱਚ ਇੱਕ ਸੁੰਦਰ ਦ੍ਰਿਸ਼ਟਾਂਤ ਹੈ। ਜਦੋਂ ਗਰੀਬੀ ਦੇ ਕਾਰਣ ਇੱਕ ਇਬਰਾਨੀ ਨੂੰ ਆਪਣੀ ਵਿਰਾਸਤੀ ਸੰਪੱਤੀ ਤੋਂ ਅਲੱਗ ਹੋਣ ਅਤੇ ਆਪਣੇ ਆਪ ਨੂੰ ਇੱਕ ਦਾਸ ਦੇ ਰੂਪ ਵਿੱਚ ਵੇਚਣ ਦੇ ਲਈ ਮਜ਼ਬੂਰ ਕੀਤਾ ਗਿਆ ਸੀ, ਤਾਂ ਫਿਰ ਉਸ ਵਿਅਕਤੀ ਨੂੰ ਅਤੇ ਉਸਦੀ ਵਿਰਾਸਤ ਨੂੰ ਛੁਡਾਉਣ ਦਾ ਫਰਜ਼ ਉਸ ਵਿਅਕਤੀ ਤੇ ਆ ਪਿਆ ਜੋ ਉਸਦਾ ਕਰੀਬੀ ਸੀ। ਦੇਖੋ ਲੇਵੀਆਂ ਨੂੰ 25:25, 47-49; ਰੂਥ 2:20. ਇਸ ਲਈ ਪਾਪ ਦੇ ਦੁਆਰਾ ਗੁਆਚੀ ਹੋਈ ਵਿਰਾਸਤ ਨੂੰ ਅਤੇ ਸਾਨੂੰ ਛੁਡਾਉਣ ਦਾ ਕਾਰਜ ਉਸ ਉੱਤੇ ਆ ਪਿਆ, ਜੋ ਕਰੀਬੀ ਸੰਬੰਧੀ ਹੈ। ਇਹ ਸਾਨੂੰ ਛੁਡਾਉਣ ਦੇ ਲਈ ਸੀ ਕਿ ਉਹ ਸਾਡਾ ਸੰਬੰਧੀ ਬਣਿਆ। ਮਾਂ, ਪਿਓ, ਭਰਾ ਮਿੱਤਰ, ਜਾਂ ਪਿਆਰ ਕਰਨ ਵਾਲੇ ਤੋਂ ਕਿਤੇ ਕਰੀਬ ਸਾਡਾ ਮੁੱਕਤੀਦਾਤਾ ਹੈ। ਉਹ ਕਹਿੰਦਾ ਹੈ, "ਡਰ ਨਾ, ਕਿਉਂਕਿ ਮੈਂ ਤੈਨੂੰ ਛੁਡਾ ਲਿਆ ਹੈ, ਮੈਂ ਤੈਨੂੰ ਤੇਰੇ ਨਾਮ ਨਾਲ ਪੁਕਾਰਿਆ ਹੈ ਤੂੰ ਮੇਰਾ ਹੈ। ਨਾ ਡਰ, ਕਿਉਂ ਜੋ ਮੈਂ ਤੈਨੂੰ ਛੁਡਾ ਲਿਆ ਹੈ, ਮੈਂ ਤੇਰਾ ਨਾਮ ਲੈ ਕੇ ਤੈਨੂੰ ਬੁਲਾਇਆ ਹੈ, ਤੂੰ ਮੇਰਾ ਹੀ ਹੈਂ।" "ਇਸ ਕਾਰਨ ਕਿ ਤੂੰ ਮੇਰੀ ਨਿਗਾਹ ਵਿੱਚ ਬਹੁਮੁੱਲਾ ਅਤੇ ਆਦਰਯੋਗ ਹੈਂ, ਅਤੇ ਮੈਂ ਤੈਨੂੰ ਪਿਆਰ ਕੀਤਾ, ਮੈਂ ਤੇਰੇ ਬਦਲੇ ਮਨੁੱਖ ਅਤੇ ਤੇਰੀ ਜਾਨ ਦੇ ਵਟਾਂਦਰੇ ਵਿੱਚ ਕੌਮਾਂ ਦਿਆਂਗਾ।" ਯਸਾਯਾਹ 43:1, 4.

ਮਸੀਹ ਸਵਰਗੀ ਪ੍ਰਾਣੀਆਂ ਨੂੰ ਪਿਆਰ ਕਰਦਾ ਹੈ ਜੋ ਉਸਦੇ ਸਿੰਘਾਸਨ ਨੂੰ ਘੇਰੇ ਰੱਖਦੇ ਹਨ; ਪਰ ਉਸ ਪਿਆਰ ਦਾ ਕੀ ਕਾਰਣ ਹੋਵੇਗਾ ਜਿਸਦੇ ਨਾਲ ਉਸਨੇ ਸਾਡੇ ਨਾਲ ਪਿਆਰ ਕੀਤਾ? ਅਸੀਂ ਇਸਨੂੰ ਸਮਝ ਨਹੀਂ ਸਕਦੇ, ਪਰ

ਅਸੀਂ ਇਸਨੂੰ ਆਪਣੇ ਖ਼ੁਦ ਦੇ ਅਨੁਭਵ ਵਿੱਚ ਸੱਚ ਜਾਣ ਸਕਦੇ ਹਾਂ। ਅਤੇ ਜੇਕਰ ਅਸੀਂ ਉਸਦੇ ਨਾਲ ਨਾਤੇਦਾਰੀ ਦਾ ਸੰਬੰਧ ਬਣਾਈ ਰੱਖਦੇ ਹਾਂ, ਤਾਂ ਜੋ ਪਰਮੇਸ਼ੁਰ ਦੇ ਭਾਈ ਭੈਣ ਹਨ ਉਹਨਾਂ ਦੇ ਨਾਲ ਸਾਨੂੰ ਕਿਸ ਕੋਮਲਤਾ ਦੇ ਨਾਲ ਪੇਸ਼ ਆਉਣਾ ਚਾਹੀਦਾ ਹੈ! ਕੀ ਸਾਨੂੰ ਆਪਣੇ ਆਤਮਿਕ ਸੰਬੰਧ ਦੇ ਦਾਅਵਿਆਂ ਨੂੰ ਪਹਿਚਾਣਨ ਵਿੱਚ ਛੇਤੀ ਨਹੀਂ ਕਰਨੀ ਚਾਹੀਦੀ ਹੈ? ਪਰਮੇਸ਼ੁਰ ਦੇ ਪਰਿਵਾਰ ਵਿੱਚ ਅਪਣਾਏ ਜਾਣ ਤੇ, ਕੀ ਸਾਨੂੰ ਆਪਣੇ ਪਿਤਾ ਅਤੇ ਸਕੇ-ਸੰਬੰਧੀਆਂ ਦਾ ਸਮਾਨ ਨਹੀਂ ਕਰਨਾ ਚਾਹੀਦਾ ਹੈ?

**(6) ਜੇਕਰ ਅਸੀਂ ਸੱਚੀ ਤੌਬਾ ਦੇ ਨਾਲ ਆਪਣੇ ਪਾਪਾਂ ਨੂੰ ਸਵੀਕਾਰ ਕਰਦੇ ਹਾਂ, ਤਾਂ ਸਾਨੂੰ ਕਿਸ ਗੱਲ ਦਾ ਪੂਰਨ ਭਰੋਸਾ ਹੋਵੇਗਾ ਜੋ ਮਸੀਹ ਕਰੇਗਾ?**

***ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਤਾਂ ਜੋ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। (1 ਯੂਹੰਨਾ1:9)***

ਬਹੁਤ ਸਾਰੇ ਲੋਕ ਆਪਣੇ ਮਨਾਂ ਨੂੰ ਆਪਣੀ ਅਯੋਗਤਾ ਉੱਤੇ ਧਿਆਨ ਕੇਂਦਰਿਤ ਕਰਨ ਦਿੰਦੇ ਹਨ ਜਿਵੇਂ ਕਿ ਉਹ ਕੋਈ ਗੁਣ ਹੋਵੇ। ਇਹ ਉਹਨਾਂ ਦੇ ਵਿਸ਼ਵਾਸ ਦੇ ਪੂਰਨ ਭਰੋਸੇ ਵਿੱਚ ਯਿਸੂ ਦੇ ਕੋਲ ਆਉਣ ਵਿੱਚ ਰੁਕਾਵਟ ਹੈ। ਉਹਨਾਂ ਨੂੰ ਆਪਣੀ ਅਯੋਗਤਾ ਨੂੰ ਮਹਿਸੂਸ ਕਰਨਾ ਚਾਹੀਦਾ ਹੈ, ਅਤੇ ਇਸਦੇ ਕਾਰਣ—ਉਹਨਾਂ ਦੇ ਪਾਪੀਪਨ ਦੇ ਕਾਰਣ—ਉਹਨਾਂ ਨੂੰ ਮਸੀਹ ਦੇ ਕੋਲ ਆਉਣ ਦੀ ਜ਼ਰੂਰਤ ਨੂੰ ਮਹਿਸੂਸ ਕਰਨਾ ਚਾਹੀਦਾ ਹੈ, ਜੋ ਉਹਨਾਂ ਦੀ ਯੋਗਤਾ ਹੈ ਅਤੇ ਜਿਹੜਾ ਉਹਨਾਂ ਦੀ ਧਾਰਮਿਕਤਾ ਹੋਵੇਗਾ, ਜੇਕਰ ਉਹ ਤੌਬਾ ਕਰਦੇ ਹਨ ਅਤੇ ਆਪਣੇ ਆਪ ਨੂੰ ਨਮਰ ਕਰਦੇ ਹਨ। ਉਹਨਾਂ ਦੀ ਅਯੋਗਤਾ ਆਪਣੇ

ਆਪ ਵਿੱਚ ਇੱਕ ਸਪਸ਼ੱਟ ਸੱਚਾਈ ਹੈ। ਯਿਸੂ ਮਸੀਹ ਦੀ ਯੋਗਤਾ ਇੱਕ ਨਿਸ਼ਚਿਤ ਗੱਲ ਹੈ। ਇਸ ਲਈ ਹਰ ਇੱਕ ਸ਼ੱਕ ਕਰਨ ਵਾਲੀ ਜਾਨ ਆਸ਼ਾ ਅਤੇ ਸਾਹਸ ਕਰੇ, ਕਿਉਂਕਿ ਹਰ ਜਾਨ ਦੇ ਕੋਲ ਸਿਰਫ ਇੱਕ ਹੀ ਮੁੱਕਤੀਦਾਤਾ ਹੈ ਜਿਹੜਾ ਉਹਨਾਂ ਦਾ ਬਚਾਉਣ ਵਾਲਾ ਹੋਣ ਦੇ ਯੋਗ ਹੈ। ਮੁੱਕਤੀ ਦੀ ਉਸਦੀ ਇੱਕਮਾਤਰ ਆਸ, ਉਸ ਯੋਗਤਾ ਦੇ ਵਿਸ਼ਵਾਸ ਨੂੰ ਅਪਣਾਉਣਾ ਹੈ ਜੋ ਉਸਦੇ ਕੋਲ ਨਹੀਂ ਹੈ, ਜਿਹੜੀ ਕਿ ਯਿਸੂ ਮਸੀਹ ਜੋ ਸਾਡੀ ਧਾਰਮਿਕਤਾ ਹੈ ਦੇ ਦੁਆਰਾ ਪ੍ਰਦਾਨ ਕੀਤੀ ਜਾਵੇਗੀ।

**(7) ਜਦੋਂ ਅਸੀਂ ਪਾਪੀਆਂ ਵਜੋਂ ਇਹ ਜਾਨ ਲੈਂਦੇ ਹਾਂ ਕਿ ਸਾਡੀ ਮਹਿਮਾ ਦੀ ਆਸ਼ਾ ਮਸੀਹ ਵਿੱਚ ਹੈ ਅਤੇ ਜਦੋਂ ਖ਼ੁਦ ਦੇ ਲਈ ਮਰਦੇ ਹਾਂ, ਤਾਂ ਅਸੀਂ ਪ੍ਰੇਰਿਤ ਪੌਲੁਸ ਦੀ ਤਰਾਂ ਕੀ ਘੋਸ਼ਿਤ ਕਰਾਂਗੇ?**

***ਮੈਂ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਗਿਆ ਹਾਂ, ਪਰ ਹੁਣ ਮੈਂ ਜਿਉਂਦਾ ਨਹੀਂ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜੋ ਮੈਂ ਸਰੀਰ ਵਿੱਚ ਜਿਉਂਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਵਿਸ਼ਵਾਸ ਨਾਲ ਜਿਉਂਦਾ ਹਾਂ, ਜਿਸ ਨੇ ਮੈਨੂੰ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।*** *(ਗਲਾਤੀਆਂ ਨੂੰ 2:20)*

ਮਸੀਹ, ਵੱਡਮੁੱਲਾ ਮਸੀਹ, ਮਸੀਹਾਂ ਦੀਆਂ ਸਭਨਾ ਗੱਲਾਂ ਦੇ ਵਿੱਚ ਉਹ ਸਭ ਕੁਝ ਹੈ। ਹਰ ਪਵਿੱਤਰ ਵਿਚਾਰ, ਹਰ ਸ਼ੁੱਧ ਇੱਛਾ, ਹਰ ਪਰਮੇਸ਼ੁਰ ਜਿਹਾ ਉਦੇਸ਼, ਉਸਦੇ ਵੱਲੋਂ ਹੀ ਹੈ ਜੋ ਜੋਤੀ, ਸੱਚਾਈ ਅਤੇ ਰਾਹ ਹੈ। ਉਸਦੇ ਪ੍ਰਤੀਨਿਧੀਆਂ ਦੇ ਵਿੱਚ ਸੱਚਾਈ ਦੀ ਆਤਮਾ ਦੇ ਦੁਵਾਰਾ ਜਿਉਣਾ ਮਸੀਹ ਹੈ। ਪੌਲੁਸ ਕਹਿੰਦਾ ਹੈ, “ਮੈਂ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਗਿਆ ਹਾਂ, ਪਰ ਹੁਣ ਮੈਂ ਜਿਉਂਦਾ ਨਹੀਂ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜੋ ਮੈਂ ਸਰੀਰ

ਵਿੱਚ ਜਿਉਂਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਵਿਸ਼ਵਾਸ ਨਾਲ ਜਿਉਂਦਾ ਹਾਂ, ਜਿਸ ਨੇ ਮੈਨੂੰ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।" (ਗਲਾਤੀਆਂ ਨੂੰ 2:20)…. ਆਪਣੇ ਪਿਆਰ ਦੇ ਸ਼ਕਤੀਸ਼ਾਲੀ ਜਨੂਨ ਦੇ ਤਹਿਤ, ਉਸਨੇ ਬ੍ਰਹਿਮੰਡ ਵਿੱਚ ਸਾਡਾ ਸਥਾਨ ਲੈ ਲਿਆ ਅਤੇ ਸਾਰੀਆਂ ਚੀਜ਼ਾਂ ਦੇ ਮਾਲਕ ਨੂੰ ਮਨੁੱਖੀ ਪਰਿਵਾਰ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਉਸ ਨਾਲ ਵਤੀਰਾ ਕਰਨ ਦੇ ਲਈ ਬੁਲਾਇਆ। ਉਸਨੇ ਸਾਡੇ ਹਿੱਤਾਂ ਨੇ ਨਾਲ ਆਪਣੀ ਪਹਿਚਾਣ ਕਾਇਮ ਕੀਤੀ, ਅਤੇ ਮੌਤ ਦੀ ਸੱਟ ਦੇ ਲਈ ਆਪਣੀ ਛਾਤੀ ਨੂੰ ਖੋਲ ਦਿੱਤਾ, ਅਤੇ ਮਨੁੱਖ ਦੇ ਅਪਰਾਧ ਅਤੇ ਉਸਦੀ ਸਜਾ ਨੂੰ ਲੈ ਲਿਆ, ਅਤੇ ਮਨੁੱਖਾਂ ਦੀ ਵੱਲੋਂ ਪਰਮੇਸ਼ੁਰ ਦੇ ਲੈ ਇੱਕ ਸੰਪੂਰਨ ਬਲੀਦਾਨ ਚੜ੍ਹਾਇਆ। ਇਸ ਪ੍ਰਾਸ਼ਚਿੱਤ ਦੇ ਗੁਣ ਦੇ ਕਾਰਣ, ਉਹ ਮਨੁੱਖ ਨੂੰ ਪੂਰਨ ਧਾਰਮਿਕਤਾ ਅਤੇ ਪੂਰਨ ਮੁੱਕਤੀ ਪ੍ਰਦਾਨ ਕਰਨ ਦੀ ਸ਼ਕਤੀ ਰੱਖਦਾ ਹੈ। ਜੋ ਕੋਈ ਉਸ ਉੱਤੇ ਨਿੱਜੀ ਮੁੱਕਤੀਦਾਤਾ ਦੇ ਰੂਪ ਵਿੱਚ ਵਿਸ਼ਵਾਸ ਕਰੇਗਾ, ਉਹ ਨਾਸ਼ ਨਹੀਂ ਹੋਵੇਗਾ ਬਲਕਿ ਅਨੰਤ ਜੀਵਨ ਪ੍ਰਾਪਤ ਕਰੇਗਾ।

**(8) ਕਿਹੜੀ ਗੱਲ ਇਹ ਪ੍ਰਗਟ ਕਰਦੀ ਹੈ ਕਿ ਪਰਮੇਸ਼ੁਰ ਦਾ ਪਿਆਰ ਸਾਡੇ ਵਿੱਚ ਸਿੱਧ ਹੋ ਰਿਹਾ ਹੈ?**

***ਪਰ ਜੋ ਕੋਈ ਉਹ ਦੇ ਬਚਨ ਦੀ ਪਾਲਨਾ ਕਰਦਾ ਹੋਵੇ ਉਸ ਵਿੱਚ ਪਰਮੇਸ਼ੁਰ ਦਾ ਪਿਆਰ ਸੱਚ-ਮੁੱਚ ਸੰਪੂਰਨ ਹੋਇਆ ਹੈ। ਇਸ ਤੋਂ ਅਸੀਂ ਜਾਣਦੇ ਹਾਂ ਜੋ ਅਸੀਂ ਉਹ ਦੇ ਵਿੱਚ ਹਾਂ। (1 ਯੂਹੰਨਾ 2:5)***

ਉਹ ਤੋਂ ਮਸੀਹ ਵਿੱਚ ਬਣਿਆ ਰਹਿੰਦਾ ਹੈ, ਉਹ ਪਰਮੇਸ਼ੁਰ ਦੇ ਪਿਆਰ ਵਿੱਚ ਸਿੱਧ ਹੁੰਦਾ ਹੈ, ਅਤੇ ਉਸਦੇ ਉਦੇਸ਼, ਵਿਚਾਰ, ਵਚਨ ਅਤੇ ਕੰਮਾਂ ਦਾ ਤਾਲਮੇਲ ਪਰਮੇਸ਼ੁਰ ਦੀ ਇੱਛਾ ਦੇ ਨਾਲ ਹੁੰਦੇ ਹਨ ਜੋ ਕਿ ਉਸਦੇ

ਹੁਕਮਾਂ ਦੇ ਵਿੱਚ ਜ਼ਾਹਿਰ ਹੁੰਦੇ ਹਨ। ਜੋ ਮਸੀਹ ਵਿੱਚ ਬਣਿਆ ਰਹਿੰਦਾ ਹੈ, ਉਸਦੇ ਮਨ ਵਿੱਚ ਅਜਿਹਾ ਕੁਝ ਵੀ ਨਹੀਂ ਹੁੰਦਾ ਜੋ ਪਰਮੇਸ਼ੁਰ ਦੀ ਬਿਵਸਥਾ ਦੇ ਕਿਸੇ ਵੀ ਉਪਦੇਸ਼ ਦੇ ਨਾਲ ਯੁੱਧ ਕਰਦਾ ਹੋਵੇ। ਜਿੱਥੇ ਮਸੀਹ ਦੀ ਆਤਮਾ ਹਿਰਦੇ ਵਿੱਚ ਹੈ, ਉੱਥੇ ਮਸੀਹ ਦਾ ਕਿਰਦਾਰ ਪ੍ਰਗਟ ਹੋਵੇਗਾ, ਉਕਸਾਹਟ ਦੇ ਦੌਰਾਨ ਨਮਰਤਾ, ਅਤੇ ਅਜ਼ਮਾਇਸ਼ ਦੇ ਤਹਿਤ ਧੀਰਜ ਪ੍ਰਗਟ ਹੋਵੇਗਾ। ਹੇ ਬਾਲਕੋ, ਕੋਈ ਤੁਹਾਨੂੰ ਧੋਖਾ ਨਾ ਦੇਵੇ; ਜੋ ਧਰਮ ਕਰਦਾ ਹੈ ਉਹ ਧਰਮੀ ਹੈ, ਜਿਵੇਂ ਉਹ ਧਰਮੀ ਹੈ। ਧਾਰਮਿਕਤਾ ਨੂੰ ਕੇਵਲ ਪਰਮੇਸ਼ੁਰ ਦੇ ਮਹਾਨ ਨੈਤਿਕ ਸੱਤਰ, ਦੱਸ ਹੁਕਮਾਂ ਦੁਆਰਾ ਹੀ ਪਰਭਾਸ਼ਿਤ ਕੀਤਾ ਜਾ ਸਕਦਾ ਹੈ। ਸੁਭਾਅ ਨੂੰ ਮਾਪਣ ਦੇ ਲਈ ਕੋਈ ਦੂਸਰਾ ਨਿਯਮ ਨਹੀਂ ਹੈ।

**(9) ਮਸੀਹ ਦੇ ਆਤਮ ਬਲੀਦਾਨ, ਆਤਮ-ਤਿਆਗ ਅਤੇ ਛੁੱਟਕਾਰੇ ਦੇ ਪਿਆਰ ਦੇ ਕਾਰਣ, ਉਸਨੇ ਸਾਡੇ ਸਦੀਪਕ ਛੁੱਟਕਾਰੇ ਨੂੰ ਪ੍ਰਾਪਤ ਕਰਨ ਦੇ ਲਈ ਕੀ ਕੀਤਾ ਹੈ?**

***ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਸਥਾਨਾਂ ਦੇ ਅੰਦਰ ਸਦੀਪਕ ਛੁਟਕਾਰਾ ਕਮਾ ਕੇ ਇੱਕੋ ਵਾਰ ਅੰਦਰ ਗਿਆ। (ਇਬਰਾਨੀਆਂ 9:12)***

ਸਾਡਾ ਛੋਟਾ ਜਿਹਾ ਸੰਸਾਰ ਪੂਰੇ ਬ੍ਰਹਿਮੰਡ ਦੀ ਪਾਠ ਪੁਸਤਕ ਹੈ। ਪਰਮੇਸ਼ੁਰ ਦੀ ਕਿਰਪਾ ਦਾ ਅਦਭੁਤ ਉਦੇਸ਼, ਛੁਟਕਾਰੇ ਦੇ ਪਿਆਰ ਦਾ ਭੇਤ ਉਹ ਵਿਸ਼ਾ ਹੈ ਜਿਸਦੇ ਵਿੱਚ ਸਵਰਗਦੂਤ ਵੇਖਣਾ ਚਾਹੁੰਦੇ ਹਨ, ਅਤੇ ਇਹ ਸਦੀਪਕ ਕਾਲ ਤੱਕ ਉਹਨਾਂ ਦਾ ਅਧਿਐਨ ਹੋਵੇਗਾ। ਛੁੱਟਕਾਰਾ ਪਾਏ ਹੋਏ ਅਤੇ ਪਾਪੀ ਦੋਵੇਂ ਪ੍ਰਾਣੀ ਮਸੀਹ ਦੀ ਸਲੀਬ ਵਿੱਚ ਆਪਣਾ ਗਿਆਨ ਅਤੇ ਗੀਤ ਪਾਉਣਗੇ। ਇਹ ਵੇਖਿਆ ਜਾਵੇਗਾ ਕਿ ਯਿਸੂ ਦੇ ਚਿਹਰੇ ਉੱਤੇ ਚਮਕ ਰਹੀ ਮਹਿਮਾ

ਆਤਮ-ਬਲੀਦਾਨ ਦੇ ਪਿਆਰ ਦੀ ਮਹਿਮਾ ਹੈ। ਕਲਵਰੀ ਦੇ ਪ੍ਰਕਾਸ਼ ਦੇ ਵਿੱਚ ਦੇਖਿਆ ਜਾਵੇਗਾ ਕਿ ਆਤਮ ਤਿਆਗ ਦੇ ਪਿਆਰ ਦਾ ਨਿਯਮ ਧਰਤੀ ਅਤੇ ਸਵਰਗ ਦੇ ਲਈ ਜੀਵਨ ਦਾ ਨਿਯਮ ਹੈ; ਕਿ ਪਿਆਰ ਜੋ ਆਪਣੀ ਭਲਿਆਈ ਨਹੀਂ ਸੋਚਦਾ ਉਸਦਾ ਸਰੋਤ ਪਰਮੇਸ਼ੁਰ ਦੇ ਹਿਰਦੇ ਵਿੱਚ ਹੈ।

**(10) ਜਦੋਂ ਅਸੀਂ ਮੁਕਤੀ ਦੇ ਲਈ ਮਸੀਹ ਦੇ ਅਦਭੁੱਤ ਸੱਦੇ ਨੂੰ ਸਵੀਕਾਰ ਕਰਦੇ ਹਾਂ, ਤਾਂ ਅਸੀਂ ਕਿਸਦੇ ਦੁਆਰਾ ਬਚਾਏ ਜਾਂਦੇ ਹਾਂ ਅਤੇ ਕਿਸ ਦੇ ਦੁਆਰਾ ਨਹੀਂ?**

***ਤਾਂ ਉਸ ਨੇ ਧਾਰਮਿਕਤਾ ਦੇ ਕੰਮਾਂ ਕਰਕੇ ਨਹੀਂ ਜੋ ਅਸੀਂ ਕੀਤੇ ਸਗੋਂ ਆਪਣੀ ਦਯਾ ਦੇ ਅਨੁਸਾਰ ਨਵੇਂ ਜਨਮ ਦੇ ਇਸ਼ਨਾਨ ਅਤੇ ਪਵਿੱਤਰ ਆਤਮਾ ਵਿੱਚ ਨਵੀਨੀਕਰਨ ਦੁਆਰਾ ਨਵੇਂ ਜਨਮ ਦੇ ਰਾਹੀਂ ਸਾਨੂੰ ਬਚਾਇਆ। (ਤੀਤੁਸ 3:5)***

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਉੱਤੇ ਭਰੋਸਾ ਕਰੀਏ ਜੋ ਦੁਸ਼ਟਾਂ ਨੂੰ ਧਰਮੀ ਠਹਿਰਾਉਂਦਾ ਹੈ। ਉਸਦਾ ਇਨਾਮ ਸਾਡੀ ਯੋਗਤਾ ਦੇ ਅਨੁਸਾਰ ਨਹੀਂ ਬਲਕਿ ਉਸਦੇ ਆਪਣੇ ਉਦੇਸ਼ ਦੇ ਅਨੁਸਾਰ ਦਿੱਤਾ ਜਾਂਦਾ ਹੈ, “ਜਿਹੜੀ ਉਸ ਨੇ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਪੂਰੀ ਕੀਤੀ!” ਅਫਸੀਆਂ ਨੂੰ 3:11. “ਤਾਂ ਉਸ ਨੇ ਧਾਰਮਿਕਤਾ ਦੇ ਕੰਮਾਂ ਕਰਕੇ ਨਹੀਂ ਜੋ ਅਸੀਂ ਕੀਤੇ ਸਗੋਂ ਆਪਣੀ ਦਯਾ ਦੇ ਅਨੁਸਾਰ ਨਵੇਂ ਜਨਮ ਦੇ ਰਾਹੀਂ ਸਾਨੂੰ ਬਚਾਇਆ। ਤੀਤੁਸ 3:5. ਅਤੇ ਜੋ ਉਸ ਉੱਤੇ ਭਰੋਸਾ ਰੱਖਦੇ ਹਨ, ਉਹਨਾਂ ਦੇ ਲਈ ਉਹ ਜੋ ਕੁਝ ਅਸੀਂ ਮੰਗਦੇ ਹਾਂ ਜਾਂ ਸੋਚਦੇ ਹਾਂ, ਉਸ ਤੋਂ ਕਿਤੇ ਵੱਧ ਕੇ ਕਰੇਗਾ। ਅਫਸੀਆਂ ਨੂੰ 3:20.

ਕੀਤੀ ਗਈ ਮਿਹਨਤ ਦੀ ਮਾਤਰਾ ਜਾਂ ਉਸਦੇ ਅਣਦਿੱਖ ਨਤੀਜੇ ਨਹੀਂ, ਬਲਕਿ ਭਾਵਨਾ ਜਿਸ ਦੁਆਰਾ ਕਾਰਜ

ਕੀਤਾ ਜਾਂਦਾ ਹੈ ਇਸ ਨੂੰ ਪਰਮੇਸ਼ੁਰ ਦੇ ਲਈ ਬਹੁਮੁੱਲਾ ਬਣਾਉਂਦੀ ਹੈ। ਜੋ ਲੋਕ ਗਿਆਰਵੇਂ ਘੰਟੇ ਵਿੱਚ ਅੰਗੂਰ ਦੇ ਬਾਗ ਵਿੱਚ ਆਏ, ਉਹ ਕੰਮ ਕਰਨ ਦੇ ਮੌਕੇ ਦੇ ਲਈ ਧੰਨਵਾਦੀ ਸਨ। ਉਹਨਾਂ ਦੇ ਹਿਰਦੇ ਉਸਦੇ ਲਈ ਧੰਨਵਾਦ ਦੇ ਨਾਲ ਭਰੇ ਹੋਏ ਸਨ ਜਿਸਨੇ ਉਹਨਾਂ ਨੂੰ ਸਵੀਕਾਰ ਕੀਤਾ; ਅਤੇ ਜਦੋਂ ਦਿਨ ਦੇ ਅੰਤ ਵਿੱਚ ਮਾਲਕ ਨੇ ਉਹਨਾਂ ਨੂੰ ਪੂਰੇ ਦਿਨ ਦੇ ਕੰਮ ਦੇ ਮਜ਼ਦੂਰੀ ਦਿੱਤੀ, ਤਾਂ ਉਹ ਬਹੁਤ ਹੈਰਾਨ ਹੋ ਗਏ| ਉਹ ਜਾਣਦੇ ਸਨ ਕਿ ਉਹਨਾਂ ਨੇ ਇੰਨੀ ਮਜ਼ਦੂਰੀ ਨਹੀਂ ਕਮਾਈ ਹੈ। ਅਤੇ ਉਹਨਾਂ ਦੇ ਮਾਲਕ ਦੇ ਚੇਹਰੇ ਉੱਤੇ ਪਾਈ ਗਈ ਦਯਾ ਨੇ ਉਹਨਾਂ ਨੂੰ ਖੁਸ਼ੀ ਦੇ ਨਾਲ ਭਰ ਦਿੱਤਾ। ਉਹ ਘਰ ਦੇ ਸਵਾਮੀ ਦੀ ਇਹ ਭਲਿਆਈ ਜਾਂ ਉਹਨਾਂ ਨੂੰ ਮਿਲੇ ਖੁੱਲੇ ਮੁਆਵਜ਼ੇ ਨੂੰ ਕਦੇ ਨਹੀਂ ਭੁੱਲੇ। ਇਸੇ ਤਰਾਂ ਇੱਕ ਪਾਪੀ ਦੇ ਨਾਲ ਹੈ, ਜਿਸਨੇ ਆਪਣੀ ਅਯੋਗਤਾ ਨੂੰ ਜਾਣਕੇ, ਗਿਆਰਵੇਂ ਘੰਟੇ ਵਿੱਚ ਅੰਗੂਰ ਦੀ ਬਾਰੀ ਵਿੱਚ ਪਰਵੇਸ਼ ਕੀਤਾ ਹੈ। ਉਸਦੇ ਕੰਮ ਦਾ ਸਮਾਂ ਇੰਨਾ ਥੋੜਾ ਹੈ ਕਿ ਉਸਨੂੰ ਲੱਗਦਾ ਹੈ ਕਿ ਉਹ ਇਨਾਮ ਦੇ ਯੋਗ ਨਹੀਂ ਹੈ; ਪਰ ਉਹ ਇਸ ਅਨੰਦ ਦੇ ਨਾਲ ਭਰ ਗਿਆ ਹੈ ਕਿ ਪਰਮੇਸ਼ੁਰ ਨੇ ਉਸਨੂੰ ਸਵੀਕਾਰ ਕਰ ਲਿਆ ਹੈ। ਉਹ ਇੱਕ ਨਮਰ, ਭਰੋਸੇਮੰਦ ਆਤਮਾ ਦੇ ਨਾਲ ਕੰਮ ਕਰਦਾ ਹੈ, ਅਤੇ ਉਹ ਮਸੀਹ ਦੇ ਨਾਲ ਇੱਕ ਸਹਿਯੋਗੀ ਸੇਵਕ ਹੋਣ ਦੇ ਮੌਕੇ ਦੇ ਲਈ ਧੰਨਵਾਦੀ ਹੈ। ਐਸੀ ਭਾਵਨਾ ਨੂੰ ਆਦਰ ਦੇਣ ਵਿੱਚ ਪਰਮੇਸ਼ੁਰ ਪ੍ਰਸੰਨ ਹੁੰਦਾ ਹੈ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਆਪਣੇ ਇਨਾਮ ਦੇ ਮੁੱਲ ਦੇ ਸਵਾਲ ਤੋਂ ਬਿਨਾ ਉਸ ਵਿੱਚ ਬਣੇ ਰਹੀਏ। ਜਦੋਂ ਮਸੀਹ ਆਤਮਾ ਵਿੱਚ ਰਹਿੰਦਾ ਹੈ ਤਾਂ ਇਨਾਮ ਦਾ ਵਿਚਾਰ ਸਭ ਤੋਂ ਉੱਪਰ ਨਹੀਂ ਹੁੰਦਾ ਹੈ। ਇਹ ਉਹ ਮੱਕਸਦ ਨਹੀਂ ਹੈ ਜੋ ਸਾਡੀ ਸੇਵਾ ਨੂੰ ਪ੍ਰੇਰਿਤ ਕਰਦਾ ਹੈ। ਇਹ ਸੱਚ ਹੈ ਕਿ ਅਧੀਨਤਾਈ ਦੇ ਭਾਵ ਵਿੱਚ ਸਾਨੂੰ ਇਨਾਮ ਦੇ ਪ੍ਰਤਿ ਆਦਰ ਦੇਣ ਵਾਲੇ ਹੋਣਾ ਚਾਹੀਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ

ਅਸੀਂ ਉਸਦੀਆਂ ਵਾਅਦਾ ਕੀਤੀਆਂ ਹੋਈਆਂ ਬਰਕਤਾਂ ਦੀ ਸ਼ਲਾਗਾ ਕਰੀਏ। ਪਰ ਉਸਨੇ ਸਾਨੂੰ ਪੁਰਸਕਾਰ ਦੇ ਲਈ ਪ੍ਰੇਰਿਤ ਨਹੀਂ ਕੀਤਾ ਅਤੇ ਨਾ ਹੀ ਇਹ ਕਿ ਹਰੇਕ ਕੰਮ ਦੇ ਲਈ ਸਾਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਜਦੋਂ ਬਿੰਨਾ ਸਾਰਿਆਂ ਲਾਭਾਂ ਦੀ ਆਸ ਤੋਂ ਅਸੀਂ ਸਹੀ ਕੰਮ ਕਰਦੇ ਹਾਂ, ਸਾਨੂੰ ਇਨਾਮ ਪਾਉਣ ਦੇ ਲਈ ਐਨਾ ਫਿਕਰਮੰਦ ਨਹੀਂ ਹੋਣਾ ਚਾਹੀਦਾ ਹੈ। ਪਰਮੇਸ਼ੁਰ ਦੇ ਨਾਲ ਪਿਆਰ ਅਤੇ ਸਾਡੇ ਸੰਗੀ ਦੇ ਨਾਲ ਪਿਆਰ ਕਰਨਾ ਸਾਡਾ ਉਦੇਸ਼ ਹੋਣਾ ਚਾਹੀਦਾ ਹੈ।

*ਮੈਂ ਧੰਨਵਾਦੀ ਹਾਂ ਕਿ, ਉਸਦੇ ਲਹੂ ਅਤੇ ਵਿਸ਼ਵਾਸ ਦੇ ਦੁਆਰਾ ਮੇਰੇ ਵਿੱਚ ਉਸਦੀ ਧਾਰਮਿਕਤਾ ਦੇ ਦੁਆਰਾ ਮੈਨੂੰ ਅਬਰਾਹਾਮ ਦੀ ਆਤਮਿਕ ਸੰਤਾਨ ਮੰਨਿਆ ਜਾਂਦਾ ਹੈ ਅਤੇ ਮੈਂ ਇੱਕ ਵਿਜੇਤਾ ਅਤੇ ਫ਼ਤੇਹਮੰਦ ਬਣ ਸਕਦਾ ਹਾਂ।*

*ਘੇਰਾ ਲਗਾਓ:   ਹਾਂ          ਪੱਕਾ ਨਹੀਂ ਹੈ*

*ਮੈਂ ਪ੍ਰਭੂ ਯਿਸੂ ਨੂੰ ਮੇਰੇ ਲਈ ਉਸਦੇ ਮਹਾਨ ਪਿਆਰ ਦੇ ਲਈ ਧੰਨਵਾਦ ਅਤੇ ਵਡਿਆਈ ਕਰਦਾ ਹਾਂ ਜੋ ਕਿ ਐਨਾ ਮਹਾਨ ਸੀ ਕਿ ਉਸਨੇ ਸੰਪੂਰਨ ਕੀਮਤ ਨੂੰ ਚੁੱਕਾ ਦਿੱਤਾ। ਇਹ ਮੇਰੀ ਇੱਛਾ ਹੈ ਕਿ ਮੇਰੇ ਜੀਵਨ ਦੇ ਹਰੇਕ ਹਿੱਸੇ ਵਿੱਚ ਉਸਨੂੰ ਮਹਿਮਾ ਮਿੱਲੇ।*

*ਘੇਰਾ ਲਗਾਓ:   ਹਾਂ          ਪੱਕਾ ਨਹੀਂ ਹੈ*

*ਮੇਰਾ ਦਿਲ ਮਸੀਹ ਦੇ ਲਈ ਪਿਆਰ ਦੇ ਨਾਲ ਭਰ ਗਿਆ ਹੈ ਕਿ ਉਸਨੇ ਮੈਨੂੰ ਇੰਨਾ ਮਹੱਤਵ ਦਿੱਤਾ ਹੈ ਕਿ*

ਉਹ ਪਰਮੇਸ਼ੁਰ ਦੇ ਪਰਿਵਾਰ ਵਿੱਚੋਂ ਮੇਰੇ ਲਈ ਛੁਡਾਉਣ ਵਾਲਾ ਸੰਗੀ ਬਣ ਗਿਆ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਆਪਣੇ ਮੁੱਲ ਉੱਤੇ ਸ਼ੱਕ ਨਾ ਕਰਨ ਅਤੇ ਆਪਣੇ ਮੁੱਲ ਉੱਤੇ ਧਿਆਨ ਨਾ ਦੇਣ ਦੀ ਚੋਣ ਨਹੀਂ ਕਰਦਾ ਹਾਂ, ਬਲਕਿ ਮੈਂ ਮਸੀਹ ਦੀ ਯੋਗਤਾ ਉੱਤੇ ਵਿਸ਼ਵਾਸ ਕਰਦਾ ਹਾਂ ਅਤੇ ਯਿਸੂ ਮਸੀਹ ਜਿਹੜਾ ਮੇਰੀ ਧਾਰਮਿਕਤਾ ਅਤੇ ਮੁੱਕਤੀਦਾਤਾ ਹੈ, ਦੁਆਰਾ ਪ੍ਰਦਾਨ ਕੀਤੀ ਗਈ ਯੋਗਤਾ ਉੱਤੇ ਵਿਸ਼ਵਾਸ ਕਰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ



## ਅਧਿਆਇ 13
## ਪਰਮੇਸ਼ੁਰ ਦੇ ਪਿਆਰ ਵਿੱਚ ਬਣੇ ਰਹਿਣਾ

**(1) ਜਦੋਂ, ਪਰਮੇਸ਼ੁਰ ਦੀ ਕਿਰਪਾ ਦੇ ਨਾਲ, ਅਸੀਂ ਪਿਆਰ ਵਿੱਚ ਬਣੇ ਰਹਿਣ ਨੂੰ ਚੁਣਦੇ ਹਾਂ, ਤਾਂ ਉਸਦਾ ਨਤੀਜਾ ਕੀ ਨਿਕਲਦਾ ਹੈ?**

***ਅਤੇ ਅਸੀਂ ਪਰਮੇਸ਼ੁਰ ਦੇ ਉਸ ਪਿਆਰ ਨੂੰ ਜੋ ਉਸ ਨੇ ਕੀਤਾ ਹੈ, ਜਾਣਿਆ ਅਤੇ ਉਹ ਦੇ ਉੱਤੇ ਵਿਸ਼ਵਾਸ ਕੀਤਾ ਹੈ। ਪਰਮੇਸ਼ੁਰ ਪਿਆਰ ਹੈ ਅਤੇ ਜਿਹੜਾ ਪਿਆਰ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿੱਚ ਰਹਿੰਦਾ ਹੈ।*** *(1 ਯੂਹੰਨਾ 4:16)*

ਜਦੋਂ ਵੀ ਅਸੀਂ ਆਪਣੇ ਆਪ ਨੂੰ ਪਿਆਰ ਦੇ ਵਾਤਾਵਰਣ ਵਿੱਚ ਬਣਾਈ ਰੱਖਦੇ ਹਾਂ, ਤਾਂ ਇਸ ਦਾ ਅਰਥ ਇਹ ਹੁੰਦਾ ਹੈ, ਕਿ ਸਾਨੂੰ ਖ਼ੁਦ ਨੂੰ ਪਰਮੇਸ਼ੁਰ ਦੀ ਉਪਸਥਿਤੀ ਵਿੱਚ ਬਣਾਏ ਰੱਖਣਾ ਚਾਹੀਦਾ ਹੈ॥ ਕਿਉਂਕਿ ਅਸੀਂ ਪਿਆਰ ਵਿੱਚ ਰਹਿੰਦੇ ਹਾਂ,, ਅਸੀਂ ਪਰਮੇਸ਼ੁਰ ਵਿੱਚ ਰਹਿੰਦੇ ਹਾਂ, ਜੋ ਕਿ ਪਿਆਰ ਹੈ (ਆਇਤ 8) ਪਰਮੇਸ਼ੁਰ ਅਤੇ ਮਨੁੱਖਾਂ ਦੇ ਪ੍ਰਤਿ ਪਿਆਰ ਦੇ ਖੇਤਰ ਵਿੱਚ ਲਗਾਤਾਰ ਬਣੇ ਰਹਿਣ ਦੇ ਲਈ

ਉੱਲਟ ਪ੍ਰਭਾਵਾਂ ਦਾ ਸਾਹਮਣਾ ਕਰਦੇ ਹੋਏ, ਆਤਮਿਕ ਸਹਿਣਸ਼ਕਤੀ ਦੀ ਜ਼ਰੂਰਤ ਹੁੰਦੀ ਹੈ ਜਿਸਨੂੰ ਕੇਵਲ ਪਰਮੇਸ਼ੁਰ ਦੇ ਨਾਲ ਨਿਰੰਤਰ ਸੰਗਤੀ ਦੁਆਰਾ ਹੀ ਕਾਇਮ ਰੱਖਿਆ ਜਾ ਸਕਦਾ ਹੈ।
ਪਿਆਰ ਦੇ ਪਰਮੇਸ਼ੁਰ ਦੇ ਨਾਲ ਨੇੜਤਾ ਦੇ ਨਾਲ ਵੱਸਣ ਦਾ ਅਨੰਦ ਲੈਣ ਵਾਲੇ ਸਾਰੇ ਜਾਣਦੇ ਹਨ ਕਿ ਇਨਾਮ ਪੂਰੀ ਤਰਾਂ ਨਾਲ ਕੋਸ਼ਿਸ਼ ਦੇ ਯੋਗ ਹੈ। ਸ਼ੈਤਾਨ ਵੀ ਇਸ ਗੱਲ ਨੂੰ ਜਾਣਦਾ ਹੈ, ਅਤੇ ਉਹ ਏਡਾ ਚਲਾਕ ਹੈ ਕਿ ਉਹ ਇਸਦੇ ਮੁੱਲ ਨੂੰ ਸਿੱਧੇ ਤੌਰ ਤੇ ਨਕਾਰਨ ਦੀ ਕੋਸ਼ਿਸ਼ ਨਹੀਂ ਕਰਦਾ ਹੈ ਬਲਕਿ ਇਸਦੇ ਬਜਾਏ, ਉਹ ਘੱਟ ਮੁੱਲ ਵਾਲੀਆਂ ਚੰਗੀਆਂ ਚੀਜ਼ਾਂ ਨੂੰ ਚਮਕੀਲੇ ਰੰਗ ਵਿੱਚ ਰੰਗਦਾ ਹੈ ਅਤੇ ਸਾਨੂੰ ਸਾਡੇ ਵਿਚਾਰਾਂ ਨੂੰ ਉਹਨਾਂ ਉੱਤੇ ਕੇਂਦਰਿਤ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ, ਭਾਵੇਂ ਉਹ ਇੱਕ ਪਲ ਦੇ ਲਈ ਕਿਉਂ ਨਾ ਹੋਵੇ। ਇਸ ਪ੍ਰਕਾਰ ਜਦੋਂ ਉਹ ਸਾਡਾ ਧਿਆਨ ਪਰਮੇਸ਼ੁਰ ਦੇ ਵੱਲੋਂ ਹਟਾ ਲੈਂਦਾ ਹੈ, ਤਾਂ ਉਹ ਅਕਸਰ ਮਨ ਨੂੰ ਖ਼ੁਦ ਦੇ ਅਤੇ ਦੂਸਰਿਆਂ ਦੇ ਹਾਨੀਕਾਰਕ ਵਿਚਾਰਾਂ ਦੀ ਵੱਲ ਲੈ ਜਾਣ ਵਿੱਚ ਸਫ਼ਲ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਜਾਣੀਏ ਅਤੇ ਆਪਣੇ  ਖਤਰੇ ਦਾ ਅਹਿਸਾਸ ਵੀ ਕਰੀਏ, ਅਸੀਂ ਕ੍ਰੋਧ ਦੇ ਵਿਚਾਰਾਂ ਨੂੰ ਆਪਣੇ ਮਨ ਵਿੱਚ ਰੱਖ ਰਹੇ ਹਾਂ, ਜਿਸਦੇ ਨਤੀਜੇ ਵਜੋਂ ਪਿਆਰ ਅਤੇ ਪਰਮੇਸ਼ੁਰ ਦੋਵੇਂ ਹੀ ਸਾਡੇ ਦਿਲਾਂ ਵਿੱਚੋਂ ਦੂਰ ਹੋ ਗਏ ਹਨ। ਇਹ ਪੁਰਾਣੀ ਤਕਨੀਕ ਹੈ ਪਰ ਅਜੇ ਵੀ ਇਹ ਬਹੁਤ ਸਫ਼ਲ ਹੈ।

ਸਾਡਾ ਸਭ ਤੋਂ ਵਧੀਆ ਬਚਾਅ, ਮਨ ਨੂੰ ਉਹਨਾਂ ਬਰਕਤਾਂ ਉੱਤੇ ਦ੍ਰਿੜ ਅਤੇ ਨਿਰੰਤਰ ਕੇਂਦਰਿਤ ਕਰਨਾ ਹੈ ਜੋ ਅਸੀਂ ਪਰਮੇਸ਼ੁਰ ਦੇ ਹੱਥੋਂ ਮਾਣੀਆਂ ਹਨ। ਜ਼ਬੂਰ 63:6; 139:17, 18) ਪਰਮੇਸ਼ੁਰ ਨੇ ਜੋ ਸਾਡੇ ਲਈ ਕੀਤਾ ਹੈ, ਉਸਦੇ ਨਾਲ ਸੰਗਤੀ ਦਾ ਅਰਥ ਕੀ ਹੈ ਦਾ ਚੇਤਾ ਵੀ ਮਜ਼ਬੂਤ ਹੁੰਦਾ ਹੈ ਜਦੋਂ ਅਸੀਂ ਦੂਜਿਆਂ ਨੂੰ ਆਪਣੀਆਂ

ਖੁਸ਼ੀਆਂ ਦੇ ਬਾਰੇ ਦੱਸਦੇ ਹਾਂ। ਇਸ ਤਰਾਂ ਦੀਆਂ ਗਵਾਹੀਆਂ ਸਾਡੇ ਭੈਣ-ਭਰਾਵਾਂ ਨੂੰ ਉਸਤਸ਼ਾਹਿਤ ਕਰਦੀਆਂ ਹਨ ਅਤੇ ਸਾਡੇ ਅਤੇ ਸਵਰਗ ਵਿੱਚਲੇ ਸੰਬੰਧ ਨੂੰ ਕਾਇਮ ਰੱਖਣ ਦੇ ਲਈ ਸਾਡੇ ਦ੍ਰਿੜ ਇਰਾਦੇ ਨੂੰ ਮਜ਼ਬੂਤ ਕਰਦੀਆਂ ਹਨ। (ਮਲਾਕੀ 3:16).

**(2) ਜੋ ਪਿਆਰ ਅਸੀਂ ਦੂਸਰਿਆਂ ਨੂੰ ਦਿਖਾਉਂਦੇ ਹਾਂ, ਉਹ ਪਰਮੇਸ਼ੁਰ ਦੇ ਨਾਲ ਸਾਡੇ ਰਿਸ਼ਤੇ ਨੂੰ ਕਿਵੇਂ ਦਰਸਾਉਂਦਾ ਹੈ?**

***ਹੇ ਪਿਆਰਿਓ, ਆਓ ਅਸੀਂ ਇੱਕ ਦੂਜੇ ਨਾਲ ਪਿਆਰ ਰੱਖੀਏ ਕਿਉਂ ਜੋ ਪਿਆਰ ਪਰਮੇਸ਼ੁਰ ਤੋਂ ਹੈ ਅਤੇ ਹਰੇਕ ਜਿਹੜਾ ਪਿਆਰ ਕਰਦਾ ਹੈ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ ਅਤੇ ਪਰਮੇਸ਼ੁਰ ਨੂੰ ਜਾਣਦਾ ਹੈ। (1 ਯੂਹੰਨਾ 4:7)***

ਜਿਸਦੇ ਦਿਲ ਵਿੱਚ ਮਸੀਹ ਵੱਸਦਾ ਹੈ ਉਸਦਾ ਜੀਵਨ, ਸੁਭਾਵਿਕ ਈਸ਼ਵਰਤਾ ਨੂੰ ਪ੍ਰਗਟ ਕਰਦਾ ਹੈ। ਚਰਿੱਤਰ ਸ਼ੁੱਧ, ਉੱਚਾ, ਭਲਾ, ਅਤੇ ਪ੍ਰਤਾਪੀ ਕੀਤਾ ਜਾਵੇਗਾ। ਸ਼ੁੱਧ ਸਿਧਾਂਤ ਧਾਰਮਿਕਤਾ ਦੇ ਕੰਮਾਂ ਦੇ ਨਾਲ ਮਿਸ਼ਰਿਤ ਹੋ ਜਾਂਦਾ ਹੈ। ਸਵਰਗੀ ਉਪਦੇਸ਼ ਪਵਿੱਤਰ ਪ੍ਰਥਾਵਾਂ ਦੇ ਨਾਲ ਇੱਕਠਾ ਹੋ ਜਾਵੇਗਾ।

ਇਹ ਸਾਡੇ ਸਾਥੀ ਮਨੁੱਖਾਂ ਦੇ ਲਈ ਸਾਡੇ ਪਿਆਰ ਦੀ ਸੁਗੰਧ ਹੈ ਜੋ ਪਰਮੇਸ਼ੁਰ ਦੇ ਲਈ ਸਾਡੇ ਪਿਆਰ ਨੂੰ ਪ੍ਰਗਟ ਕਰਦੀ ਹੈ। ਸੇਵਾ ਵਿੱਚ ਧੀਰਜ ਹੀ ਆਤਮਾ ਨੂੰ ਚੈਨ ਦਿੰਦਾ ਹੈ। ਇਹ ਨਮਰ, ਮਿਹਨਤੀ, ਵਫ਼ਾਦਾਰ ਮਿਹਨਤ ਦੇ ਮਾਧਿਅਮ ਨਾਲ ਹੀ ਹੈ ਕਿ ਇਸਰਾਈਲ ਦੀ ਖੁਸ਼ਹਾਲੀ ਨੂੰ ਵਧਾਵਾ ਦਿੱਤਾ ਜਾਂਦਾ ਹੈ। ਜੋ ਮਸੀਹ ਦੇ ਰਾਹ ਉੱਤੇ ਚੱਲਣ

ਦੇ ਲਈ ਤਿਆਰ ਹੈ, ਪਰਮੇਸ਼ੁਰ ਉਸ ਨੂੰ ਸੰਭਾਲਦਾ ਅਤੇ ਮਜ਼ਬੂਤ ਕਰਦਾ ਹੈ।

ਇਹ ਮੰਨ ਲੈਣਾ ਸਭ ਤੋਂ ਵੱਡਾ ਅਤੇ ਘਾਤਕ ਧੋਖਾ ਹੋਵੇਗਾ ਕਿ ਇੱਕ ਆਦਮੀ ਆਪਣੇ ਭਰਾਵਾਂ ਨਾਲ ਬਗੈਰ ਮਸੀਹ-ਪਿਆਰ ਦੇ, ਅਨੰਤ ਜੀਵਨ ਤੱਕ ਵਿਸ਼ਵਾਸ ਕਰ ਸਕਦਾ ਹੈ। ਜੋ ਪਰਮੇਸ਼ੁਰ ਅਤੇ ਆਪਣੇ ਗੁਆਂਢੀ ਦੇ ਨਾਲ ਪਿਆਰ ਰੱਖਦਾ ਹੈ ਉਹ ਜੋਤੀ ਅਤੇ ਪਿਆਰ ਦੇ ਨਾਲ ਭਰਭੂਰ ਹੈ। ਪਰਮੇਸ਼ੁਰ ਉਸ ਵਿੱਚ ਅਤੇ ਉਸਦੇ ਚਾਰ-ਚੁਫੇਰੇ ਹੈ। ਮਸੀਹੀ ਆਪਣੇ ਆਸ ਪਾਸ ਦੇ ਲੋਕਾਂ ਦੇ ਨਾਲ ਉਹਨਾਂ ਬੇਸ਼ਕੀਮਤੀ ਰੂਹਾਂ ਦੇ ਤੌਰ ਤੇ ਪਿਆਰ ਕਰਦੇ ਹਨ ਜਿਨ੍ਹਾਂ ਦੇ ਲਈ ਮਸੀਹ ਮਰਿਆ ਹੈ। ਪਿਆਰਹੀਣ ਮਸੀਹਾਂ ਵਰਗੀ ਕੋਈ ਚੀਜ਼ ਨਹੀਂ ਹੈ; ਕਿਉਂਕਿ ਪਰਮੇਸ਼ੁਰ ਪਿਆਰ ਹੈ, ਅਤੇ ਜੇਕਰ ਅਸੀਂ ਉਸੇ ਦੇ ਹੁਕਮਾਂ ਨੂੰ ਮੰਨਦੇ ਹਾਂ, ਤਾਂ ਅਸੀਂ ਇਹ ਜਾਂਦੇ ਹਾਂ ਕਿ, ਅਸੀਂ ਉਸਨੂੰ ਜਾਣਦੇ ਹਾਂ। ਜੋ ਕੋਈ ਕਹਿੰਦਾ ਹੈ ਕਿ ਮੈਂ ਉਸ ਨੂੰ ਜਾਣਦਾ ਹਾਂ ਅਤੇ ਉਸਦੇ ਹੁਕਮਾਂ ਨੂੰ ਨਹੀਂ ਮੰਨਦਾ, ਉਹ ਝੂਠਾ ਹੈ ਅਤੇ ਉਸ ਵਿੱਚ ਸੱਚਾਈ ਹੈ ਹੀ ਨਹੀਂ।

**(3) ਇਹ ਆਇਤ ਸਾਨੂੰ ਕਿਸ ਦੇ ਵੱਲ ਦਯਾ, ਅਸੀਮ ਪਿਆਰ, ਅਤੇ ਸਦੀਪਕ ਜੀਵਨ ਦੇ ਮਨਨ ਵਿੱਚ ਨਿਰੰਤਰ ਦੇਖਣ ਦੀ ਸਲਾਹ ਦਿੰਦੀ ਹੈ?**

***ਪਰਮੇਸ਼ੁਰ ਦੇ ਪਿਆਰ ਵਿੱਚ ਆਪਣੇ ਆਪ ਨੂੰ ਕਾਇਮ ਰੱਖੋ ਅਤੇ ਸਦੀਪਕ ਜੀਵਨ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੀ ਦਯਾ ਦੀ ਉਡੀਕ ਕਰਦੇ ਰਹੋ। (ਯਹੂਦਾ** *1:21)*

ਮਸੀਹ ਦੇ ਮਨਨ ਵਿੱਚ ਅਸੀਂ ਇੱਕ ਐਸੇ ਪਿਆਰ ਦੇ ਕੰਡੇ ਉੱਤੇ ਰਹਿੰਦੇ ਹਨ ਜੋ ਕਿ ਬੇਅੰਤ ਹੈ। ਅਸੀਂ ਇਸ ਪਿਆਰ

ਦੀ ਬਾਬਤ ਦੱਸਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਭਾਸ਼ਾ ਸਾਨੂੰ ਅਸਫ਼ਲ ਕਰ ਦਿੰਦੀ ਹੈ। ਅਸੀਂ ਵਿਚਾਰ ਕਰਦੇ ਹਾਂ, ਧਰਤੀ ਉੱਤੇ ਉਸਦੇ ਜੀਵਨ, ਸਾਡੇ ਲਈ ਉਸਦਾ ਬਲੀਦਾਨ, ਸਵਰਗ ਵਿੱਚ ਸਾਡੇ ਵਿਚੋਲੇ ਵਜੋਂ ਉਸਦੇ ਕੰਮ, ਅਤੇ ਉਹ ਮਹਿਲ ਜੋ ਉਹ ਉਹਨਾਂ ਵਾਸਤੇ ਤਿਆਰ ਕਰ ਰਿਹਾ ਹੈ ਜੋ ਉਸਨੂੰ ਪਿਆਰ ਕਰਦੇ ਹਨ, ਅਤੇ ਅਸੀਂ ਸਿਰਫ ਇਹੋ ਪੁਕਾਰ ਸਕਦੇ ਹਾਂ, ਔਹ! ਮਸੀਹ ਦੇ ਪਿਆਰ ਦੀ ਗਹਿਰਾਈ ਅਤੇ ਉੱਚਾਈ! “ਪਿਆਰ ਇਸ ਗੱਲ ਵਿੱਚ ਹੈ, ਨਾ ਇਹ ਕਿ ਅਸੀਂ ਪਰਮੇਸ਼ੁਰ ਨਾਲ ਪਿਆਰ ਕੀਤਾ ਸਗੋਂ ਇਹ ਕਿ ਉਹ ਨੇ ਸਾਨੂੰ ਪਿਆਰ ਕੀਤਾ ਅਤੇ ਆਪਣੇ ਪੁੱਤਰ ਨੂੰ ਭੇਜਿਆ ਤਾਂ ਕਿ ਉਹ ਸਾਡੇ ਪਾਪਾਂ ਦਾ ਪ੍ਰਾਸਚਿੱਤ ਹੋਵੇ।” “ਵੇਖੋ, ਪਿਤਾ ਨੇ ਕਿਹੋ ਜਿਹਾ ਪਿਆਰ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸੱਦੇ ਜਾਈਏ! ”1 ਯੂਹੰਨਾ 4:10; 3:1.

ਹਰ ਸੱਚੇ ਚੇਲੇ ਵਿੱਚ ਇਹ ਪਿਆਰ, ਪਵਿੱਤਰ ਅੱਗ ਦੇ ਵਾਂਗਰ ਦਿਲ ਦੀ ਵੇਦੀ ਉੱਤੇ ਬਲਦਾ ਹੈ। ਇਹ ਧਰਤੀ ਉੱਤੇ ਸੀ ਕਿ ਪਰਮੇਸ਼ੁਰ ਦਾ ਪਿਆਰ ਮਸੀਹ ਦੇ ਦੁਆਰਾ ਪ੍ਰਗਟ ਹੋਇਆ। ਇਹ ਧਰਤੀ ਉੱਤੇ ਹੈ ਕਿ ਉਸਦੇ ਬੱਚਿਆਂ ਨੂੰ ਇਸ ਪਿਆਰ ਨੂੰ ਨਿਰਦੋਸ਼ ਜੀਵਨ ਦੇ ਮਾਧਿਅਮ ਰਾਹੀਂ ਦਰਸਾਉਣਾ ਹੈ। ਇਸ ਤਰਾਂ ਪਾਪੀਆਂ ਨੂੰ ਸਲੀਬ ਉੱਤੇ ਮਸੀਹ ਦੇ ਮੇਮਣੇ ਨੂੰ ਵੇਖਣ ਦੇ ਲਈ ਲਿਜਾਇਆ ਜਾਵੇਗਾ।

**(4) ਪਰਮੇਸ਼ੁਰ ਦੇ ਨਾਲ ਸਥਾਈ ਸੰਬੰਧ ਵਿੱਚ ਸਾਡੀ ਦੋ-ਭਾਗੀ ਭੂਮਿਕਾ ਕੀ ਹੈ ਕਿ ਅਸੀਂ ਉਸਦੇ ਪਿਆਰ ਵਿੱਚ ਪੂਰੀ ਤਰਾਂ ਨਾਲ ਖੜ੍ਹੇ ਹੋ ਸਕਦੇ ਹਾਂ?**

***ਇਸ ਲਈ ਤੁਸੀਂ ਪਰਮੇਸ਼ੁਰ ਦੇ ਅਧੀਨ ਹੋ ਜਾਓ। ਪਰ ਸ਼ੈਤਾਨ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ। (ਯਾਕੂਬ 4:7)***

ਛੁੱਟਕਾਰੇ ਦੀ ਸਾਰੀ ਯੋਜਨਾ ਇਹਨਾਂ ਬਹੁਮੁੱਲੇ ਸ਼ਬਦਾਂ ਵਿੱਚ ਬਿਆਨ ਕੀਤੀ ਗਈ ਹੈ: “ਪਰਮੇਸ਼ੁਰ ਨੇ ਸੰਸਾਰ ਨੂੰ ਇੰਨ੍ਹਾਂ ਪਿਆਰ ਕੀਤਾ ਅਤੇ ਉਸ ਨੇ ਉਨ੍ਹਾਂ ਨੂੰ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ ਕੋਈ ਵੀ ਉਸ ਵਿੱਚ ਵਿਸ਼ਵਾਸ ਰੱਖੇ ਉਹ ਨਾਸ ਨਾ ਹੋਵੇ ਸਗੋਂ ਸਦੀਪਕ ਜੀਵਨ ਪ੍ਰਾਪਤ ਕਰੇ। ” ਮਸੀਹ ਨੇ ਸੱਚਮੁੱਚ ਦੁਨੀਆਂ ਦੇ ਪਾਪਾਂ ਦੀ ਸਜਾ ਸਹਿਣ ਕੀਤੀ, ਤਾਂਕਿ ਉਸਦੇ ਧਾਰਮਿਕਤਾ ਪਾਪੀਆਂ ਦੇ ਉੱਤੇ ਠਹਿਰ ਜਾਵੇ, ਅਤੇ ਤੌਬਾ ਅਤੇ ਵਿਸ਼ਵਾਸ ਦੁਆਰਾ ਉਹ ਚਰਿੱਤਰ ਦੀ ਪਵਿੱਤਰਤਾ ਵਿੱਚ ਉਸਦੇ ਸਮਾਨ ਬਣ ਸਕਣ। ਉਹ ਕਹਿੰਦਾ ਹੈ, “ਮੈਂ ਉਸ ਆਦਮੀ ਦੇ ਪਾਪਾਂ ਦੇ ਦੋਸ਼ ਨੂੰ ਸਹਿੰਦਾ ਹਾਂ।” ਮੈਨੂੰ ਸਜਾ ਲੈਣ ਦਿਓ ਅਤੇ ਤੌਬਾ ਕਰਨ ਵਾਲੇ ਪਾਪੀ ਨੂੰ ਤੇਰੇ ਨਿਰਦੋਸ਼ ਦੇ ਸਾਹਮਣੇ ਖੜ੍ਹਾ ਹੋਣ ਦਿਓ। ਜਿਸ ਵਕਤ ਪਾਪੀ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ, ਉਹ ਬਿੰਨਾ ਦੋਸ਼ੀ ਠਹਿਰਾਏ ਪਰਮੇਸ਼ੁਰ ਦੀ ਨਿਗਾਹ ਵਿੱਚ ਖੜਾ ਹੋ ਜਾਂਦਾ ਹੈ; ਕਿਉਂਕਿ ਮਸੀਹ ਦੀ ਧਾਰਮਿਕਤਾ ਉਸੇ ਦੀ ਹੈ: ਮਸੀਹ ਦੀ ਸਿੱਧ ਆਗਿਆਕਾਰੀ ਨੂੰ ਉਸ ਉੱਤੇ ਪਾ ਦਿੱਤਾ ਗਿਆ ਹੈ। ਪਰ ਉਸਨੂੰ ਪਰਮੇਸ਼ੁਰ ਦੀ ਤਾਕਤ ਦੇ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਪਾਪ ਨੂੰ ਵਸ਼ ਵਿੱਚ ਕਰਨ ਦੇ ਲਈ ਉਸਨੂੰ ਆਪਣੀ ਮਨੁੱਖੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਅਤੇ ਮਸੀਹ ਵਿੱਚ ਸੰਪੂਰਨਤਾਈ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ।

**(5) ਤਿੰਨ ਹੋਰ ਤਰੀਕਿਆਂ ਦੀ ਸੂਚੀ ਬਣਾਓ, ਜੋ ਯਾਕੂਬ ਨੇ ਦੱਸੇ ਹਨ ਜੋ ਕਿ ਪ੍ਰਭੂ ਦੀ ਕਿਰਪਾ ਦੁਆਰਾ ਕੀਤੇ ਗਏ ਹਨ, ਜੋ ਕਿ ਸਾਨੂੰ ਉਸਦੇ ਨਾਲ ਸਥਾਈ ਸੰਬੰਧ ਵਿੱਚ ਜੁੜੇ ਰਹਿਣ ਵਿੱਚ ਮਦਦ ਕਰੇਗਾ?**

*ਪਰਮੇਸ਼ੁਰ ਦੇ ਨੇੜੇ ਆਓ ਤਾਂ ਉਹ ਵੀ ਤੁਹਾਡੇ ਨੇੜੇ ਆਵੇਗਾ। ਹੇ ਪਾਪੀਓ, ਆਪਣੇ ਹੱਥ ਸ਼ੁੱਧ ਕਰੋ ਅਤੇ ਹੇ ਦੁਚਿੱਤਿਓ, ਆਪਣੇ ਦਿਲਾਂ ਨੂੰ ਪਵਿੱਤਰ ਕਰੋ। (ਯਾਕੂਬ 4:8)*

**(6) ਜੇਕਰ ਅਸੀਂ ਲਗਾਤਾਰ ਪਰਮੇਸ਼ੁਰ ਦੇ ਮਹਿਮਾ (ਉਸਦੇ ਪਿਆਰ ਦੇ ਕਿਰਦਾਰ) ਨੂੰ ਆਤਮਾ ਦੇ ਦੁਆਰਾ ਦੇਖਦੇ ਹੋਏ ਕਾਇਮ ਰਹਿੰਦੇ ਹਾਂ, ਤਾਂ ਅਸੀਂ ਕਿਸਦੇ ਵਿੱਚ ਤਬਦੀਲ ਹੋ ਜਾਵਾਂਗੇ?**

*ਪਰ ਅਸੀਂ ਸਭ ਅਣਕੱਜੇ ਚਿਹਰੇ ਨਾਲ ਪ੍ਰਭੂ ਦੇ ਤੇਜ ਦਾ ਸ਼ੀਸ਼ੇ ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੱਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ। (2 ਕੁਰਿੰਥੀਆਂ ਨੂੰ 3:18)*

ਹਿਰਦੇ ਵਿੱਚ ਪਰਮੇਸ਼ੁਰ ਦੇ ਪਿਆਰ, ਦਯਾ, ਅਤੇ ਉਸਦੀ ਭਲਿਆਈ, ਅਤੇ ਪਵਿੱਤਰ ਆਤਮਾ ਦੇ ਕੰਮ ਦਾ ਪ੍ਰਗਟੀਕਰਨ ਜੋ ਕਿ ਇਸਦਾ ਨਵੀਨੀਕਰਨ ਅਤੇ ਇਸਨੂੰ ਜਾਗ੍ਰਿਤ ਕਰਦਾ ਹੈ, ਇਹ ਸਾਨੂੰ ਮਸੀਹ ਦੇ ਨਾਲ ਕਰੀਬੀ ਸੰਬੰਧ ਦੇ ਵਿੱਚ ਵਿਸ਼ਵਾਸ ਦੇ ਦੁਆਰਾ ਰੱਖਦਾ ਹੈ, ਜਿਸ ਵਜੋਂ ਉਸਦੇ ਚਰਿੱਤਰ ਦੀ ਸਪਸ਼ੱਟ ਸਮਝ ਰੱਖਣ ਦੁਆਰਾ, ਅਸੀਂ ਸ਼ੈਤਾਨ ਦੇ ਚਲਾਕ ਧੋਖੇ ਨੂੰ ਪਹਿਚਾਣਨ ਦੇ ਕਾਬਿਲ ਹਾਂ। ਯਿਸੂ ਦੀ ਵੱਲ ਦੇਖਦੇ ਹੋਏ ਅਤੇ ਉਸਦੇ ਗੁਣਾਂ ਉੱਤੇ ਭੋਰੋਸਾ ਕਰਦੇ ਹੋਏ, ਅਸੀਂ ਪਵਿੱਤਰ ਆਤਮਾ ਵਿੱਚ ਪ੍ਰਕਾਸ਼, ਸ਼ਾਂਤੀ, ਅਨੰਦ ਦੀਆਂ ਬਰਕਤਾਂ ਨੂੰ ਉਪਯੁਕਤ ਬਣਾਉਂਦੇ ਹਾਂ। ਅਤੇ ਉਹਨਾਂ ਮਹਾਨ ਕੰਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਮਸੀਹ ਨੇ ਸਾਡੇ ਲਈ ਕੀਤੇ ਹਨ, ਅਸੀਂ ਇਹ ਲਲਕਾਰਨ ਦੇ ਲਈ ਤਿਆਰ ਹਾਂ: ਵੇਖੋ, ਪਿਤਾ ਨੇ ਕਿਹੋ ਜਿਹਾ ਪਿਆਰ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸੱਦੇ ਜਾਈਏ!

ਭੈਣੋ-ਭਰਾਵੋਂ, ਇਹ ਵੇਖਣ ਦੇ ਨਾਲ ਹੀ ਹੈ ਜੋ ਅਸੀਂ ਤਬਦੀਲ ਹੁੰਦੇ ਹਾਂ। ਪਰਮੇਸ਼ੁਰ ਅਤੇ ਸਾਡੇ ਮੁੱਕਤੀਦਾਤਾ ਦੇ ਪਿਆਰ ਵਿੱਚ ਰਹਿ ਕੇ, ਰੱਬੀ ਸੁਭਾਅ ਦੀ ਸੰਪੂਰਨਤਾ ਉੱਤੇ ਵਿਸ਼ਵਾਸ ਕਰਕੇ ਅਤੇ ਵਿਸ਼ਵਾਸ ਦੁਆਰਾ ਮਸੀਹ ਦੀ ਧਾਰਮਿਕਤਾ ਨੂੰ ਆਪਣਾ ਜਾਣਦੇ ਹੋਏ, ਸਾਨੂੰ ਉਸੇ ਹੀ ਸੂਰਤ ਵਿੱਚ ਬਦਲਣਾ ਹੈ। ਤਾਂ ਆਓ ਅਸੀਂ ਸਾਰੀਆਂ ਭੱਧੀਆਂ ਤਸਵੀਰਾਂ ਨੂੰ ਇੱਕਠਾ ਨਾ ਕਰੀਏ--ਕੁਧਰਮ ਅਤੇ ਭ੍ਰਿਸ਼ਟਾਚਾਰ ਅਤੇ ਨਿਰਾਸ਼ਾਵਾਂ, ਸ਼ੈਤਾਨ ਦੀ ਸ਼ਕਤੀ ਦਾ ਪ੍ਰਮਾਣ ਹੈ ਜੋ ਕਿ ਸਾਡੀਆਂ ਯਾਦਾਂ ਦੇ ਗ੍ਰਹਿ ਵਿੱਚ ਬਣਿਆ ਰਹਿੰਦਾ ਅਤੇ ਉਹਨਾਂ ਦੇ ਬਾਰੇ ਗੱਲ ਕਰਦਾ ਅਤੇ ਉਹਨਾਂ ਦੇ ਬਾਰੇ ਸਾਨੂੰ ਓਦੋਂ ਤੱਕ ਦੁੱਖੀ ਕਰਦਾ ਹੈ ਜਦ ਤੱਕ ਸਾਡੀਆਂ ਆਤਮਾਵਾਂ ਨਿਰਾਸ਼ਾ ਦੇ ਨਾਲ ਭਰ ਨਹੀਂ ਜਾਂਦੀਆਂ। ਇੱਕ ਨਿਰਾਸ਼ ਆਤਮਾ ਹਨੇਰੇ ਦਾ ਸ਼ਰੀਰ ਹੈ, ਜੋ ਕਿ ਨਾ ਸਿਰਫ ਪਰਮੇਸ਼ੁਰ ਦੀ ਰੌਸ਼ਨੀ ਨੂੰ ਪਾਉਣ ਵਿੱਚ ਨਾਕਾਮ ਰਿਹਾ, ਬਲਕਿ ਦੂਸਰਿਆਂ ਦੇ ਲਈ ਵੀ ਇਸ ਨੂੰ ਬੰਦ ਕਰ ਦਿੱਤਾ। ਸ਼ੈਤਾਨ ਆਪਣੀ ਜਿੱਤ ਦੀ ਤਸਵੀਰਾਂ ਦੇ ਪ੍ਰਭਾਵ ਨੂੰ ਦੇਖਣਾ ਪਸੰਦ ਕਰਦਾ ਹੈ, ਜੋ ਮਨੁੱਖਾਂ ਨੂੰ ਬੇ-ਪਰਤੀਤੇ ਅਤੇ ਨਿਰਾਸ਼ਾਵਾਦੀ ਬਣਾ ਦਿੰਦਾ ਹੈ।

**(7) ਜਦੋਂ ਅਸੀਂ ਆਪਣੀ ਇੱਛਾ ਨੂੰ ਪਰਮੇਸ਼ੁਰ ਦੀ ਇੱਛਾ ਦੇ ਪੂਰੀ ਤਰਾਂ ਅਧੀਨ ਕਰਨ ਦੇ ਲਈ ਉਸਨੂੰ ਪਿਆਰ ਕਰਦੇ ਅਤੇ ਉਸ ਉੱਤੇ ਭਰੋਸਾ ਰੱਖਦੇ ਹਾਂ, ਤਾਂ ਇਸਦਾ ਨਤੀਜਾ ਕੀ ਹੁੰਦਾ ਹੈ?**

***ਅਤੇ ਸੰਸਾਰ ਅਤੇ ਉਹ ਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਮਰਜ਼ੀ ਅਨੁਸਾਰ ਚੱਲਦਾ ਹੈ, ਉਹ ਸਦਾ ਤੱਕ ਕਾਇਮ ਰਹਿੰਦਾ ਹੈ। (1 ਯੂਹੰਨਾ 2:17)***

ਸ਼ੁੱਧ ਦਾ ਸੰਬੰਧ ਇੱਛਾ ਨਾਲ ਹੈ। ਇੱਛਾ ਮਨੁੱਖ ਦੇ ਸੁਭਾਅ ਵਿੱਚ ਸ਼ਾਸਨ ਕਰਨ ਵਾਲੀ ਸ਼ਕਤੀ ਹੈ, ਜੋ ਕੀ ਹੋਰਨਾਂ ਆਂਤਰਿਕ ਸ਼ਕਤੀਆਂ ਨੂੰ ਆਪਣੇ ਅਧੀਨ ਕਰ ਲੈਂਦੀ ਹੈ। ਇੱਛਾ ਸਵਾਦ ਜਾਂ ਝੁਕਾਅ ਨਹੀਂ ਹੈ, ਬਲਕਿ ਇਹ ਨਿਰਣਾ ਲੈਣ ਵਾਲੀ ਸ਼ਕਤੀ ਹੈ ਜੋ ਮਨੁੱਖ ਦੀ ਸੰਤਾਨ ਵਿੱਚ ਪਰਮੇਸ਼ੁਰ ਦੀ ਆਗਿਆਕਾਰੀ ਜਾਂ ਅਣ-ਆਗਿਆਕਾਰੀ ਦੇ ਲਈ ਕੰਮ ਕਰਦੀ ਹੈ....

ਤੁਸੀਂ ਆਪਣੀ ਇੱਛਾ ਦੇ ਅਨੁਸਾਰ ਆਪਣੇ ਆਵੇਗ ਅਤੇ ਆਪਣੀਆਂ ਭਾਵਨਾਵਾਂ ਨੂੰ ਨਿਯੰਤਰਣ ਨਹੀਂ ਕਰ ਸਕਦੇ, ਪਰ ਤੁਸੀਂ ਇੱਛਾ ਨੂੰ ਨਿਯੰਤਰਿਤ ਕਰ ਸਕਦੇ ਹੋ, ਅਤੇ ਤੁਸੀਂ ਆਪਣੇ ਜੀਵਨ ਵਿੱਚ ਇੱਕ ਸੰਪੂਰਨ ਤਬਦੀਲੀ ਕਰ ਸਕਦੇ ਹੋ। ਆਪਣੀ ਇੱਛਾ ਨੂੰ ਮਸੀਹ ਨੂੰ ਸੌਂਪ ਕੇ ਤੁਸੀਂ ਪਰਮੇਸ਼ੁਰ ਵਿੱਚ ਮਸੀਹ ਦੇ ਨਾਲ ਲੁਕੇ ਰਹੋਗੇ, ਅਤੇ ਤੁਸੀਂ ਉਸ ਸਮਰੱਥ ਦੇ ਨਾਲ ਭਾਈਵਾਲ ਹੋ ਜਾਓਗੇ ਜੋ ਸਭ ਹਕੂਮਤਾਂ ਅਤੇ ਸ਼ਕਤੀਆਂ ਤੋਂ ਉੱਪਰ ਹੈ। ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਬੱਲ ਮਿਲੇਗਾ, ਜੋ ਤੁਹਾਨੂੰ ਉਸਦੇ ਬੱਲ ਉੱਤੇ ਸਥਿਰ ਰੱਖੇਗਾ; ਅਤੇ ਇੱਕ ਨਵਾਂ ਪ੍ਰਕਾਸ਼, ਇੱਥੋਂ ਤੱਕ ਕੀ ਜੀਵਿਤ ਵਿਸ਼ਵਾਸ ਦਾ ਪ੍ਰਕਾਸ਼, ਤੁਹਾਡੇ ਲਈ ਸੁਖਾਲਾ ਹੋਵੇਗਾ। ਪਰ ਤੁਹਾਡੀ ਇੱਛਾ ਨੂੰ ਪਰਮੇਸ਼ੁਰ ਦੇ ਇੱਛਾ ਦੇ ਨਾਲ ਸਹਿਯੋਗ ਕਰਨਾ ਪਵੇਗਾ।
ਇੱਛਾ ਨੂੰ ਪਰਮੇਸ਼ੁਰ ਦੇ ਪੱਖ ਵਿੱਚ ਦ੍ਰਿੜਤਾ ਦੇ ਨਾਲ ਰੱਖਦੇ ਹੋਏ, ਤੁਸੀਂ ਹਰ ਭਾਵਨਾ ਨੂੰ...ਯਿਸੂ ਮਸੀਹ ਦੀ ਇੱਛਾ ਦੇ ਕਾਬਜ਼ ਕਰੋਗੇ। ਤਦ ਤੁਸੀਂ ਆਪਣੇ ਪੈਰਾਂ ਨੂੰ ਮਜ਼ਬੂਤ ਚੱਟਾਨ ਉੱਤੇ ਪਾਓਗੇ। ਕਈ ਵਾਰ, ਅਜਿਹਾ ਕਰਨ ਦੇ ਲਈ ਤੁਹਾਡੀ ਇੱਛਾਸ਼ਕਤੀ ਦਾ ਹਰ ਕਣ ਇਸਤੇਮਾਲ ਹੋਵੇਗਾ ਪਰ ਇਹ ਪਰਮੇਸ਼ੁਰ ਹੈ ਜੋ ਤੁਹਾਡੇ ਲਈ ਕੰਮ ਕਰ ਰਿਹਾ ਹੈ, ਅਤੇ ਘੜਨ ਦੀ ਪ੍ਰਕਿਰਿਆ ਵਿੱਚੋਂ ਤੁਸੀਂ ਆਦਰ ਦੇ ਬਰਤਨ ਬਣ ਜਾਓਗੇ। {ਆਰ ਸੀ 294}

**(8) ਪਿਤਾ ਅਤੇ ਉਸਦੇ ਪੁੱਤਰ ਯਿਸੂ ਵਿੱਚ ਕਾਇਮ ਰਹਿਣ ਦੇ ਲਈ, ਸਾਡੇ ਵਿੱਚ ਕਿਸ ਦਾ ਵਾਸਾ ਹੋਣਾ ਚਾਹੀਦਾ ਹੈ, ਸਾਨੂੰ ਕੀ ਜਾਨਣਾ, ਅਤੇ ਕਿਸ ਨੂੰ ਪਿਆਰ ਕਰਨਾ ਚਾਹੀਦਾ ਹੈ?**

***ਮੈਂ ਤੁਹਾਨੂੰ ਇਸ ਲਈ ਨਹੀਂ ਲਿਖਿਆ ਜੋ ਤੁਸੀਂ ਸੱਚ ਨੂੰ ਨਹੀਂ ਜਾਣਦੇ ਸਗੋਂ ਇਸ ਲਈ ਜੋ ਤੁਸੀਂ ਜਾਣਦੇ ਹੋ ਅਤੇ ਇਸ ਲਈ ਕਿ ਕੋਈ ਝੂਠ ਸੱਚ ਵਿੱਚੋਂ ਨਹੀਂ ਹੈ। (1 ਯੂਹੰਨਾ 2:21)***

***ਜਿਹੜਾ ਸ਼ੁਰੂ ਤੋਂ ਤੁਸੀਂ ਸੁਣਿਆ ਉਹ ਤੁਹਾਡੇ ਵਿੱਚ ਕਾਇਮ ਰਹੇ। ਜੇ ਉਹ ਤੁਹਾਡੇ ਵਿੱਚ ਕਾਇਮ ਰਹੇ ਜਿਹੜਾ ਸ਼ੁਰੂ ਤੋਂ ਤੁਸੀਂ ਸੁਣਿਆ ਤਾਂ ਤੁਸੀਂ ਵੀ ਪੁੱਤਰ ਅਤੇ ਪਿਤਾ ਵਿੱਚ ਕਾਇਮ ਰਹੋਗੇ। (1 ਯੂਹੰਨਾ 2:24)***

ਬਾਈਬਲ ਦਾ ਓਨਾ ਅਧਿਐਨ ਨਹੀਂ ਕੀਤਾ ਜਾਂਦਾ ਜਿੰਨਾ ਹੋਣਾ ਚਾਹੀਦਾ ਹੈ; ਇਸ ਨੂੰ ਜੀਵਨ ਦਾ ਨਿਯਮ ਨਹੀਂ ਬਣਾਇਆ ਗਿਆ ਹੈ। ਜੇ ਇਸ ਦੇ ਸਿਧਾਂਤਾਂ ਦਾ ਇਮਾਨਦਾਰੀ ਨਾਲ ਪਾਲਣ ਕੀਤਾ ਜਾਂਦਾ, ਅਤੇ ਇਸਨੂੰ ਚਰਿੱਤਰ ਦਾ ਅਧਾਰ ਬਣਾਇਆ ਜਾਂਦਾ, ਤਾਂ ਉਦੇਸ਼ ਦੀ ਦ੍ਰਿੜਤਾ ਹੁੰਦੀ ਕਿ ਕੋਈ ਵੀ ਵਪਾਰਕ ਅਨੁਮਾਨ ਜਾਂ ਦੁਨਿਆਵੀ ਲਾਲਸਾਵਾਂ ਗੰਭੀਰਤਾ ਨਾਲ ਪ੍ਰਭਾਵਿਤ ਨਹੀਂ ਕਰਦੇ। ਇਸ ਪ੍ਰਕਾਰ ਇੱਕ ਚਰਿੱਤਰ ਜਿਸਦਾ ਨਿਰਮਾਣ, ਅਤੇ ਬੱਲ ਪਰਮੇਸ਼ੁਰ ਦੇ ਵਚਨ ਦੁਆਰਾ ਹੁੰਦਾ ਹੈ, ਅਜ਼ਮਾਇਸ਼, ਮੁਸ਼ਕਿਲਾਂ ਅਤੇ ਖਤਰਿਆਂ ਦੇ ਦਿਨਾਂ ਵਿੱਚ ਕਾਇਮ ਰਹੇਗਾ। ਜ਼ਮੀਰ ਦਾ ਪ੍ਰਕਾਸ਼ਮਾਨ ਹੋਣਾ ਜ਼ਰੂਰੀ ਹੈ, ਅਤੇ ਜੀਵਨ ਨੂੰ ਦਿਲ ਵਿੱਚ ਪ੍ਰਾਪਤ ਹੋਏ ਸੱਚ ਦੇ ਪਿਆਰ ਦੁਆਰਾ ਪਵਿੱਤਰ ਕੀਤਾ ਜਾਣਾ ਚਾਹੀਦਾ ਹੈ, ਇਸ ਤੋਂ

ਪਹਿਲਾਂ ਕਿ ਇਸਦਾ ਪ੍ਰਭਾਵ ਸੰਸਾਰ ਉੱਤੇ ਪੈ ਰਿਹਾ ਹੋਵੇਗਾ।
ਜ਼ਰੂਰਤ ਇਸ ਗੱਲ ਦੀ ਹੈ ਉਹ ਸਮੇਂ ਸਿਰ ਕੰਮ ਕਰਨ ਵਾਲੇ, ਤਿਆਰ, ਪੱਕਾ, ਸਿਧਾਂਤ ਦੀ ਚੱਟਾਨ ਵਜੋਂ ਦ੍ਰਿੜ ਅਤੇ ਕਿਸੇ ਵੀ ਅਪਾਤਕਲੀਨ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੋਣਾ ਹੈ। ਅਸੀਂ ਇੰਨੇ ਕਮਜ਼ੋਰ ਕਿਉਂ ਹਾਂ, ਸਾਡੇ ਵਿੱਚ ਇੰਨੇ ਗੈਰ ਜ਼ਿੰਮੇਵਾਰ ਆਦਮੀ ਕਿਉਂ ਹਨ, ਕਿਉਂਕਿ ਉਹ ਪਰਮੇਸ਼ੁਰ ਦੇ ਨਾਲ ਨਹੀਂ ਜੁੜਦੇ; ਉਨ੍ਹਾਂ ਕੋਲ ਅੰਦਰ ਵਾਸ ਕਰਨ ਵਾਲਾ ਮੁਕਤੀਦਾਤਾ ਨਹੀਂ ਹੈ, ਅਤੇ ਉਹ ਹਮੇਸ਼ਾਂ ਮਸੀਹ ਦੇ ਪਿਆਰ ਨੂੰ ਤਾਜ਼ਾ ਅਤੇ ਨਵਾਂ ਮਹਿਸੂਸ ਨਹੀਂ ਕਰਦੇ. ... ਕੋਈ ਵੀ ਦੁਨਿਆਵੀ ਸੰਬੰਧ ਇਸ ਪਿਆਰ ਜਿੰਨਾ ਮਜ਼ਬੂਤ ਨਹੀਂ ਹੈ। ਇਸ ਦੀ ਤੁਲਨਾ ਕਿਸੇ ਵੀ ਚੀਜ਼ ਨਾਲ ਨਹੀਂ ਕੀਤੀ ਜਾ ਸਕਦੀ. {ਆਰ ਐਚ, ਅਗਸਤ 28, 1879}

**(9) ਜਦੋਂ ਅਸੀਂ ਸੱਚਮੁੱਚ ਪਰਮੇਸ਼ੁਰ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ ਤਾਂ ਸਾਡਾ ਪਿਆਰ ਕਿਵੇਂ ਪ੍ਰਗਟ ਹੋਵੇਗਾ?**

***ਪਰ ਜਿਸ ਕਿਸੇ ਕੋਲ ਸੰਸਾਰ ਦੀਆਂ ਵਸਤੂਆਂ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ ਉਸ ਉੱਤੇ ਤਰਸ ਨਾ ਖਾਵੇ, ਤਾਂ ਉਹ ਦੇ ਵਿੱਚ ਪਰਮੇਸ਼ੁਰ ਦਾ ਪਿਆਰ ਕਿਵੇਂ ਰਹਿੰਦਾ ਹੈ? ਹੇ ਬੱਚਿਓ, ਅਸੀਂ ਗੱਲਾਂ ਬਾਤਾਂ ਨਾਲ ਨਹੀਂ ਸਗੋਂ ਕੰਮਾਂ ਅਤੇ ਸਚਿਆਈ ਨਾਲ ਪਿਆਰ ਕਰੀਏ। (1 ਯੂਹੰਨਾ 3:17-18)***

ਹਰੇਕ ਆਦਮੀ, ਆਪਣੇ ਖੁਦ ਦੇ ਕੰਮ ਦੁਆਰਾ, ਜਾਂ ਤਾਂ ਆਪਣੀ ਆਤਮਾ ਦਾ ਪੋਸ਼ਣ ਨਾ ਕਰਨ ਦੁਆਰਾ ਮਸੀਹ ਨੂੰ ਆਪਣੇ ਤੋਂ ਦੂਰ ਕਰਦਾ ਹੈ ਅਤੇ ਜਾਂ ਮਸੀਹ ਉਦਾਹਰਣ ਦੀ ਪਾਲਣਾ ਕਰਨ ਤੋਂ ਇਨਕਾਰ ਕਰਕੇ ਉਸ ਤੋਂ ਦੂਰ ਲੈ

ਜਾਂਦਾ ਹੈ, ਅਤੇ ਜਾਂ ਫਿਰ ਉਹ ਸਵੈ-ਤਿਆਗ, ਵਿਸ਼ਵਾਸ ਅਤੇ ਆਗਿਆਕਾਰੀ ਦੁਆਰਾ ਮਸੀਹ ਦੇ ਨਾਲ ਇੱਕ ਨਿੱਜੀ ਮਿਲਾਪ ਵਿੱਚ ਦਾਖਲ ਹੁੰਦਾ ਹੈ। ਸਾਨੂੰ ਹਰੇਕ ਨੂੰ ਆਪਣੇ ਲਈ ਮਸੀਹ ਦੀ ਚੋਣ ਕਰਨੀ ਚਾਹੀਦੀ ਹੈ, ਕਿਉਂਕਿ ਉਸਨੇ ਸਾਨੂੰ ਪਹਿਲਾਂ ਚੁਣਿਆ ਹੈ। ਮਸੀਹ ਦੇ ਨਾਲ ਇਹ ਏਕਤਾ ਉਹਨਾਂ ਦੁਆਰਾ ਬਣਾਈ ਜਾਣੀ ਹੈ ਜੋ ਕੁਦਰਤੀ ਤੌਰ ਤੇ ਉਸਦੇ ਵਿਰੋਧੀ ਹਨ। ਇਹ ਇੱਕ ਪੂਰਨ ਨਿਰਭਰਤਾ ਦਾ ਰਿਸ਼ਤਾ ਹੈ, ਜਿਸ ਵਿੱਚ ਹੰਕਾਰੀ ਦਿਲ ਪਰਵੇਸ਼ ਕੀਤਾ ਜਾਂਦਾ ਹੈ। ਇਹ ਨੇੜਲਾ ਕੰਮ ਹੈ, ਅਤੇ ਬਹੁਤ ਸਾਰੇ ਜੋ ਮਸੀਹ ਦੇ ਚੇਲੇ ਹੋਣ ਦਾ ਦਾਅਵਾ ਕਰਦੇ ਹਨ ਉਹ ਇਸ ਬਾਰੇ ਕੁਝ ਨਹੀਂ ਜਾਣਦੇ। ਉਹ ਮੁਕਤੀਦਾਤਾ ਨੂੰ ਸਿਰਫ ਨਾਮ ਦੇ ਲਈ ਸਵੀਕਾਰ ਕਰਦੇ ਹਨ, ਪਰ ਆਪਣੇ ਦਿਲਾਂ ਦੇ ਇਕਲੌਤੇ ਸ਼ਾਸਕ ਵਜੋਂ ਨਹੀਂ.

**(10) ਸਾਡੇ ਲਈ ਉਸਦੇ ਮਹਾਨ ਪਿਆਰ ਦੇ ਕਾਰਨ, ਪਰਮੇਸ਼ੁਰ ਨੇ ਸਾਨੂੰ ਕੀ ਦਿੱਤਾ ਹੈ ਜੋ ਅਸੀਂ ਆਪਣੇ ਦਿਲਾਂ ਵਿੱਚ "ਲੁਕਾ" ਸਕਦੇ ਹਾਂ ਅਤੇ ਜਿਸਨੂੰ ਅਸੀਂ ਪਾਪ ਦੇ ਉੱਤੇ ਫਤੇਹ ਪਾਉਣ ਦੇ ਲਈ ਪ੍ਰੇਰਿਤ ਅਤੇ ਸੁਸੱਜਿਤ ਕਰ ਸਕਦੇ ਹਾਂ?**

***ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾਂ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ। (ਜ਼ਬੂਰ 119:11)***

ਦਿਲ ਵਿੱਚ ਪਰਮੇਸ਼ੁਰ ਦਾ ਵਚਨ ਸਲੀਬ ਦੇ ਸਿਪਾਹੀ ਨੂੰ ਚੰਗੀ ਲੜਾਈ ਲੜਨ ਲਈ ਪ੍ਰੇਰਿਤ ਅਤੇ ਤਿਆਰ ਕਰਦਾ ਹੈ (ਅਫਸੀਆਂ ਨੂੰ 6:17 ਵੇਖੋ)। ਇਹ ਮਨੁੱਖ ਦੇ ਪਾਪ ਵਿੱਚ ਡਿੱਗੇ ਹੋਣ ਦੀ ਅਵਸਥਾ ਨੂੰ , ਸ਼ੈਤਾਨ ਦੀ ਚਲਾਕੀ ਅਤੇ ਬਦਨੀਤੀ, ਅਤੇ ਪਵਿੱਤਰ ਆਤਮਾ ਦੁਆਰਾ ਮਸੀਹ ਦੀ ਬਚਾਉਣ ਦੀ ਸਮਰੱਥ ਨੂੰ ਪ੍ਰਗਟ ਕਰਦਾ ਹੈ, ਅਤੇ ਉੱਚ ਸਤਰ ਦੇ ਲੋਕਾਂ ਨੂੰ ਇਸ ਤੱਕ ਅਤੇ ਫਤੇਹਮੰਦਾਂ ਦੇ

ਮਹਿਮਾਮਈ ਇਨਾਮ ਤੱਕ ਅਤੇ ਭਗਤੀ ਦੇ ਦੁਆਰਾ ਪਹੁੰਚਣਾ ਹੈ। ਆਪਣੀ ਸ਼ਰਧਾ ਦੁਆਰਾ ਲੋਕਾਂ ਦੇ ਉੱਚੇ ਪੱਧਰ ਅਤੇ ਵਿਜੇਤਾ ਦੇ ਸ਼ਾਨਦਾਰ ਇਨਾਮ ਤੱਕ ਪਹੁੰਚਣ ਨੂੰ ਪ੍ਰਗਟ ਕਰਦਾ ਹੈ। ਮੁਕਤੀਦਾਤਾ ਨੇ ਖ਼ੁਦ ਪਰਤਾਉਣ ਵਾਲੇ ਦੇ ਨਾਲ ਆਪਣੇ ਸੰਘਰਸ਼ ਵਿੱਚ ਲਿਖਤੀ ਵਚਨ ਦੀ ਵਰਤੋਂ ਕੀਤੀ (ਮੱਤੀ 4: 1-11)। ਮਨੁੱਖ ਦੇ ਰੂਪ ਵਿੱਚ ਮਨੁੱਖੀ ਲੜਾਈ ਲੜਨ ਲਈ, ਮੁਕਤੀਦਾਤਾ ਕੋਲ ਉਨ੍ਹਾਂ ਵਚਨ ਤੋਂ ਇਲਾਵਾ ਹੋਰ ਕੋਈ ਢੁੱਕਵਾਂ ਹਥਿਆਰ ਨਹੀਂ ਸੀ ਜੋ ਪਵਿੱਤਰ ਆਤਮਾ ਨੇ ਅਜਿਹੇ ਮੌਕਿਆਂ ਤੇ ਪ੍ਰੇਰਿਤ ਕੀਤਾ ਸੀ (ਮੱਤੀ 4: 4, 7, 10)। ਇਹ ਉਦੋਂ ਹੀ ਹੁੰਦਾ ਹੈ ਜਦੋਂ ਇੱਕ ਮਸੀਹੀ ਲੋਕ ਮਸੀਹ ਦੀ ਉਦਾਹਰਣ ਦੀ ਪਾਲਣਾ ਕਰਦੇ ਹਨ, ਆਪਣੇ ਚੇਤੇ ਨੂੰ ਪਰਮੇਸ਼ੁਰ ਦੇ ਅਨਮੋਲ ਵਚਨ ਨਾਲ ਭਰਦੇ ਹਨ ਅਤੇ ਉਸਦੀ ਸਲਾਹ ਦੀ ਪਾਲਣਾ ਕਰਦੇ ਹਨ, ਕਿ ਉਹ ਆਪਣੇ ਆਪ ਉੱਤੇ ਅਤੇ ਪਾਪ ਉੱਤੇ ਪ੍ਰਾਪਤ ਕਰ ਸਕਦੇ ਹਨ।

**(11) ਅਸੀਂ ਕਿਵੇਂ ਜਾਣ ਸਕਦੇ ਹਾਂ ਕੀ ਪਰਮੇਸ਼ੁਰ ਦਾ ਪਿਆਰ ਸਾਡੇ ਵਿੱਚ ਸਿੱਧ ਹੋ ਰਿਹਾ ਹੈ ਅਤੇ ਅਸੀਂ ਅਸਲ ਵਿੱਚ ਉਸ ਵਿੱਚ ਬਣੇ ਹੋਏ ਹਾਂ?**

***ਪਰ ਜੇ ਕੋਈ ਉਹ ਦੇ ਬਚਨ ਦੀ ਪਾਲਨਾ ਕਰਦਾ ਹੋਵੇ ਉਸ ਵਿੱਚ ਪਰਮੇਸ਼ੁਰ ਦਾ ਪਿਆਰ ਸੱਚ-ਮੁੱਚ ਸੰਪੂਰਨ ਹੋਇਆ ਹੈ। ਇਸ ਤੋਂ ਅਸੀਂ ਜਾਣਦੇ ਹਾਂ ਜੋ ਅਸੀਂ ਉਹ ਦੇ ਵਿੱਚ ਹਾਂ। ਉਹ ਜਿਹੜਾ ਆਖਦਾ ਹੈ ਕਿ ਮੈਂ ਉਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਕਿ ਜਿਵੇਂ ਯਿਸੂ ਚੱਲਦਾ ਸੀ ਉਹ ਆਪ ਵੀ ਚੱਲੇ। (1 ਯੂਹੰਨਾ 2:5-6)***

ਅਸੀਂ ਆਪਣੀ ਆਗਿਆਕਾਰੀ ਦੁਆਰਾ ਮੁੱਕਤੀ ਪ੍ਰਾਪਤ ਨਹੀਂ ਕਰਦੇ; ਮੁੱਕਤੀ ਪਰਮੇਸ਼ੁਰ ਦੀ ਇੱਕ ਮੁਫਤ ਦਾਤ ਹੈ, ਜੋ ਵਿਸ਼ਵਾਸ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ

ਆਗਿਆਕਾਰੀ ਵਿਸ਼ਵਾਸ ਦਾ ਫਲ ਹੈ| “ਤੁਸੀਂ ਜਾਣਦੇ ਹੋ ਜੋ ਯਿਸੂ ਮਸੀਹ ਇਸ ਲਈ ਪ੍ਰਗਟ ਹੋਇਆ ਕਿ ਪਾਪਾਂ ਨੂੰ ਚੁੱਕ ਲੈ ਜਾਵੇ, ਅਤੇ ਉਹ ਦੇ ਵਿੱਚ ਪਾਪ ਨਹੀਂ ਹੈ। ਹਰ ਕੋਈ ਜੋ ਉਸ ਵਿੱਚ ਕਾਇਮ ਰਹਿੰਦਾ ਹੈ ਪਾਪ ਨਹੀਂ ਕਰਦਾ। ਹਰ ਕੋਈ ਜਿਹੜਾ ਪਾਪ ਕਰਦਾ ਹੈ ਉਸ ਨੇ ਉਹ ਨੂੰ ਨਹੀਂ ਵੇਖਿਆ, ਨਾ ਉਹ ਨੂੰ ਜਾਣਿਆ ਹੈ।" 1 ਯੂਹੰਨਾ 3: 5, 6 | ਇੱਥੇ ਇੱਕ ਅਸਲ ਪ੍ਰੀਖਿਆ ਹੈ| ਜੇ ਅਸੀਂ ਮਸੀਹ ਵਿੱਚ ਰਹਿੰਦੇ ਹਾਂ, ਜੇ ਪਰਮੇਸ਼ੁਰ ਦਾ ਪਿਆਰ ਸਾਡੇ ਵਿੱਚ ਵੱਸਦਾ ਹੈ, ਤਾਂ ਸਾਡੀਆਂ ਭਾਵਨਾਵਾਂ, ਸਾਡੇ ਵਿਚਾਰ, ਸਾਡੇ ਉਦੇਸ਼, ਸਾਡੇ ਕਾਰਜ, ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਹੋਣਗੇ, ਜਿਵੇਂ ਕਿ ਉਸਦੀ ਪਵਿੱਤਰ ਬਿਵਸਥਾ ਦੇ ਨਿਯਮਾਂ ਵਿੱਚ ਪ੍ਰਗਟ ਕੀਤਾ ਗਿਆ ਹੈ| "ਹੇ ਬੱਚਿਓ, ਕੋਈ ਤੁਹਾਨੂੰ ਨਾ ਭਰਮਾਵੇ। ਜਿਹੜਾ ਧਾਰਮਿਕਤਾ ਦੇ ਕੰਮ ਕਰਦਾ ਹੈ ਸੋ ਧਰਮੀ ਹੈ, ਜਿਵੇਂ ਉਹ ਧਰਮੀ ਹੈ।" 1 ਯੂਹੰਨਾ 3: 7 | ਧਰਮ ਨੂੰ ਪਰਮੇਸ਼ੁਰ ਦੀ ਪਵਿੱਤਰ ਬਿਵਸਥਾ ਦੇ ਪੱਧਰ ਦੁਆਰਾ ਪਰਿਭਾਸ਼ਤ ਕੀਤਾ ਗਿਆ ਹੈ, ਜਿਵੇਂ ਕਿ ਸਿੱਨਈ ਪਹਾੜ ਵਿਖੇ ਦਸ ਹੁਕਮਾਂ ਵਿੱਚ ਪ੍ਰਗਟ ਕੀਤਾ ਗਿਆ ਹੈ|

**(12) ਜੇਕਰ ਅਸੀਂ ਪੱਲ ਪੱਲ ਪਰਮੇਸ਼ੁਰ ਦੇ ਪਿਆਰ ਵਿੱਚ ਬਣੇ ਰਹੀਏ, ਤਾਂ ਅਸੀਂ ਕਿਸ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਹਰ ਕੋਈ ਜੋ ਉਸ ਵਿੱਚ ਕਾਇਮ ਰਹਿੰਦਾ ਹੈ ਪਾਪ ਨਹੀਂ ਕਰਦਾ। ਹਰ ਕੋਈ ਜਿਹੜਾ ਪਾਪ ਕਰਦਾ ਹੈ ਉਸ ਨੇ ਉਹ ਨੂੰ ਨਹੀਂ ਵੇਖਿਆ, ਨਾ ਉਹ ਨੂੰ ਜਾਣਿਆ ਹੈ। (1 ਯੂਹੰਨਾ 3:6)***

"ਜੋ ਕੋਈ ਵੀ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ ਉਹ ਪਾਪ ਨਹੀਂ ਕਰਦਾ|" ਉਸਨੂੰ ਲੱਗਦਾ ਹੈ ਕਿ ਉਹ ਮਸੀਹ ਦੇ

ਲਹੂ ਦੀ ਖਰੀਦ ਹੈ ਅਤੇ ਆਪਣੇ ਸਰੀਰ ਅਤੇ ਆਪਣੀ ਆਤਮਾ ਵਿੱਚ ਪਰਮੇਸ਼ੁਰ ਦੀ ਵਡਿਆਈ ਕਰਨ ਲਈ ਸਭ ਤੋਂ ਪਵਿੱਤਰ ਸਹੁੰਆਂ ਨਾਲ ਬੱਝਿਆ ਹੋਇਆ ਹੈ, ਜੋ ਕਿ ਪਰਮੇਸ਼ੁਰ ਦੀਆਂ ਹਨ। ਉਸ ਵਿੱਚ ਪਾਪ ਦਾ ਪਿਆਰ ਅਤੇ ਸ੍ਵੈ ਦੇ ਲਈ ਪਿਆਰ ਨਿਯੰਤਰਣ ਵਿੱਚ ਹੈ, ਉਹ ਰੋਜ਼ ਪੁੱਛਦਾ ਹੈ: "ਮੈਂ ਪ੍ਰਭੂ ਨੂੰ ਉਨ੍ਹਾਂ ਸਾਰੇ ਲਾਭਾਂ ਲਈ ਕੀ ਦੇਵਾਂ ਜੋ ਉਸਨੇ ਮੇਰੇ ਲਈ ਕੀਤੇ ਹਨ?" "ਪ੍ਰਭੂ, ਤੁਸੀਂ ਕੀ ਚਾਹੁੰਦੇ ਹੋ ਜੋ ਮੈਂ ਕਰਾਂ?" ਇੱਕ ਸੱਚਾ ਮਸੀਹੀ ਕਦੇ ਸ਼ਿਕਾਇਤ ਨਹੀਂ ਕਰੇਗਾ ਕਿ ਮਸੀਹ ਦਾ ਜੂਲਾ ਦੁਖਦਾਈ ਹੈ। ਉਹ ਯਿਸੂ ਦੀ ਸੇਵਾ ਨੂੰ ਸੱਚੀ ਆਜ਼ਾਦੀ ਮੰਨਦਾ ਹੈ। ਪਰਮੇਸ਼ੁਰ ਦੀ ਬਿਵਸਥਾ ਉਸਦੀ ਖੁਸ਼ੀ ਹੈ। ਰੱਬੀ ਹੁਕਮਾਂ ਨੂੰ ਹੇਠਾਂ ਲਿਆਉਣ ਦੀ ਕੋਸ਼ਿਸ਼ ਕਰਨ ਦੀ ਬਜਾਏ, ਉਹ ਲਗਾਤਾਰ ਆਪਣੀਆਂ ਕਮੀਆਂ ਨੂੰ ਮੰਨਣ, ਉਸ ਦੀ ਸੰਪੂਰਨਤਾ ਦੇ ਪੱਧਰ ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹੈ।

ਇਹ ਆਤਮਿਕ ਸੰਬੰਧ ਸਿਰਫ ਵਿਅਕਤੀਗਤ ਵਿਸ਼ਵਾਸ ਦੇ ਅਭਿਆਸ ਦੁਆਰਾ ਸਥਾਪਤ ਕੀਤਾ ਜਾ ਸਕਦਾ ਹੈ। ਇਸ ਵਿਸ਼ਵਾਸ ਨੂੰ ਸਾਡੀ ਸਰਬੋਤਮ ਤਰਜੀਹ, ਪੂਰਨ ਨਿਰਭਰਤਾ, ਪੂਰਨ ਅਭਿਸ਼ੇਕ ਦੇ ਸਾਡੇ ਭਾਗ ਨੂੰ ਪ੍ਰਗਟ ਕਰਨਾ ਚਾਹੀਦਾ ਹੈ। ਸਾਡੀ ਇੱਛਾ ਪੂਰੀ ਤਰ੍ਹਾਂ ਪਰਮੇਸ਼ੁਰ ਦੀ ਇੱਛਾ ਦੇ ਅਧੀਨ ਹੋਣੀ ਚਾਹੀਦੀ ਹੈ, ਸਾਡੀਆਂ ਭਾਵਨਾਵਾਂ, ਇੱਛਾਵਾਂ, ਦਿਲਚਸਪੀਆਂ, ਅਤੇ ਮਸੀਹ ਦੇ ਰਾਜ ਦੀ ਖੁਸ਼ਹਾਲੀ ਅਤੇ ਉਸਦੇ ਸਤਿਕਾਰ ਦੀ ਵਜਹ ਜ਼ਾਹਿਰ ਹੋਣੀ ਚਾਹੀਦੀ ਹੈ, ਅਸੀਂ ਨਿਰੰਤਰ ਉਸਦੀ ਕਿਰਪਾ ਪ੍ਰਾਪਤ ਕਰ ਰਹੇ ਹਾਂ, ਅਤੇ ਮਸੀਹ ਸਾਡੇ ਤੋਂ ਧੰਨਵਾਦ ਨੂੰ ਸਵੀਕਾਰ ਕਰ ਰਹੇ ਹਨ।

**(13) ਜਿਵੇਂ ਜਿਵੇਂ ਅਸੀਂ ਮਸੀਹ ਦੇ ਕਰੀਬ ਆਉਂਦੇ ਹਾਂ ਅਤੇ ਮਹਿਸੂਸ ਕਰਦੇ ਹਾਂ ਕਿ ਅਸੀਂ ਘੱਟ ਰਹੇ ਹਾਂ, ਤਾਂ**

**ਅਸੀਂ ਉਸਦੇ ਕੀਤੇ ਹੋਏ ਕਿਸ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਅਤੇ ਇਸ ਗੱਲ ਦੀ ਮੈਨੂੰ ਭਰੋਸਾ ਹੈ ਕਿ ਜਿਸ ਨੇ ਤੁਹਾਡੇ ਵਿੱਚ ਸ਼ੁਭ ਕੰਮ ਨੂੰ ਸ਼ੁਰੂ ਕੀਤਾ ਸੋ ਯਿਸੂ ਮਸੀਹ ਦੇ ਦਿਨ ਤੱਕ ਉਹ ਨੂੰ ਪੂਰਾ ਕਰੇਗਾ। (ਫਿਲਿੱਪੀਆਂ ਨੂੰ 1:6)***

ਇੱਥੇ ਅਜਿਹੇ ਲੋਕ ਹਨ ਜੋ ਮਸੀਹ ਦੇ ਮਾਫ ਕਰਨ ਵਾਲੇ ਪਿਆਰ ਨੂੰ ਜਾਣਦੇ ਹਨ ਅਤੇ ਜੋ ਸੱਚਮੁੱਚ ਪਰਮੇਸ਼ੁਰ ਦੀ ਸੰਤਾਨ ਬਣਨ ਦੀ ਇੱਛਾ ਰੱਖਦੇ ਹਨ, ਫਿਰ ਵੀ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਚਰਿੱਤਰ ਸੰਪੂਰਨ ਨਹੀਂ ਹੈ, ਉਨ੍ਹਾਂ ਦਾ ਜੀਵਨ ਖਰਾਬ ਹੈ, ਅਤੇ ਉਹ ਇਸ ਬਾਰੇ ਸ਼ੱਕ ਕਰਨ ਲਈ ਤਿਆਰ ਹਨ, ਕੀ ਪਵਿੱਤਰ ਆਤਮਾ ਦੁਆਰਾ ਉਹਨਾਂ ਦੇ ਹਿਰਦਿਆਂ ਦਾ ਨਵੀਨਕਰਨ ਕੀਤਾ ਗਿਆ ਹੈ। ਇਸ ਲਈ ਮੈਂ ਕਹਾਂਗਾ, ਨਿਰਾਸ਼ਾ ਦੇ ਵਿੱਚ ਪਿੱਛੇ ਨਾ ਹੱਟੋ। ਸਾਨੂੰ ਅਕਸਰ ਆਪਣੀਆਂ ਕਮੀਆਂ ਅਤੇ ਗਲਤੀਆਂ ਦੇ ਕਾਰਨ ਯਿਸੂ ਦੇ ਚਰਨਾਂ ਤੇ ਝੁਕਣਾ ਅਤੇ ਰੋਣਾ ਪਏਗਾ, ਪਰ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਭਾਵੇਂ ਅਸੀਂ ਦੁਸ਼ਮਣ ਦੁਆਰਾ ਹਾਰ ਗਏ ਹਾਂ, ਅਸੀਂ ਮਹਾਨ ਪ੍ਰਭੂ ਦੁਆਰਾ ਤਿਆਗੇ, ਜਾਂ ਰੱਦ ਨਹੀਂ ਕੀਤੇ ਜਾਂਦੇ ਹਾਂ। ਨਹੀਂ; ਮਸੀਹ ਜੋ ਪਰਮੇਸ਼ੁਰ ਦੇ ਸੱਜੇ ਪਾਸੇ ਹੈ, ਜੋ ਸਾਡੇ ਲਈ ਵਿਚੋਲਗੀ ਦੀ ਬੇਨਤੀ ਵੀ ਕਰਦਾ ਹੈ। ਪਿਆਰੇ ਯੂਹੰਨਾ ਨੇ ਕਿਹਾ, “ਮੈਂ ਇਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਕਿ ਤੁਸੀਂ ਪਾਪ ਨਾ ਕਰੋ ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ।” (1 ਯੂਹੰਨਾ 2: 1) ਅਤੇ ਮਸੀਹ ਦੇ ਸ਼ਬਦਾਂ ਨੂੰ ਨਾ ਭੁੱਲੋ, "ਪਿਤਾ ਖੁਦ ਤੁਹਾਨੂੰ ਪਿਆਰ ਕਰਦਾ ਹੈ।" (ਯੂਹੰਨਾ 16:27) ਉਹ ਤੁਹਾਨੂੰ ਆਪਣੇ ਲਈ ਬਹਾਲ ਕਰਨਾ ਚਾਹੁੰਦਾ ਹੈ, ਉਸਦੀ

ਸ਼ੁੱਧਤਾ ਅਤੇ ਪਵਿੱਤਰਤਾ ਤੁਹਾਡੇ ਵਿੱਚ ਪ੍ਰਤੀਬਿੰਬਤ ਹੁੰਦੀ ਵੇਖਣਾ ਚਾਹੁੰਦਾ ਹੈ। ਅਤੇ ਜੇ ਤੁਸੀਂ ਆਪਣੇ ਆਪ ਨੂੰ ਉਸਦੇ ਅਧੀਨ ਕਰ ਦਿੰਦੇ ਹੋ, ਤਾਂ ਜਿਸਨੇ ਤੁਹਾਡੇ ਵਿੱਚ ਇੱਕ ਚੰਗਾ ਕੰਮ ਸ਼ੁਰੂ ਕੀਤਾ ਹੈ ਉਹ ਇਸਨੂੰ ਯਿਸੂ ਮਸੀਹ ਦੇ ਦਿਨ ਤੱਕ ਲੈ ਕੇ ਜਾਵੇਗਾ। ਵਧੇਰੇ ਜੋਸ਼ ਨਾਲ ਪ੍ਰਾਰਥਨਾ ਕਰੋ; ਵਧੇਰੇ ਸੰਪੂਰਨ ਵਿਸ਼ਵਾਸ ਰੱਖੋ। ਜਿਵੇਂ ਕਿ ਅਸੀਂ ਆਪਣੀ ਸ਼ਕਤੀ ਵਿੱਚ ਵਿਸ਼ਵਾਸ ਨਹੀਂ ਕਰਦੇ, ਆਓ ਅਸੀਂ ਆਪਣੇ ਮੁਕਤੀਦਾਤਾ ਦੀ ਸ਼ਕਤੀ ਵਿੱਚ ਵਿਸ਼ਵਾਸ ਕਰੀਏ, ਅਤੇ ਅਸੀਂ ਉਸਦੀ ਉਸਤਤ ਕਰਾਂਗੇ ਜੋ ਸਾਡੇ ਮੁੱਖੜਿਆਂ ਦੀ ਤੰਦਰੁਸਤੀ ਹੈ।

**(14) ਜੇਕਰ ਅਸੀਂ ਮਸੀਹ ਦੇ ਪਿਆਰ ਨੂੰ ਸਵੀਕਾਰ ਕਰਦੇ ਹਾਂ ਅਤੇ ਉਸਨੂੰ ਆਪਣੇ ਜੀਵਨ ਵਿੱਚ ਆਉਣ ਦਿੰਦੇ ਹਾਂ, ਤਾਂ ਇਹ ਹਵਾਲਾ ਸਾਡੇ ਸਦੀਪਕ ਜੀਵਨ ਦੇ ਬਾਰੇ ਵਿੱਚ ਕਿਹੜਾ ਅਦਬੁਤ ਭਰੋਸਾ ਦਿੰਦਾ ਹੈ??**

***ਜਿਸ ਦੇ ਕੋਲ ਪੁੱਤਰ ਹੈ, ਉਹ ਦੇ ਕੋਲ ਜੀਵਨ ਹੈ। ਜਿਹ ਦੇ ਕੋਲ ਪਰਮੇਸ਼ੁਰ ਦਾ ਪੁੱਤਰ ਨਹੀਂ ਹੈ, ਉਹ ਦੇ ਕੋਲ ਜੀਵਨ ਵੀ ਨਹੀਂ। ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤਰ ਦੇ ਨਾਮ ਉੱਤੇ ਵਿਸ਼ਵਾਸ ਕਰਦੇ ਹੋ ਤਾਂ ਕਿ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ।*** *(1 ਯੂਹੰਨਾ 5:12-13)*

ਕੋਲ ਪੁੱਤਰ ਹੋਣ ਦਾ ਅਰਥ ਉਸ ਉੱਤੇ ਵਿਸ਼ਵਾਸ ਕਰਨਾ ਹੈ ਕਿ ਉਹ ਆਪਣੇ ਨਾਮ ਦੇ ਅਰਥ ਮੁਤਾਬਿਕ, ਉਹ ਸਾਡੇ ਲਈ ਸਭ ਕੁਝ ਬਣ ਜਾਂਦਾ ਹੈ; ਭਾਵ ਇੱਕ ਮੁੱਕਤੀਦਾਤਾ, ਇੱਕ ਪ੍ਰਭੂ, ਸਾਡਾ ਰਾਜਾ ਹੋਣ ਦੇ ਲਈ ਇੱਕ ਨਜ਼ੀਰ (ਦੇਖੋ ਯੂਹੰਨਾ 1:12; 5:24)। ਇਸਦਾ ਅਰਥ ਹੈ ਕਿ ਮਸੀਹ ਨੂੰ ਹਿਰਦੇ ਵਿੱਚ ਇੱਕ ਸਰਵ-ਉੱਚ ਮਿਹਮਾਨ ਦੇ ਰੂਪ ਵਿੱਚ

ਵਸਾਉਣਾ ਹੈ। (ਦੇਖੋ ਗਲਾਤੀਆਂ ਨੂੰ 2:20; ਅਫਸੀਆਂ ਨੂੰ. 3:17; ਰਸੂਲਾਂ ਦੇ ਕਰਤੱਬ 3:20).

*ਪਿਆਰ ਦੇ ਉਸ ਵਾਤਾਵਰਣ ਵਿੱਚ ਰਹਿਣ ਦੀ ਮੇਰੀ ਇੱਛਾ ਹੈ ਜੋ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਹੈ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੇਰੀ ਇਹ ਇੱਛਾ ਹੈ ਕਿ ਪਰਮੇਸ਼ੁਰ ਆਪਣੇ ਪਿਆਰ ਨੂੰ ਮੇਰੇ ਵਿੱਚ ਪਾਵੇ ਤਾਂਕਿ ਮੈਂ ਦੂਸਰਿਆਂ ਦੇ ਨਾਲ ਸੱਚਮੁੱਚ ਵਿਹਾਰਿਕ ਤਰੀਕੇ ਦੇ ਨਾਲ ਪਿਆਰ ਕਰ ਸਕਾਂ। ਮੈਂ ਚਾਹੁੰਦਾ ਹਾਂ ਕਿ ਮੇਰੀ ਨਮਰ, ਮਿਹਨਤੀ ਅਤੇ ਦੂਸਰਿਆਂ ਦੇ ਪ੍ਰਤੀ ਵਫ਼ਾਦਾਰ ਦਯਾ ਅਤੇ ਸੇਵਾ ਵਿੱਚ ਪਿਆਰ ਦੀ ਖ਼ੁਸ਼ਬੂ ਪ੍ਰਗਟ ਹੋਵੇ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਮਸੀਹ ਨੂੰ ਉਸਦੀ ਦਯਾ, ਅਸੀਮ ਪਿਆਰ ਦੇ ਮਨਨ ਵਿੱਚ ਨਿਰੰਤਰ ਦੇਖਣਾ ਚੁਣਦਾ ਹਾਂ ਅਤੇ ਸਦੀਪਕ ਜੀਵਨ ਦੇ ਵਰਦਾਨ ਲਈ ਧੰਨਵਾਦੀ ਹਾਂ ਜੋ ਉਸਨੇ ਮੈਨੂੰ ਦਿੱਤ ਹੈ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*

*ਮੈਂ ਆਪਣੀ ਇੱਛਾ ਨੂੰ ਪੂਰੀ ਤਰ੍ਹਾਂ ਪ੍ਰਭੂ ਦੇ ਸਮਰਪਿਤ ਕਰਨ ਦੀ ਚੋਣ ਕਰਦਾ ਹਾਂ ਤਾਂ ਜੋ ਉਹ ਮੇਰੇ ਵਿੱਚ ਰਹੇ*

*ਅਤੇ ਉਸ ਨੂੰ ਅਤੇ ਦੂਜਿਆਂ ਨੂੰ ਪਿਆਰ ਕਰਨ ਦੀ ਉਸਦੀ ਧਾਰਮਿਕਤਾ ਨੂੰ ਮੇਰੇ ਅੰਦਰ ਜਿਉਣ ਦੇਵੇ।*

*ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ*



## ਅਧਿਆਇ 14
## ਪਰਮੇਸ਼ੁਰ ਦੇ ਲਈ ਸਾਡਾ ਪਿਆਰ

(1) ਸਾਡੀ ਮੁਕਤੀ ਦੀ ਖੁਸ਼ੀ ਲਈ ਅਤੇ ਸਾਡੇ ਪਿਆਰ ਨੂੰ ਪਾਉਣ ਦੇ ਲਈ ਮਸੀਹ ਨੇ ਕੀ ਕੀਤਾ?

*ਅਤੇ ਯਿਸੂ ਦੀ ਵੱਲ ਵੇਖਦੇ ਰਹੀਏ ਜਿਹੜਾ ਵਿਸ਼ਵਾਸ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਸ ਨੇ ਉਸ ਅਨੰਦ ਲਈ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਸ਼ਰਮ ਨੂੰ ਤੁਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (ਇਬਰਾਨੀਆਂ 12:2)*

ਕਲਵਰੀ ਦੀ ਸਲੀਬ ਸਾਨੂੰ ਸਮਰੱਥ ਵਿੱਚ ਤਗੀਦ ਕਰਦੀ ਹੈ, ਇਹ ਕਾਰਨ ਦੱਸਦੇ ਹੋਏ ਕਿ ਸਾਨੂੰ ਆਪਣੇ ਮੁਕਤੀਦਾਤਾ ਨਾਲ ਪਿਆਰ ਕਿਉਂ ਕਰਨਾ ਚਾਹੀਦਾ ਹੈ, ਅਤੇ ਸਾਨੂੰ ਉਸਨੂੰ ਸਭ ਤੋਂ ਪਹਿਲਾਂ ਅਤੇ ਆਖਰੀ ਅਤੇ ਸਭ ਤੋਂ ਸਰਵ-ਉੱਤਮ ਕਿਉਂ ਬਣਾਉਣਾ ਚਾਹੀਦਾ ਹੈ| ਸਾਨੂੰ ਸਲੀਬ ਦੇ ਚਰਨਾਂ ਤੇ ਨਿਮਰਤਾਪੂਰਵਕ ਤੌਬਾ ਦੇ ਵਿੱਚ ਆਪਣਾ ਸਹੀ ਸਥਾਨ ਲੈਣਾ ਚਾਹੀਦਾ ਹੈ| ਇੱਥੇ, ਜਦ ਅਸੀਂ ਆਪਣੇ ਮੁਕਤੀਦਾਤਾ, ਪਰਮੇਸ਼ੁਰ ਦਾ ਪੁੱਤਰ ਨੂੰ ਦੁੱਖ-ਦਰਦ ਦੇ ਵਿੱਚ, ਕੁਧਰਮੀਆਂ ਦੇ ਲਈ ਧਰਮੀ ਨੂੰ ਮਰਦੇ ਹੋਏ ਵੇਖਦੇ ਹਾਂ, ਅਸੀਂ ਨਿਮਰਤਾ ਅਤੇ ਦੀਨਤਾ ਦੇ ਪਾਠ ਨੂੰ ਸਿੱਖ ਸਕਦੇ ਹਾਂ| ਉਸਦੇ ਵੱਲ ਧਿਆਨ ਦਿਓ, ਜੋ ਇੱਕ ਸ਼ਬਦ ਨਾਲ ਦੂਤਾਂ ਦੀਆਂ ਫੌਜਾਂ ਨੂੰ ਉਸਦੀ ਸਹਾਇਤਾ ਲਈ ਬੁਲਾ ਸਕਦਾ ਹੈ, ਜੋ ਮਜ਼ਾਕ ਅਤੇ ਠੱਠੇ, ਨਿੰਦਾ ਅਤੇ ਘਿਣਾਉਣੀ ਚੀਜ਼ ਬਣ ਗਿਆ। ਉਹ ਨੇ ਆਪਣੇ ਆਪ ਨੂੰ ਪਾਪ ਲਈ ਕੁਰਬਾਨ ਕਰ ਦਿੱਤਾ। ਜਦੋਂ ਉਸਦੀ ਨਿੰਦਾ ਕੀਤੀ ਜਾਂਦੀ ਹੈ, ਉਹ ਝਿੜਕ ਨਹੀਂ ਦਿੰਦਾ; ਜਦੋਂ ਝੂਠਾ ਦੋਸ਼ ਲਗਾਇਆ ਜਾਂਦਾ ਹੈ, ਉਹ ਆਪਣਾ ਮੂੰਹ ਨਹੀਂ ਖੋਲ੍ਹਦਾ। ਉਹ ਆਪਣੇ ਕਾਤਲਾਂ ਲਈ ਸਲੀਬ 'ਤੇ ਪ੍ਰਾਰਥਨਾ ਕਰਦਾ ਹੈ| ਉਹ ਉਨ੍ਹਾਂ ਲਈ ਮਰ ਰਿਹਾ ਹੈ; ਉਹ ਉਨ੍ਹਾਂ ਵਿੱਚੋਂ ਹਰੇਕ ਲਈ ਅਨੰਤ ਕੀਮਤ ਅਦਾ ਕਰ ਰਿਹਾ ਹੈ| ਉਹ ਬਿਨਾਂ ਬੁੜ -ਬੁੜ ਕੀਤਿਆਂ ਮਨੁੱਖ ਦੇ ਪਾਪਾਂ ਦੀ ਸਜ਼ਾ ਭੁਗਤਦਾ ਹੈ| ਅਤੇ ਇਹ ਸ਼ਿਕਾਇਤ ਨਾ ਕਰਨ ਵਾਲਾ ਪੀੜਤ ਪਰਮੇਸ਼ੁਰ ਦਾ ਪੁੱਤਰ ਹੈ| ਉਸਦਾ ਤਖ਼ਤ ਸਦਾ ਦੇ ਲਈ ਹੈ, ਅਤੇ ਉਸਦੇ ਰਾਜ ਦਾ ਕੋਈ ਅੰਤ ਨਹੀਂ ਹੋਵੇਗਾ|

ਆਓ, ਤੁਸੀਂ ਜੋ ਮਨਾਹੀ ਕੀਤੇ ਅਨੰਦ ਅਤੇ ਪਾਪੀ ਭੋਗਾਂ ਵਿੱਚ ਆਪਣੀ ਖੁਦ ਦੀ ਖੁਸ਼ੀ ਭਾਲ ਰਹੇ ਹੋ, ਤੁਸੀਂ ਜੋ ਮਸੀਹ ਤੋਂ ਤਿੱਤਰ-ਬਿੱਤਰ ਹੋਏ ਹੋ, ਕਲਵਰੀ ਦੀ ਸਲੀਬ ਵੱਲ ਵੇਖੋ; ਤੁਹਾਡੇ ਪਾਪਾਂ ਦੇ ਲਈ ਸ਼ਾਹੀ ਪੀੜਿਤ ਨੂੰ ਦੁੱਖ ਝੱਲਦੇ ਹੋਏ ਵੇਖੋ, ਅਤੇ ਜਦੋਂ ਤੁਹਾਡੇ ਕੋਲ ਮੌਕਾ ਹੋਵੇ, ਤਾਂ

ਸਮਝਦਾਰ ਬਣੋ, ਅਤੇ ਜੀਵਨ ਅਤੇ ਸੱਚੀ ਅਨੰਦ ਦੇ ਸੋਤੇ ਦੀ ਭਾਲ ਕਰੋ। ਆਓ, ਤੁਸੀਂ ਜੋ ਸ਼ਿਕਾਇਤ ਕਰਦੇ ਹੋ ਅਤੇ ਛੋਟੀਆਂ –ਛੋਟੀਆਂ ਜਿਹੀ ਅਸੁਵਿਧਾਵਾਂ ਅਤੇ ਇਸ ਜੀਵਨ ਵਿੱਚ ਤੁਹਾਡੇ ਦੁਆਰਾ ਆ ਰਹੀਆਂ ਕੁਝ ਅਜ਼ਮਾਇਸ਼ਾਂ ਬਾਰੇ ਬੁੜ-ਬੁੜਾਉਂਦੇ ਹੋ, ਆਪਣੀ ਨਿਹਚਾ ਦੇ ਕਰਤਾ ਅਤੇ ਪੂਰਾ ਕਰਨ ਵਾਲੇ ਯਿਸੂ ਵੱਲ ਵੇਖੋ। ਉਹ ਆਪਣੀ ਸ਼ਾਹੀ ਗੱਦੀ, ਆਪਣੀ ਪ੍ਰਭੂਤਾ ਨੂੰ ਤਿਆਗ ਦਿੱਤਾ, ਅਤੇ, ਆਪਣੀ ਰੂਹਾਨੀਅਤ ਨੂੰ ਤਿਆਗ ਕੇ, ਆਪਣੇ ਆਪ ਨੂੰ ਮਨੁੱਖਤਾ ਦੇ ਨਾਲ ਕੱਜਿਆ। ਸਾਡੀ ਖ਼ਾਤਿਰ ਉਸ ਨੂੰ ਰੱਦਿਆ ਗਿਆ ਅਤੇ ਨਫ਼ਰਤ ਕੀਤੀ ਗਈ; ਉਹ ਗਰੀਬ ਹੋ ਗਿਆ ਕਿ ਉਸਦੀ ਗਰੀਬੀ ਨਾਲ ਅਸੀਂ ਅਮੀਰ ਬਣ ਜਾਈਏ। ਕੀ ਤੁਸੀਂ ਵਿਸ਼ਵਾਸ ਦੀ ਨਜ਼ਰ ਦੁਆਰਾ ਮਸੀਹ ਦੇ ਦੁੱਖਾਂ ਨੂੰ ਵੇਖ ਕੇ ਤੁਹਾਡੀਆਂ ਅਜ਼ਮਾਇਸ਼ਾਂ, ਆਪਣੇ ਦਰਦ ਦੀ ਕਹਾਣੀ ਦੱਸ ਸਕਦੇ ਹੋ?

**(2) ਯੂਹੰਨਾ ਸਾਨੂੰ ਕੀ ਦੇਖਣ ਦੇ ਲਈ ਕਹਿੰਦਾ ਹੈ ਅਤੇ ਪਰਮੇਸ਼ੁਰ ਦੇ ਨਾਲ ਪਿਆਰ ਕਰਨ ਦਾ ਪਹਿਲਾਂ ਕਦਮ ਕੀ ਹੈ?**

***ਵੇਖੋ, ਪਿਤਾ ਨੇ ਕਿਹੋ ਜਿਹਾ ਪਿਆਰ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸੱਦੇ ਜਾਈਏ! ਇਹੋ ਅਸੀਂ ਹਾਂ ਵੀ। ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂਕਿ ਉਸ ਨੇ ਉਹ ਨੂੰ ਵੀ ਨਹੀਂ ਜਾਣਿਆ। (1 ਯੂਹੰਨਾ 3:1)***

ਜਦੋਂ ਅਸੀਂ ਪਰਮੇਸ਼ੁਰ ਦੇ ਪਿਆਰ ਦਾ ਵਰਣਨ ਕਰਨ ਦੇ ਲਈ ਉਪਯੁਕਤ ਭਾਸ਼ਾ ਦਾ ਭਾਲ ਕਰਦੇ ਹਾਂ, ਤਾਂ ਸਾਡੇ ਸ਼ਬਦਾਂ ਨੂੰ ਇਸ ਵਿਸ਼ੇ ਦੀ ਬਾਬਤ ਘੱਟ ਅਤੇ ਬਹੁਤ ਕਮਜ਼ੋਰ ਪਾਉਂਦੇ ਹਾਂ ਅਤੇ ਅਸੀਂ ਆਪਣੀ ਕਲਮ ਨੂੰ ਲਾਂਬੇ ਰੱਖ ਕੇ ਕਹਿ ਦਿੰਦੇ ਹਾਂ, "ਨਹੀਂ, ਇਸਦਾ ਵਰਣਨ ਨਹੀਂ ਕੀਤਾ ਜਾ ਸਕਦਾ। ਅਸੀਂ ਕੇਵਲ ਪਿਆਰੇ ਰਸੂਲ ਦੇ

ਸਮਾਨ ਹੀ ਕਹਿ ਸਕਦੇ ਹਾਂ ਕਿ ਵੇਖੋ, ਪਿਤਾ ਨੇ ਕਿਹੋ ਜਿਹਾ ਪਿਆਰ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸੱਦੇ। ਜਾਈਏ! ਇਸ ਪਿਆਰ ਦੇ ਕਿਸੇ ਵੀ ਤਰਾਂ ਦੇ ਵਰਣਨ ਨੂੰ ਕਰਨ ਦੀ ਕੋਸ਼ਿਸ਼ ਵਿੱਚ, ਸਾਨੂੰ ਲੱਗਦਾ ਹੈ ਕਿ ਅਸੀਂ ਜੁਆਕਾਂ ਦੇ ਵਾਂਗ ਉਹਨਾਂ ਦੇ ਪਹਿਲੇ ਸ਼ਬਦਾਂ ਨੂੰ ਹੀ ਤੁਤਲਾ ਰਹੇ ਹਾਂ। ਚੁੱਪ ਹੋ ਕੇ ਅਸੀਂ ਉਸਦੀ ਵਡਿਆਈ ਕਰ ਸਕਦੇ ਹਾਂ; ਕਿਉਂਕਿ ਇਸ ਮਾਮਲੇ ਵਿੱਚ ਚੁੱਪ ਰਹਿਣਾ ਹੀ ਉੱਚਿਤ ਹੈ। ਇਹ ਪਿਆਰ ਸਾਰੀਆਂ ਭਾਸ਼ਾਵਾਂ ਦੇ ਬਿਆਨ ਤੋਂ ਬਾਹਰ ਹੈ। ਇਹ ਦੇਹ ਵਿੱਚ ਪਰਮੇਸ਼ੁਰ ਦਾ ਭੇਤ ਹੈ, ਮਸੀਹ ਵਿੱਚ ਪਰਮੇਸ਼ੁਰ, ਅਤੇ ਇਨਸਾਨੀਅਤ ਵਿੱਚ ਰੂਹਾਨੀਅਤ। ਮਸੀਹ ਬੇਮਿਸਾਲ ਨਮਰਤਾ ਦੇ ਨਾਲ ਝੁੱਕ ਗਿਆ ਤਾਂ ਕਿ ਉਹ ਪਰਮੇਸ਼ੁਰ ਦੇ ਤਖ਼ਤ ਦੇ ਲਈ ਉੱਪਰ ਉਠਾਇਆ ਜਾਵੇ, ਅਤੇ ਉਹਨਾਂ ਲੋਕਾਂ ਨੂੰ ਵੀ ਜੋ ਉਸ ਉੱਤੇ ਵਿਸ਼ਵਾਸ ਕਰਦੇ ਹਨ, ਉਸਦੇ ਨਾਲ ਉਸਦੇ ਤਖ਼ਤ ਉੱਤੇ ਬੈਠਣ ਦੇ ਲਈ ਉੱਚਾ ਕਰ ਸਕੇ। ਉਹ ਸੋ ਸਾਰੇ ਯਿਸੂ ਦੀ ਵੱਲ ਇਸ ਵਿਸ਼ਵਾਸ ਵਿੱਚ ਵੇਖਦੇ ਹਨ ਕਿ ਜੋ ਜ਼ਖਮ ਅਤੇ ਸੱਟਾਂ ਪਾਪ ਨੇ ਲਾਏ ਹਨ ਉਹ ਚੰਗੇ ਕੀਤੇ ਜਾਣਗੇ, ਉਹ ਪੂਰੀ ਤਰਾਂ ਚੰਗੇ ਕੀਤੇ ਜਾਣਗੇ।

**(3) ਸਾਡੇ ਲਈ ਪਰਮੇਸ਼ੁਰ ਦੇ ਪਿਆਰ ਨੂੰ ਜਾਣਨ ਦਾ ਦੂਸਰਾ ਅਤੇ ਤੀਸਰਾ ਕਦਮ ਕੀ ਹੈ ਤਾਂਕਿ ਅਸੀਂ ਉਸਦੇ ਪਿਆਰ ਵਿੱਚ ਪੈ ਸਕੀਏ?**

***ਅਤੇ ਅਸੀਂ ਪਰਮੇਸ਼ੁਰ ਦੇ ਉਸ ਪਿਆਰ ਨੂੰ ਜੋ ਉਸ ਨੇ ਕੀਤਾ ਹੈ, ਜਾਣਿਆ ਅਤੇ ਉਹ ਦੇ ਉੱਤੇ ਵਿਸ਼ਵਾਸ ਕੀਤਾ ਹੈ। ਪਰਮੇਸ਼ੁਰ ਪਿਆਰ ਹੈ ਅਤੇ ਜਿਹੜਾ ਪਿਆਰ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿੱਚ ਰਹਿੰਦਾ ਹੈ। (1 ਯੂਹੰਨਾ 4:16)***

ਇੱਕ ਗੱਲ ਜੋ ਸਾਡੇ ਲਈ ਜ਼ਰੂਰੀ ਹੈ ਤਾਂਕਿ ਅਸੀਂ ਪਰਮੇਸ਼ੁਰ ਦੇ ਮਾਫ਼ੀ ਦੇ ਪਿਆਰ ਨੂੰ ਹਾਸਿਲ ਕਰ ਸਕੀਏ ਅਤੇ ਪ੍ਰਦਾਨ ਕਰ ਸਕੀਏ, ਅਤੇ ਉਹ ਹੈ ਉਸਦੇ ਪਿਆਰ ਨੂੰ ਜਾਣਨਾ ਅਤੇ ਅਤੇ ਉਸ ਉੱਤੇ ਵਿਸ਼ਵਾਸ ਜੋ ਉਸਦੇ ਕੋਲ ਸਾਡੇ ਪ੍ਰਤੀ ਹੈ। (1 ਯੂਹੰਨਾ 4:16) ਸ਼ੈਤਾਨ ਹਰ ਉਸ ਧੋਖੇ ਦੇ ਨਾਲ ਕੰਮ ਕਰ ਰਿਹਾ ਹੈ ਜਿਸਦੀ ਉਹ ਆਗਿਆ ਦੇ ਸਕਦਾ ਹੈ, ਤਾਂਕਿ ਅਸੀਂ ਉਸ ਪਿਆਰ ਨੂੰ ਨਾ ਸਮਝ ਸਕੀਏ। ਇਹ ਸਾਨੂੰ ਸੋਚਣ ਦੇ ਲਈ ਪ੍ਰੇਰਿਤ ਕਰੇਗਾ ਕਿ ਸਾਡੀਆਂ ਗਲਤੀਆਂ ਅਤੇ ਪਾਪ ਬਹੁਤ ਹੀ ਗੰਭੀਰ ਹਨ ਕਿ ਪਰਮੇਸ਼ੁਰ ਸਾਡੀਆਂ ਪ੍ਰਾਥਨਾਵਾਂ ਦੀ ਕਦਰ ਨਹੀਂ ਕਰੇਗਾ ਅਤੇ ਉਹ ਸਾਨੂੰ ਬਰਕਤ ਨਹੀਂ ਦੇਵੇਗਾ ਅਤੇ ਬਚਾਵੇਗਾ। ਅਸੀਂ ਆਪਣੇ ਆਪ ਵਿੱਚ ਕਮੀ ਦੇ ਇਲਾਵਾ ਹੋਰ ਕੁਝ ਨਹੀਂ ਦੇਖ ਸਕਦੇ ਹਾਂ, ਕੋਈ ਵੀ ਸਾਡੀ ਪਰਮੇਸ਼ੁਰ ਦੇ ਅੱਗੇ ਸਿਫ਼ਾਰਿਸ਼ ਨਹੀਂ ਕਰ ਸਕਦਾ, ਅਤੇ ਸ਼ੈਤਾਨ ਸਾਨੂੰ ਇਹ ਦੱਸਦਾ ਹੈ ਕਿ ਇਹ ਬੇਕਾਰ ਹੈ; ਅਸੀਂ ਆਪਣੇ ਚਰਿੱਤਰ ਦੇ ਦੋਸ਼ਾਂ ਨੂੰ ਦੂਰ ਨਹੀਂ ਕਰ ਸਕਦੇ। ਜਦੋਂ ਵੀ ਅਸੀਂ ਪਰਮੇਸ਼ੁਰ ਦੇ ਕੋਲ ਆਉਣ ਦੀ ਕੋਸ਼ਿਸ਼ ਕਰਾਂਗੇ, ਤਾਂ ਦੁਸ਼ਮਣ ਸਾਡੇ ਕੰਨ ਦੇ ਵਿੱਚ ਫੁਸਫੁਸਾਏਗਾ ਕਿ ਪ੍ਰਾਥਨਾ ਕਰਨ ਦਾ ਕੋਈ ਫਾਇਦਾ ਨਹੀਂ ਹੈ; ਕਿ ਤੂੰ ਉਹ ਗਲਤ ਕੰਮ ਨਹੀਂ ਕੀਤਾ ਹੈ; ਕੀ ਤੂੰ ਪਰਮੇਸ਼ੁਰ ਦੇ ਵਿਰੁੱਧ ਪਾਪ ਨਹੀਂ ਕੀਤਾ ਅਤੇ ਤੂੰ ਆਪਣੇ ਵਿਵੇਕ ਦਾ ਉਲੰਗਣ ਕੀਤਾ ਹੈ? ਪਰ ਅਸੀਂ ਦੁਸ਼ਮਣ ਨੂੰ ਕਹਿ ਸਕਦੇ ਹਾਂ ਕਿ ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ। 1 ਯੂਹੰਨਾ 1:7

ਜਦੋਂ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਪਾਪ ਕੀਤਾ ਹੈ ਅਤੇ ਪ੍ਰਾਰਥਨਾ ਨਹੀਂ ਕਰ ਸਕਦੇ, ਤਾਂ ਇਹ ਹੀ ਸਮਾਂ ਹੈ ਪ੍ਰਾਰਥਨਾ ਕਰਨ ਦਾ. ਸ਼ਰਮਿੰਦਗੀ ਦੇ ਵਿੱਚ ਅਸੀਂ ਜਿਆਦਾ ਨਮਰ ਹੋ ਸਕਦੇ ਹਾਂ, ਪਰ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਵਿਸ਼ਵਾਸ ਕਰਨਾ ਚਾਹੀਦਾ ਹੈ। "ਇਹ ਸੱਚ ਅਤੇ ਪੂਰੀ ਤਰਾਂ ਮੰਨਣ ਦੇ ਯੋਗ ਹੈ, ਕਿ

ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਸੰਸਾਰ ਵਿੱਚ ਆਇਆ ; ਜਿੰਨਾਂ ਵਿੱਚੋਂ ਮਹਾਂਪਾਪੀ ਮੈਂ ਹਾਂ। ("1 ਤਿਮੋਥਿਉਸ 1:15) ਮਾਫ਼ੀ ਅਤੇ ਪਰਮੇਸ਼ੁਰ ਦੇ ਨਾਲ ਮੇਲ ਮਿਲਾਪ ਸਾਡੇ ਕੋਲ ਸਾਡੇ ਕੰਮਾਂ ਦੇ ਇਨਾਮ ਵਜੋਂ ਨਹੀਂ, ਇਹ ਪਾਪੀਆਂ ਦੀ ਯੋਗਤਾ ਦੇ ਕਾਰਨ ਨਹੀਂ ਦਿੱਤਾ ਜਾਂਦਾ, ਬਲਕਿ ਇਹ ਇੱਕ ਤੋਹਫ਼ਾ ਹੈ, ਜੋ ਕਿ ਮਸੀਹ ਦੀ ਬੇਦਾਗ ਧਾਰਮਿਕਤਾ ਦੇ ਵਿੱਚ ਸਾਡੇ ਲਈ ਮੁੱਹਈਆ ਕਰਨ ਲਈ ਇਸਦੀ ਨੀਂਹ ਹੈ।

**(4) ਜੇਕਰ ਅਸੀਂ ਉਸਨੂੰ ਇਹ ਕਰਨ ਦਿੰਦੇ ਹਾਂ, ਤਾਂ ਮਸੀਹ ਨੇ ਸਾਡੇ ਪੱਥਰ ਦੇ ਠੰਡੇ ਦਿਲਾਂ ਦੇ ਨਾਲ ਕੀ ਕਰਨ ਦਾ ਵਾਦਾ ਕਰਦਾ ਹੈ ਤਾਂਕਿ ਅਸੀਂ ਉਸ ਨਾਲ ਅਤੇ ਦੂਸਰਿਆਂ ਦੇ ਨਾਲ ਪਿਆਰ ਕਰਨ ਦੀ ਸਮਰੱਥ ਪ੍ਰਾਪਤ ਕਰ ਸਕੀਏ?**

***ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ। ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ। (ਹਿਜ਼ਕੀਏਲ 36:26)***

**ਸਿਰਫ ਯਿਸੂ ਮਸੀਹ ਦੀ ਕਿਰਪਾ ਹੀ ਪੱਥਰ ਦੇ ਦਿਲਾਂ ਨੂੰ ਮਾਸ ਦੇ ਦਿਲਾਂ ਵਿੱਚ ਬਦਲ ਸਕਦਾ ਹੈ ਅਤੇ ਉਸਨੂੰ ਪਰਮੇਸ਼ੁਰ ਦੇ ਲਈ ਜੀਵਿਤ ਕਰ ਸਕਦਾ ਹੈ। ਸੰਸਾਰ ਦੀ ਨਿਗਾਹ ਵਿੱਚ ਮਨੁੱਖ ਵੱਡੇ ਵੱਡੇ ਕੰਮ ਕਰ ਸਕਦਾ ਹੈ। ਮਨੁੱਖ ਦੀ ਦ੍ਰਿਸ਼ਟੀ ਵਿੱਚ ਉਸ ਦੀਆਂ ਉੱਪਲਭਦੀਆਂ ਬਹੁਤ ਸਾਰੀਆਂ ਅਤੇ ਉੱਚ ਸਤੱਰ ਦੀਆਂ ਹੋਣ ਸਕਦੀਆਂ ਹਨ, ਪਰ ਸਾਰੀ ਪ੍ਰਤਿਭਾ ਅਤੇ ਸਾਰੀ ਕੁਸ਼ਲਤਾ, ਸੰਸਾਰ ਦੀ ਸਾਰੀਆਂ ਤਾਕਤਾਵਾਂ ਚਰਿੱਤਰ ਨੂੰ ਬਦਲਣ ਅਤੇ ਪਾਪ ਦੇ ਵਿੱਚ ਡਿੱਗੇ ਪੁੱਤਰ ਨੂੰ ਪਰਮੇਸ਼ੁਰ ਦਾ ਪੁੱਤਰ ਬਣਾਉਣ ਅਤੇ ਸਵਰਗ ਦਾ ਭਾਗੀ ਬਣਨ ਵਿੱਚ ਅਸਫ਼ਲ ਹੋ ਜਾਵੇਗਾ।**

**ਮਨੁੱਖ ਦੇ ਕੋਲ ਆਤਮਾ ਨੂੰ ਸਹੀ ਸਿੱਧ ਕਰਨ ਦੀ ਤਾਕਤ ਨਹੀਂ ਹੈ, ਅਤੇ ਨਾ ਹੀ ਹਿਰਦੇ ਨੂੰ ਪਵਿੱਤਰ ਕਰਨ ਦੀ ਤਾਕਤ ਹੈ। ਮਹਾਨ ਵੈਦ ਦੀ ਸ਼ਕਤੀ ਦੇ ਬਿਨਾ ਨੈਤਿਕ ਰੋਗ ਨੂੰ ਠੀਕ ਨਹੀਂ ਕੀਤਾ ਜਾ ਸਕਦਾ ਹੈ।**

ਸਵਰਗ ਦਾ ਸਰਵ-ਉੱਚ ਦਾਨ, ਪਿਤਾ ਦਾ ਇੱਕਲੌਤਾ, ਜੋ ਕਿਰਪਾ ਅਤੇ ਸੱਚਾਈ ਦੇ ਨਾਲ ਭਰਿਆ ਹੋਇਆ ਹੈ, ਕੇਵਲ ਉਹੀ ਗਵਾਚੇ ਹੋਇਆ ਨੂੰ ਛਡਾਉਣ ਦੇ ਲਈ ਕਾਬਿਲ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਪਿਆਰ ਉੱਤੇ ਮਨਨ ਕਰਦੇ ਹਾਂ, ਤਾਂ ਸਾਡਾ ਮਨ ਪਿਆਰ, ਅਤੇ ਧੰਨਵਾਦ ਦੇ ਨਾਲ ਭਰ ਜਾਣਾ ਚਾਹੀਦਾ ਹੈ! ਹਿਰਦੇ ਨੂੰ ਕੋਮਲ ਅਤੇ ਅਧੀਨ ਕੀਤਾ ਜਾਣਾ ਚਾਹੀਦਾ ਹੈ, ਜਦੋਂ ਅਸੀਂ ਉਸ ਜੋਖਿਮ ਉੱਤੇ ਮਨਨ ਕਰਦੇ ਹਾਂ ਜੋ ਯਿਸੂ ਨੇ ਚੁੱਕਿਆ ਤਾਂ ਜੋ ਮਨੁੱਖ ਨੂੰ ਉੱਚਾ ਕੀਤਾ ਜਾ ਸਕੇ ਅਤੇ ਉਸ ਨੂੰ ਮੁੜ-ਬਹਾਲ ਕੀਤਾ ਜਾ ਸਕੇ। ਦੁਨੀਆਂ ਦੇ ਮੁੱਕਤੀਦਾਤੇ ਨੇ ਇੱਕ ਗੁਆਚੇ ਹੋਏ ਸੰਸਾਰ ਦੇ ਸਾਰੇ ਪਾਪਾਂ ਦੇ ਅਨੁਰੂਪ ਕਸ਼ਟ ਸਹਿਆ। ਕਲਵਰੀ ਦੀ ਸਲੀਬ ਉੱਤੇ ਮਸੀਹ ਦਾ ਬਲੀਦਾਨ ਇੱਕ ਐਸਾ ਵਿਚਾਰ ਹੈ ਜੋ ਪਾਪ ਦੀ ਸਾਰੀ ਭਾਰੀ ਸ਼ਕਤੀ ਤੋਂ ਵੱਧ ਕੇ ਹੈ; ਅਤੇ ਜਦੋਂ ਪਾਪੀ ਦੇ ਮਨ ਵਿੱਚ ਪਾਪ ਦੇ ਅਹਿਸਾਸ ਦਾ ਦਬਾਅ ਆ ਜਾਂਦਾ ਹੈ ਅਤੇ ਪਾਪ ਦਾ ਬੋਝ ਸਹਿਣ ਤੋਂ ਬਾਹਰ ਹੋ ਜਾਂਦਾ ਹੈ ਤਾਂ ਯਿਸੂ ਉਸਨੂੰ ਉਸਦੀ ਵੱਲ ਦੇਖਣ ਅਤੇ ਜੀਵਿਤ ਰਹਿਣ ਦੇ ਲਈ ਬੁਲਾਉਂਦਾ ਹੈ। ਆਤਮਾ ਨੂੰ ਸ਼ੁੱਧ ਕਰਨ ਦੇ ਲਈ ਮਸੀਹ ਦੇ ਵਿੱਚ ਸ਼ਕਤੀ ਹੈ। "ਯਹੋਵਾਹ ਆਖਦਾ ਹੈ, ਆਓ, ਅਸੀਂ ਸਲਾਹ ਕਰੀਏ, ਭਾਵੇਂ ਤੁਹਾਡੇ ਪਾਪ ਕਿਰਮਚ ਵਰਗੇ ਸੁਰਖ਼ ਹੋਣ, ਉਹ ਬਰਫ਼ ਜਿਹੇ ਚਿੱਟੇ ਹੋ ਜਾਣਗੇ, ਭਾਵੇਂ ਉਹ ਲਾਲ ਸੂਹੇ ਹੋਣ, ਉਹ ਉੱਨ ਜਿਹੇ ਸਫ਼ੇਦ ਹੋ ਜਾਣਗੇ।

**(5) ਜੇਕਰ ਅਸੀਂ ਪੂਰੀ ਲਗਨ ਦੇ ਨਾਲ ਪਰਮੇਸ਼ੁਰ ਨੂੰ ਖੋਜਦੇ ਹਾਂ ਤਾਂ ਅਸੀਂ ਕਿਹੜੇ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਜਿਹੜੇ ਮੇਰੇ ਨਾਲ ਪ੍ਰੀਤ ਲਾਉਂਦੇ ਹਨ ਉਨ੍ਹਾਂ ਨਾਲ ਮੈਂ ਵੀ ਪ੍ਰੀਤ ਲਾਉਂਦੀ ਹਾਂ, ਅਤੇ ਜਿਹੜੇ ਮਨ ਨਾਲ ਮੈਨੂੰ ਭਾਲਦੇ ਹਨ ਓਹ ਮੈਨੂੰ ਲੱਭ ਲੈਣਗੇ।** (ਕਹਾਉਤਾਂ 8:17)*

ਮੈਨੂੰ ਛੇਤੀ ਭਾਲੋ। ਇਸਦਾ ਅਰਥ ਇਹ ਹੈ ਕੀ ਇੰਨੀ ਲਗਨ ਦੇ ਨਾਲ ਤਲਾਸ਼ ਕਰਨਾ ਕਿ ਜਿਵੇਂ ਕੋਈ ਸਵੇਰ ਨੂੰ ਜਲਦੀ ਉੱਠ ਕੇ ਖੋਜ ਵਿੱਚ ਲੱਗ ਜਾਂਦਾ ਹੈ। ਸੰਸਾਰਿਕ ਮਾਮਲਿਆਂ ਦੀ ਭੁਲੇਵਿਆਂ ਅਤੇ ਮਨੁੱਖ ਦੇ ਹਿਰਦੇ ਦੇ ਛੱਲ ਦੇ ਕਾਰਣ, ਸੱਚੀ ਬੁੱਧ ਅਤੇ ਪਰਮੇਸ਼ੁਰ ਦੇ ਨਾਲ ਬਚਾਉਣ ਵਾਲੇ ਰਿਸ਼ਤੇ ਕਾਇਮ ਰੱਖਣ ਦੇ ਲਈ ਨਿਰੰਤਰ ਲਗਨ ਦੀ ਲੋੜ ਹੁੰਦੀ ਹੈ।

**(6) ਭੇਟ ਅਤੇ ਬਲੀਦਾਨ ਅਤੇ ਤੁਹਾਡੀ ਸਰਵ-ਉੱਚ ਬੁਲਾਹਟ ਅਤੇ ਮੌਕੇ ਤੋਂ ਵੱਧ ਕੇ ਪਰਮੇਸ਼ੁਰ ਦੇ ਲਈ ਜ਼ਿਆਦਾ ਮਹੱਤਵ ਕੀ ਰੱਖਦਾ ਹੈ?**

***ਅਤੇ ਸਾਰੇ ਦਿਲ ਨਾਲ ਅਤੇ ਸਾਰੀ ਸਮਝ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਉਹ ਨੂੰ ਪਿਆਰ ਕਰਨਾ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰਨਾ ਸਾਰੇ ਹੋਮ ਬਲੀਆਂ ਅਤੇ ਬਲੀਦਾਨਾਂ ਨਾਲੋਂ ਵੱਧਕੇ ਹੈ।** (ਮਰਕੁਸ 12:33)*

ਇੱਥੇ ਦੱਸੇ ਗਏ ਢੰਗ ਦੇ ਨਾਲ ਪਰਮੇਸ਼ੁਰ ਨੂੰ ਪਿਆਰ ਕਰਨਾ, ਉਸਦੀ ਸੇਵਾ ਵਿੱਚ ਆਪਣੀ ਸੰਪੂਰਨ ਹੋਂਦ, ਪਿਆਰ, ਜੀਵਨ, ਸ਼ਰੀਰਕ  ਸ਼ਕਤੀਆਂ ਅਤੇ ਬੁੱਧ ਨੂੰ ਸਮਰਪਿਤ ਕਰਨਾ ਹੈ। ਇਸ ਤਰਾਂ ਦੇ “ਪਿਆਰ” ਦਾ

ਮੱਤਲਬ ਪਰਮੇਸ਼ੁਰ ਦੀ ਬਿਵਸਥਾ ਨੂੰ ਪੂਰਾ ਕਰਨਾ ਹੈ (ਰੋਮੀਆਂ ਨੂੰ 13:10), ਇੱਕ ਅਜਿਹਾ ਪਿਆਰ ਜਿਸ ਵਿੱਚ ਇੱਕ ਇਨਸਾਨ ਕਾਇਮ ਰਹੇਗਾ, ਜਦੋਂ ਉਹ ਮਸੀਹ ਦੀ ਕਿਰਪਾ ਦੇ ਨਾਲ ਆਪਣੇ ਸਫਰ ਨੂੰ ਮਸੀਹ ਦੇ ਹੁਕਮਾਂ ਦੀ ਪਾਲਣਾ ਕਰਨ ਦੇ ਲਈ ਸ਼ੁਰੂ ਕਰਦਾ ਹੈ (ਯੂਹੰਨਾ 14:15; 15:9, 10)। ਅਸਲ ਵਿੱਚ, ਪਰਮੇਸ਼ੁਰ ਨੇ ਸਾਡੇ ਲਈ ਇਸ ਕਦਰ ਅਤੇ ਇਸ ਭਾਵਨਾ ਵਿੱਚ "ਬਿਵਸਥਾ" ਦਾ ਪਾਲਣ ਕਰਨਾ ਸੌਖਾ ਬਣਾਉਣ ਅਤੇ ਵਿਸ਼ੇਸ਼ ਮੱਕਸਦ ਦੇ ਨਾਲ ਆਪਣੇ ਪੁੱਤਰ ਨੂੰ ਦੁਨੀਆਂ ਵਿੱਚ ਭੇਜਿਆ। ਇਸ ਪ੍ਰਕਾਰ ਇਹ ਹੈ ਕਿ ਬਿਵਸਥਾ ਦੀ ਧਾਰਮਿਕਤਾ ਨੂੰ ਸਾਡੇ ਵਿੱਚ ਪੂਰਾ ਕੀਤਾ ਜਾਣਾ ਹੈ। (ਰੋਮੀਆਂ ਨੂੰ 8:3, 4) ਉਹ ਜੋ ਅਸਲ ਵਿੱਚ ਪਰਮੇਸ਼ੁਰ ਨੂੰ ਜਾਣਦਾ ਹੈ, ਉਹ ਉਸਦੀਆਂ ਆਗਿਆਵਾਂ ਦੀ ਪਾਲਣਾ ਕਰੇਗਾ ਕਿਉਂਕਿ ਪਰਮੇਸ਼ੁਰ ਦਾ ਪਿਆਰ ਉਸ ਵਿੱਚ ਸਿੱਧ ਹੈ। (1 ਯੂਹੰਨਾ 2:4–6)

ਉਹ ਜੋ ਅਨੰਤ ਹੈ, ਸਭ ਕੁਝ ਜਾਣਨ ਵਾਲਾ ਹੈ, ਉਸਨੂੰ ਪੂਰੇ ਬੱਲ, ਮਨ ਅਤੇ ਦਿਲ ਨਾਲ ਪਿਆਰ ਕਰਨਾ, ਭਾਵ ਕਿ ਹਰ ਸ਼ਕਤੀ ਦਾ ਉੱਚਤਮ ਵਿਕਾਸ। ਇਸਦਾ ਅਰਥ ਇਹ ਹੈ ਕਿ ਸਮੁੱਚੀ ਹੋਂਦ, ਸਰੀਰ, ਦਿਮਾਗ ਅਤੇ ਆਤਮਾ ਦੇ ਨਾਲ ਪਰਮੇਸ਼ੁਰ  ਦੀ ਸੂਰਤ ਨੂੰ ਬਹਾਲ ਕਰਨਾ ਹੈ।

**(7) ਸਾਡੇ ਪਿਆਰ ਦਾ ਸਭ ਤੋਂ ਵੱਡਾ ਪ੍ਰਗਟੀਕਰਨ ਕੀ ਹੈ ਜੋ ਕਿ ਮਸੀਹ ਦੁਆਰਾ ਸਾਡੇ ਲਈ ਦਿੱਤੇ ਗਏ ਅਦਬੁਤ ਬਲੀਦਾਨ ਦੇ ਲਈ ਦਿੱਤਾ ਜਾ ਸਕਦਾ ਹੈ?**

***ਜੇਕਰ ਕੋਈ ਵੀ ਵਿਅਕਤੀ, ਮੇਰੇ ਹੁਕਮਾਂ ਨੂੰ ਜਾਣ ਕੇ ਉਨ੍ਹਾਂ ਦੀ ਪਾਲਨਾ ਕਰਦਾ ਹੈ, ਤਾਂ ਉਹ ਉਹੀ ਹੈ ਜੋ ਸੱਚੀਂ ਮੈਨੂੰ ਪਿਆਰ ਕਰਦਾ ਹੈ। ਮੇਰਾ ਪਿਤਾ ਵੀ ਉਸ ਵਿਅਕਤੀ ਨੂੰ ਪਿਆਰ ਕਰੇਗਾ। ਜਿਹੜਾ ਮਨੁੱਖ ਮੈਨੂੰ ਪਿਆਰ ਕਰਦਾ, ਮੈਂ ਵੀ ਉਸ ਮਨੁੱਖ ਨਾਲ ਪਿਆਰ***

*ਕਰਦਾ ਹਾਂ ਅਤੇ ਆਪਣਾ-ਆਪ ਉਸ ਲਈ ਪ੍ਰਗਟ ਕਰਾਂਗਾ?" (ਯੂਹੰਨਾ 14:21)*

ਮਸੀਹ ਪਰਮੇਸ਼ੁਰ ਦੀ ਅਗਿਆਵਾਂ ਦੇ ਪ੍ਰਤੀ ਆਪਣੇ ਲੋਕਾਂ ਦੀ ਆਗਿਆਕਾਰੀ ਨੂੰ ਮਹੱਤਵ ਦਿੰਦਾ ਹੈ। ਉਹਨਾਂ ਨੂੰ ਉਹਨਾਂ ਦੇ ਬਾਰੇ ਵਿੱਚ ਇੱਕ ਸਮਝਦਾਰੀ ਵਾਲਾ ਗਿਆਨ ਹੋਣਾ ਚਾਹੀਦਾ ਹੈ, ਅਤੇ ਉਹਨਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਮੰਨਣਾ ਚਾਹੀਦਾ ਹੈ। ਮਨੁੱਖ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਨਹੀਂ ਕਰ ਸਕਦਾ, ਕੇਵਲ ਜਦੋਂ ਉਹ ਮਸੀਹ ਵਿੱਚ ਹੁੰਦਾ ਹੈ, ਅਤੇ ਮਸੀਹ ਉਸ ਵਿੱਚ ਹੁੰਦਾ ਹੈ। ਅਤੇ ਇਹ ਉਸਦੇ ਲਈ ਸੌਖਾ ਨਹੀਂ ਹੈ ਕਿ ਮਸੀਹ ਵਿੱਚ ਰਹੇ ਅਤੇ ਉਸਦੇ ਹੁਕਮਾਂ ਦੀ ਰੌਸ਼ਨੀ ਨੂੰ ਪ੍ਰਾਪਤ ਕਰਦਿਆਂ ਉਹਨਾਂ ਵਿੱਚੋਂ ਛੋਟੇ ਤੋਂ ਛੋਟੇ ਹੁਕਮ ਨੂੰ ਤੁੱਛ ਜਾਣੇ। ਉਸਦੇ ਵਚਨ ਦੇ ਪ੍ਰਤੀ ਦ੍ਰਿੜ, ਇੱਛੁਕ ਆਗਿਆਕਾਰੀ ਦੇ ਦੁਆਰਾ, ਉਹ ਪਰਮੇਸ਼ੁਰ ਦੇ ਭੇਜੇ ਹੋਏ ਦੇ ਲਈ ਆਪਣੇ ਪਿਆਰ ਦਾ ਪ੍ਰਮਾਣ ਦਿੰਦੇ ਹਨ।

ਪਰਮੇਸ਼ੁਰ ਦੀ ਆਗਿਆਵਾਂ ਦਾ ਪਾਲਣ ਨਾ ਕਰਨਾ ਉਸ ਨਾਲ ਪਿਆਰ ਕਰਨਾ ਨਹੀਂ ਹੈ। ਕੋਈ ਵੀ ਪਰਮੇਸ਼ੁਰ ਦੀ ਬਿਵਸਥਾ ਨੂੰ ਨਹੀਂ ਮੰਨੇਗਾ ਜਦ ਤੱਕ ਕਿ ਉਹ ਉਸ ਦੇ ਨਾਲ ਜੋ ਪਿਤਾ ਦਾ ਇੱਕਲੌਤਾ ਪੁੱਤਰ ਹੈ ਪਿਆਰ ਨਾ ਕਰੇ । ਅਤੇ ਫਿਰ ਵੀ ਜੇ ਉਹ ਨਿਸ਼ਚਿਤ ਰੂਪ ਵਿੱਚ ਉਸ ਦੇ ਨਾਲ ਪਿਆਰ ਕਰਦੇ ਹਨ ਤਾਂ ਉਹ ਆਪਣੀ ਆਗਿਆਕਾਰੀ ਦੁਆਰਾ ਉਹਨਾਂ ਦੇ ਪਿਆਰ ਦਾ ਇਜ਼ਹਾਰ ਕਰਨਗੇ। ਉਹ ਸਭ ਜੋ ਮਸੀਹ ਨਾਲ ਪਿਆਰ ਰੱਖਦੇ ਹਨ, ਪਿਤਾ ਦੇ ਚਹੇਤੇ ਹੋਣਗੇ, ਅਤੇ ਉਹ ਖੁਦ ਨੂੰ ਉਹਨਾਂ ਉੱਤੇ ਪ੍ਰਗਟ ਕਰੇਗਾ। ਉਹਨਾਂ ਦੀਆਂ ਸਾਰੀਆਂ ਮੁਸ਼ਕਿਲ ਹਾਲਾਤਾਂ ਵਿੱਚ ਅਤੇ ਉਲਝਣਾਂ ਵਿੱਚ ਉਹਨਾਂ ਦੇ ਕੋਲ ਯਿਸੂ ਮਸੀਹ ਦੇ ਵਿੱਚ ਇੱਕ ਸਹਾਇਕ ਹੋਵੇਗਾ।

ਇੱਕ ਜੀਵਿਤ ਵਿਸ਼ਵਾਸ਼ ਨੂੰ ਛੋਟੇ ਤੋਂ ਛੋਟੇ ਕੰਮਾਂ ਦੇ ਪ੍ਰਦਰਸ਼ਨ ਦੇ ਮਾਧਿਅਮ ਦੇ ਨਾਲ ਸੋਨੇ ਦੇ ਧਾਗਿਆਂ ਦੀ

ਤਰਾਂ ਚੱਲਣ ਦਿਓ। ਤਦ ਸਾਰੇ ਰੋਜ਼ਾਨਾ ਦੇ ਕਾਰਜ ਮਸੀਹੀ ਵਿਕਾਸ ਨੂੰ ਵਧਾਵਾ ਦੇਣਗੇ। ਲਗਤਾਰ ਯਿਸੂ ਦੇ ਵੱਲ ਤੱਕਦੇ ਰਹੋ। ਉਸਦੇ ਪ੍ਰਤੀ ਕੀਤਾ ਹੋਇਆ ਪਿਆਰ ਉਹਨਾਂ ਸਭ ਕੰਮਾਂ ਨੂੰ ਮਹੱਤਵਪੂਰਨ ਸ਼ਕਤੀ ਦੇਵੇਗਾ ਜੋ ਸ਼ੁਰੂ ਕੀਤਾ ਜਾਵੇਗਾ। ਇਸ ਤਰਾਂ ਆਪਣੀ ਕਾਬਲੀਅਤ ਦਾ ਸਹੀ ਉਪਯੋਗ ਕਰਕੇ ਅਸੀਂ ਖ਼ੁਦ ਨੂੰ ਇੱਕ ਸੋਨੇ ਦੀ ਜ਼ੰਜੀਰ ਸੇ ਨਾਲ ਉੱਚ ਸੰਸਾਰ ਦੇ ਨਾਲ ਜੋੜ ਸਕਦੇ ਹਾਂ। ਇਹ ਸੱਚਾ ਪਵਿੱਤਰੀਕਰਨ ਹੈ, ਕਿਉਂਕਿ ਪਵਿੱਤਰੀਕਰਨ ਵਿੱਚ ਪਰਮੇਸ਼ੁਰ ਦੀ ਇੱਛਾ ਦੇ ਪ੍ਰਤੀ ਪੂਰਨ ਆਗਿਆਕਾਰੀ ਵਿੱਚ ਰੋਜ਼ਾਨਾ ਦੇ ਕਾਰਜਾਂ ਦਾ ਅਨੰਦਪੂਰਵਕ ਪਾਲਣ ਕਰਨਾ ਸ਼ਾਮਿਲ ਹੈ।
ਜਦੋਂ ਪਰਮੇਸ਼ੁਰ ਦੀ ਅਗਿਆ ਦਾ ਪਾਲਣ ਦਿਲ ਤੋਂ ਹੁੰਦਾ ਹੈ, ਜਦ ਇਸ ਉਦੇਸ਼ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਤਦ ਯਿਸੂ ਇਸ ਸੁਭਾਅ ਅਤੇ ਕੋਸ਼ਿਸ਼ਾਂ ਨੂੰ ਮਨੁੱਖ ਦੀ ਸਰਵ-ਉੱਚ ਸੇਵਾ ਦੇ ਰੂਪ ਵਿੱਚ ਸਵੀਕਾਰ ਕਰਦਾ ਹੈ, ਅਤੇ ਉਹ ਆਪਣੇ ਰੂਹਾਨੀ ਗੁਣ ਦੇ ਨਾਲ ਕਮੀ ਨੂੰ ਪੂਰਾ ਕਰਦਾ ਹੈ।

**(8) ਜਦਕਿ ਅਸੀਂ ਖ਼ੁਦ, ਹੁਕਮਾਂ ਦੀ ਪਾਲਣਾ ਨਹੀਂ ਕਰ ਸਕਦੇ ਹਾਂ ਅਤੇ ਸਾਡਾ ਸੁਭਾਵਿਕ ਝੁਕਾਅ ਅਣ-ਆਗਿਆਕਾਰੀ ਦੇ ਵੱਲ ਹੁੰਦਾ ਹੈ, ਜਦ ਪਿਆਰ ਅਤੇ ਵਿਸ਼ਵਾਸ ਵਿੱਚ ਅਸੀਂ ਸ੍ਵੈਇੱਛਾ ਦੇ ਨਾਲ ਉਸਦੀ ਬਦਲਾਵ ਕਰ ਦੇਣ ਵਾਲੀ ਤਾਕਤ ਨੂੰ ਪ੍ਰਗਟ ਕਰਦੇ ਹਾਂ, ਤਾਂ ਪਰਮੇਸ਼ੁਰ ਕੀ ਕਰੇਗਾ?**

*ਇਹ ਉਹ ਨੇਮ ਹੈ ਜਿਹੜਾ ਮੈਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਉਨ੍ਹਾਂ ਦਿਨਾਂ ਦੇ ਬਾਅਦ, ਪ੍ਰਭੂ ਆਖਦਾ ਹੈ, ਮੈਂ ਆਪਣੀ ਬਿਵਸਥਾ ਉਹਨਾਂ ਦੇ ਮਨਾਂ ਵਿੱਚ ਪਾਵਾਂਗਾ, ਅਤੇ ਉਹਨਾਂ ਦਿਆਂ ਦਿਲਾਂ ਉੱਤੇ ਉਨ੍ਹਾਂ ਨੂੰ ਲਿਖਾਂਗਾ। ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਉਹ*

*ਮੇਰੀ ਪਰਜਾ ਹੋਣਗੇ। (ਇਬਰਾਨੀ 8:10)*

ਪਰਮੇਸ਼ੁਰ ਦੀ ਬਿਵਸਥਾ ਸਾਰੇ ਸੁਵਾਰਥ, ਦਿਲ ਦੇ ਸਾਰੇ ਘਮੰਡ, ਹਰ ਪ੍ਰਕਾਰ ਦੀ ਬੇਈਮਾਨੀ, ਹਰ ਗੁਪਤ ਅਤੇ ਖੁੱਲੇ ਪਾਪ ਦੀ ਨਿੰਦਾ ਕਰਦੀ ਹੈ। ਸੁਭਾਵਿਕ ਦਿਲ ਇਸਦੇ ਉਪਦੇਸ਼ਾਂ ਦੇ ਨਾਲ ਪਿਆਰ ਕਰਨ ਜਾਂ ਇਸ ਦੀਆਂ ਮੰਗਾਂ ਨੂੰ ਮੰਨਣ ਦੇ ਲਈ ਇੱਛੁਕ ਨਹੀਂ ਹੈ। "ਇਹ ਪਰਮੇਸ਼ੁਰ ਦੀ ਬਿਵਸਥਾ ਦੇ ਅਧੀਨ ਨਹੀਂ ਹੈ, ਅਤੇ ਨਾ ਹੀ ਅਸਲ ਵਿੱਚ ਜੋ ਸਕਦਾ ਹੈ।" ਪਰ ਮਸੀਹ ਦੇ ਵਿੱਚ ਸੱਚਾ ਵਿਸ਼ਵਾਸ ਹਿਰਦੇ ਨੂੰ ਤਬਦੀਲ ਕਰਦਾ ਹੈ, ਅਤੇ ਜਦ ਤੱਕ ਉਹ ਪਰਮੇਸ਼ੁਰ ਦੀ ਬਿਵਸਥਾ ਤੋਂ ਅਨੰਦ ਨਾ ਹੋ ਜਾਵੇ, ਇਹ ਬਿਵਸਥਾ ਦੇ ਪ੍ਰਤੀ ਉਸਦੇ ਰਵੱਈਏ  ਵਿੱਚ ਬਦਲਾਅ ਲਿਆਉਂਦਾ ਹੈ। ਅਤੇ ਜਿਹੜਾ ਮਨੁੱਖ ਬਿਵਸਥਾ ਦੇ ਪ੍ਰਤੀ ਦੁਸ਼ਮਣੀ ਪ੍ਰਗਟ ਕਰਦਾ ਹੈ, ਉਸਨੇ ਪਰਮੇਸ਼ੁਰ ਦੇ ਪਰਿਵਰਤਨਕਾਰੀ ਸ਼ਕਤੀ ਦੇ ਪ੍ਰਤੀ ਸਮਰਪਣ ਨਹੀਂ ਕੀਤਾ ਹੈ। ਇਹ ਹੁਕਮਾਂ ਦਾ ਪਾਲਣਾ ਹੈ ਜੋ ਸਾਡੇ ਪਿਆਰ ਦੇ ਕਾਰਜ ਦੀ ਇਮਾਨਦਾਰੀ ਨੂੰ ਸਾਬਿਤ ਕਰਦਾ ਹੈ। ਯੂਹੰਨਾ ਕਹਿੰਦਾ ਹੈ, "ਪਰਮੇਸ਼ੁਰ ਦਾ ਪਿਆਰ ਇਹ ਹੈ, ਕਿ ਅਸੀਂ ਉਸਦੇ ਹੁਕਮਾਂ ਨੂੰ ਮੰਨੀਏ ਅਤੇ ਉਸਦੇ ਹੁਕਮ ਔਖੇ ਨਹੀਂ ਹਨ।

**(9) ਜਦੋਂ ਸਾਡਾ ਧਰਮ ਪਿਆਰ ਦੇ ਆਧਾਰਿਤ ਹੈ ਅਤੇ ਇਹ ਕੇਵਲ ਇੱਕ ਰੀਤਿ ਨਹੀਂ ਹੈ ਅਤੇ ਤਦ ਫਿਰ ਉਸਦੀ ਕਿਰਪਾ ਦੇ ਨਾਲ, ਅਸੀਂ ਉਸਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ, ਤਾਂ ਅਸੀਂ ਕਿੱਥੇ ਨਿਰੰਤਰ ਵਾਸ ਕਾਰਾਂਗੇ?**

***ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਣਾ ਕਰਦਾ ਹਾਂ ਅਤੇ ਮੈਂ ਉਸ ਦੇ ਪਿਆਰ ਵਿੱਚ ਰਹਿੰਦਾ ਹਾਂ। ਇਸੇ ਤਰ੍ਹਾਂ***

***ਜੇਕਰ ਤੁਸੀਂ ਵੀ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ ਤੁਸੀਂ ਮੇਰੇ ਪਿਆਰ ਵਿੱਚ ਰਹੋਗੇ। (ਯੂਹੰਨਾ 15:10)***

ਸੱਚਾ ਧਰਮ {ਰਿਸ਼ਤੇ ਉੱਤੇ ਆਧਾਰਿਤ} ਮਨੁੱਖ ਦੇ ਪਰਮੇਸ਼ੁਰ ਦੇ ਬਿਵਸਥਾ ਦੇ ਨਾਲ, ਸ਼ਰੀਰਕ, ਮਾਨਸਿਕ ਅਤੇ ਨੈਤਿਕ ਤਾਲਮੇਲ ਨੂੰ ਸਥਾਪਿਤ ਕਰਦਾ ਹੈ। ਇਹ ਸੈੰ-ਨਿਯੰਤਰਣ, ਸ਼ਾਂਤੀ, ਪਰਹੇਜ਼ ਸਿਖਾਉਂਦਾ ਹੈ। ਧਰਮ ਮਨ ਨੂੰ ਸਿੱਧ ਕਰਦਾ ਹੈ, ਇਹ ਸੁਵਾਦ ਨੂੰ ਸੁਧਾਰਦਾ ਹੈ, ਅਤੇ ਇਹ ਫੈਸਲੇ ਨੂੰ ਪਵਿੱਤਰ ਕਰਦਾ ਹੈ। ਇਹ ਆਤਮਾ ਨੂੰ ਸਵਰਗ ਦੀ ਪਵਿੱਤਰਤਾ ਦਾ ਭਾਗੀਦਾਰੀ ਬਣਾਉਂਦਾ ਹੈ। ਪਰਮੇਸ਼ੁਰ ਦੇ ਪਿਆਰ ਵਿੱਚ ਵਿਸ਼ਵਾਸ ਅਤੇ ਪਰਮੇਸ਼ੁਰੀ ਰੱਖਿਆ ਦੀ ਪ੍ਰਬਲਤਾ ਚਿੰਤਾ ਅਤੇ ਦੇਖਭਾਲ ਦੇ ਭੋਝ ਨੂੰ ਹਲਕਾ ਕਰ ਦਿੰਦੇ ਹਨ। ਇਹ ਹਿਰਦੇ ਨੂੰ ਉੱਚਤਮ ਜਾਂ ਦੀਨਤਾ ਦੇ ਵਿੱਚ ਅਨੰਦ ਅਤੇ ਸੰਤੁਸ਼ਟੀ ਦੇ ਨਾਲ ਭਰ ਦਿੰਦਾ ਹੈ। ਧਰਮ ਸਿੱਧੇ ਤੌਰ ਤੇ ਸਿਹਤ ਨੂੰ ਉੱਨਤ ਕਰਨ, ਜੀਵਨ ਨੂੰ ਲੰਬਾ ਕਰਨ ਅਤੇ ਇਸਦੇ ਸਾਰੀਆਂ ਬਰਕਤਾਂ ਦੇ ਸਾਡੇ ਅਨੰਦ ਨੂੰ ਵਧਾਉਣ ਦੇ ਲਈ ਮਨਸ਼ਾ ਰੱਖਦਾ ਹੈ। ਇਹ ਆਤਮਾ ਦੇ ਲਈ ਖੁਸ਼ੀ ਦਾ ਇੱਕ ਨਾ ਮੁੱਕਣ ਵਾਲਾ ਸੋਤਾ ਖੋਲਦਾ ਹੈ।

ਕੀ ਉਹ ਸਾਰੇ ਜਿਹਨਾਂ ਨੇ ਮਸੀਹ ਨੂੰ ਨਹੀਂ ਚੁਣਿਆ ਹੈ, ਇਹ ਮਹਿਸੂਸ ਕਰ ਸਕਦੇ ਹਨ ਕੀ ਉਸਦੇ ਕੋਲ ਉਹਨਾਂ ਨੂੰ ਦੇਣ ਦੇ ਲਈ ਕੁਝ ਵਧੀਆ ਹੈ ਜਿਸਨੂੰ ਉਹ ਆਪਣੇ ਲਈ ਖੋਜ ਰਹੇ ਹਨ। ਮਨੁੱਖ ਜਦੋਂ ਪਰਮੇਸ਼ੁਰ ਦੀ ਇੱਛਾ ਦੇ ਵਿਰੁੱਧ ਸੋਚਦਾ ਅਤੇ ਕੰਮ ਕਰਦਾ ਹੈ ਤਾਂ ਉਹ ਆਪਣੀ ਆਤਮਾ ਨੂੰ ਸਭ ਤੋਂ ਵੱਡੀ ਸੱਟ ਮਾਰਦਾ ਅਤੇ ਅਨਿਆਂ ਕਰਦਾ ਹੈ। ਪਰਮੇਸ਼ੁਰ ਜੋ ਇਹ ਜਾਣਦਾ ਹੈ ਕੀ ਸਭ ਤੋਂ ਵਧੀਆ ਕੀ ਹੈ, ਅਤੇ ਆਪਣੇ ਪ੍ਰਾਣੀਆਂ ਦੇ ਲਈ ਭਲਿਆਈ ਦੀ ਯੋਜਨਾ ਬਣਾਉਂਦਾ ਹੈ, ਉਸ ਦੁਆਰਾ ਮਨਾ ਕੀਤੇ ਗਏ ਰਾਹ ਉੱਤੇ ਚੱਲ ਕੇ ਕੋਈ ਵੀ ਸੱਚਾ ਅਨੰਦ ਨਹੀਂ ਪਾਇਆ ਜਾ ਸਕਦਾ। ਪਾਪ ਦਾ ਮਾਰਗ ਦੁਖ ਅਤੇ ਵਿਨਾਸ਼ ਦੇ ਵੱਲ

ਲੈ ਕੇ ਜਾਂਦਾ ਹੈ; ਪਰ ਬੁੱਧ ਦੇ ਮਾਰਗ ਮਨੋਹਰ ਅਤੇ ਉਸਦੇ ਸਭ ਰਾਹ ਸ਼ਾਂਤੀ ਹਨ    ਕਹਾਉਤਾਂ 3:17

**(10) ਜਦਕਿ ਸਾਡੀ ਆਪਣੀ ਤਾਕਤ ਵਿੱਚ ਪਿਆਰ ਕਰਨ ਦੀ ਤਾਕਤ ਨਹੀਂ ਹੈ, ਜੇਕਰ ਅਸੀਂ ਉਸ ਨੂੰ ਪਿਆਰ ਕਰਨ ਦੇਈਏ ਤਾਂ ਪਰਮੇਸ਼ੁਰ ਸਾਡੇ ਲਈ ਕੀ ਕਰੇਗਾ?**

***ਅਤੇ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਡੇ ਅਤੇ ਤੁਹਾਡੇ ਵੰਸ਼ ਦੇ ਦਿਲ ਦੀ ਸੁੰਨਤ ਕਰੇਗਾ ਤਾਂ ਜੋ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨਾਲ ਆਪਣੇ ਸਾਰੇ ਦਿਲ ਅਤੇ ਆਪਣੀ ਸਾਰੀ ਜਾਨ ਨਾਲ ਪ੍ਰੇਮ ਰੱਖੋ, ਤਾਂ ਜੋ ਤੁਸੀਂ ਜੀਉਂਦੇ ਰਹੋ। (ਬਿਵਸਥਾਸਾਰ 30:6)***

ਦਿਲ ਦੀ ਸੁੰਨਤ ਕਰਨ ਦਾ ਅਰਥ ਇਹ ਹੈ ਕਿ ਆਪਣੀ ਆਤਮਿਕ ਧਾਰਨਾ ਨੂੰ ਤੇਜ ਕਰਨਾ ਅਤੇ ਆਪਣੇ ਵਿਵੇਕ ਨੂੰ ਕੋਮਲ ਬਣਾਉਣਾ।

ਇਹ ਪਰਮੇਸ਼ੁਰ ਹੈ ਜੋ ਦਿਲਾਂ ਦੀ ਸੁੰਨਤ ਕਰਦਾ ਹੈ। ਸ਼ੁਰੂ ਤੋਂ ਲੈ ਕੇ ਅੰਤ ਤੱਕ ਸਾਰਾ ਕੰਮ ਪਰਮੇਸ਼ੁਰ ਦਾ ਹੀ ਹੈ। ਨਾਸ਼ ਹੋ ਰਿਹਾ ਪਾਪੀ ਇਹ ਕਹੇਗਾ: "ਮੈਂ ਗੁਆਚਿਆਂ ਹੋਇਆ ਪਾਪੀ ਹਾਂ; ਪਰ ਮਸੀਹ ਗਵਾਚੇ ਹੋਇਆਂ ਨੂੰ ਭਾਲਣ ਅਤੇ ਬਚਾਉਣ ਦੇ ਲਈ ਆਇਆ। ਉਹ ਕਹਿੰਦਾ ਹੈ, "ਮੈਂ ਧਰਮੀਆਂ ਨੂੰ ਬੁਲਾਉਣ ਦੇ ਲਈ ਨਹੀਂ ਬਲਕਿ ਪਾਪੀਆਂ ਨੂੰ ਤੌਬਾ ਦੇ ਲਈ ਬਲਾਉਣ ਆਇਆ ਹਾਂ। (ਮਰਕੁਸ 2:17) ਮੈਂ ਪਾਪੀ ਹਾਂ ਅਤੇ ਉਹ ਮੈਨੂੰ ਬਚਾਉਣ ਦੇ ਲਈ ਕਲਵਰੀ ਦੀ ਸਲੀਬ ਉੱਤੇ ਮਰਿਆ। ਮੈਨੂੰ ਹੋਰ ਪਾਪ ਦੇ ਵਿੱਚ ਪਾਏ ਰਹਿਣ ਦੀ ਲੋੜ ਨਹੀਂ ਹੈ। ਉਹ ਮੇਰੀ ਧਾਰਮਿਕਤਾ ਦੇ ਲਈ ਮਰਿਆ ਅਤੇ ਜੀ ਉੱਠਿਆ, ਅਤੇ ਹੁਣ ਉਹ ਮੈਨੂੰ ਬਚਾ

ਲਵੇਗਾ। ਮੈਂ ਉਸਦੇ ਦੁਆਰਾ ਦਿੱਤੀ ਮਾਫੀ ਨੂੰ ਕਬੂਲ ਕਰਦਾ ਹਾਂ।

**(11) ਜਦੋਂ ਪਰਮੇਸ਼ੁਰ ਦੇ ਲਈ ਪਿਆਰ ਦਾ ਸਵਰਗੀ ਸਿਧਾਂਤ ਸਾਡੇ ਹਿਰਦੇ ਵਿੱਚ ਭਰ ਜਾਂਦਾ ਹੈ, ਅਤੇ ਉਸਦੇ ਆਤਮਾ ਦੇ ਨਾਲ ਅਸੀਂ ਉਸਦੇ ਹੁਕਮਾਂ ਦਾ ਪਾਲਣ ਕਰਦੇ ਹਾਂ, ਤਾਂ ਅਸੀਂ ਉਸਦੀ ਸੰਤਾਨ ਦੇ ਨਾਲ ਕਿਹੋ ਜਿਹਾ ਵਿਵਹਾਰ ਕਰਾਂਗੇ?**

***ਜਦੋਂ ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਅਤੇ ਉਹ ਦੇ ਹੁਕਮਾਂ ਉੱਤੇ ਚੱਲਦੇ ਹਾਂ, ਤਾਂ ਇਸ ਤੋਂ ਜਾਣਦੇ ਹਾਂ ਕਿ ਅਸੀਂ ਪਰਮੇਸ਼ੁਰ ਦੇ ਬੱਚਿਆਂ ਨੂੰ ਪਿਆਰ ਕਰਦੇ ਹਾਂ।***
***(1 ਯੂਹੰਨਾ 5:2)***

ਜਦੋਂ ਸਦੀਵੀ ਪਿਆਰ ਦਾ ਸਵਰਗੀ ਸਿਧਾਂਤ ਦਿਲ ਨੂੰ ਭਰ ਦਿੰਦਾ ਹੈ, ਇਹ ਦੂਜਿਆਂ ਦੇ ਲਈ ਡੁੱਲ ਜਾਂਦਾ ਹੈ, ਨਾ ਸਿਰਫ ਇਸ ਲਈ ਕਿ ਉਹ ਕਿਰਪਾ ਪ੍ਰਾਪਤ ਕਰਦੇ ਹਨ, ਬਲਕਿ ਕਿਉਂਕਿ ਪਿਆਰ ਕਰਮ ਦਾ ਸਿਧਾਂਤ ਹੈ, ਅਤੇ ਇਹ ਚਰਿੱਤਰ ਨੂੰ ਬਦਲਦਾ ਹੈ, ਭਾਵਨਾਵਾਂ ਨੂੰ ਨਿਯੰਤਰਿਤ ਕਰਦਾ ਹੈ, ਜਨੂੰਨ ਨੂੰ ਨਿਯੰਤਰਿਤ ਕਰਦਾ ਹੈ, ਅਤੇ ਅਧੀਨ ਕਰਦਾ ਹੈ। ਦੁਸ਼ਮਣੀ ਨੂੰ ਦਬਾਉਂਦਾ ਅਤੇ ਪਿਆਰ ਵਧਾਉਂਦਾ ਹੈ। ਇਹ ਪਿਆਰ ਸੰਕੁਚਿਤ ਨਹੀਂ ਹੈ, ਤਾਂ ਜੋ ਸਿਰਫ "ਮੈਂ ਅਤੇ ਮੇਰੇ" ਨੂੰ ਹੀ ਸ਼ਾਮਲ ਕਰੇ, ਪਰ ਇਹ ਵਿਸ਼ਵ ਜਿੰਨਾ ਵਿਸ਼ਾਲ ਅਤੇ ਸਵਰਗ ਜਿੰਨਾ ਉੱਚਾ ਹੈ। ਇਹ ਦੂਤ ਕਰਮਚਾਰੀਆਂ ਦੇ ਅਨੁਰੂਪ ਹੈ। ਇਹ ਪਿਆਰ ਆਤਮਾ ਨੂੰ ਉੱਨਤ ਕਰਦਾ ਹੈ, ਅਤੇ ਸੰਪੂਰਨ ਜੀਵਨ ਨੂੰ ਮਿੱਠਾ ਬਣਾਉਂਦਾ ਹੈ ਅਤੇ ਚਾਰੇ ਪਾਸੇ ਸੁਧਾਰ ਦੇ ਪ੍ਰਭਾਵਾਂ ਪਾਉਂਦਾ ਹੈ। ਇਸ ਨੂੰ ਪਾਉਣ ਦੇ ਨਾਲ, ਨਹੀਂ ਪਰ ਅਸੀਂ ਖੁਸ਼ ਹੋ ਸਕਦੇ, ਕਿਸਮਤ ਨੂੰ ਮੁਸਕਰਾਉਣ ਜਾਂ ਨਾਖੁਸ਼ ਹੋਣ ਦਿਓ। ਅਤੇ ਜੇ ਅਸੀਂ ਆਪਣੇ ਸਾਰੇ ਦਿਲਾਂ

ਨਾਲ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ, ਤਾਂ ਸਾਨੂੰ ਉਸਦੇ ਬੱਚਿਆਂ ਨੂੰ ਵੀ ਪਿਆਰ ਕਰਨਾ ਚਾਹੀਦਾ ਹੈ। ਇਹ ਪਿਆਰ ਪਰਮੇਸ਼ੁਰ ਦੀ ਆਤਮਾ ਹੈ। ਇਹ ਸਵਰਗੀ ਸ਼ਿੰਗਾਰ ਹੈ ਜੋ ਆਤਮਾ ਨੂੰ ਸੱਚੀ ਕੁਲੀਨਤਾ ਅਤੇ ਮਾਣ ਪ੍ਰਦਾਨ ਕਰਦੀ ਹੈ।

**(12) ਜਦੋਂ ਅਸੀਂ ਅਸਲ ਵਿੱਚ ਪਰਮੇਸ਼ੁਰ ਦੇ ਨਾਲ ਪਿਆਰ ਕਰਦੇ ਹਾਂ ਅਤੇ ਉਸ ਖੁਸ਼ੀ ਦਾ ਤਜ਼ਰਬਾ ਕਰਦੇ ਹਾਂ ਜੋ ਉਸਦੀਆਂ ਅਗਿਆਵਾਂ ਦਾ ਪਾਲਣ ਕਰਦੀ ਹੈ, ਤਾਂ ਅਸੀਂ ਕਿਹੜੀਆਂ ਤਿੰਨ ਚੀਜ਼ਾਂ ਕਰਨਾ ਚਾਹਾਂਗੇ?**

***'ਮੇਰੇ ਹੁਕਮਾਂ ਨੂੰ ਮੰਨ ਅਤੇ ਜੀਉਂਦਾ ਰਹਿ, ਅਤੇ ਮੇਰੀ ਸਿੱਖਿਆ ਨੂੰ ਆਪਣੀ ਅੱਖ ਦੀ ਕਾਕੀ ਵਰਗੀ ਜਾਣ। ਉਹਨਾਂ ਨੂੰ ਆਪਣੀਆਂ ਉਂਗਲਾਂ ਉੱਤੇ ਬੰਨ੍ਹ ਲੈ, ਉਹਨਾਂ ਨੂੰ ਆਪਣੇ ਮਨ ਦੀ ਤਖ਼ਤੀ ਉੱਤੇ ਲਿਖ ਲੈ। '***
***(ਕਹਾਉਤਾਂ 7:2-3)***

ਉਹ ਵਿਅਕਤੀ ਜੋ ਪਰਮੇਸ਼ੁਰ ਦੇ ਹੁਕਮਾਂ ਨੂੰ ਕੇਵਲ ਇੱਕ ਫਰਜ਼ ਦੇ ਭਾਵਨਾ ਦੇ ਨਾਲ ਪੂਰਾ ਕਰਨ ਦੇ ਕੋਸ਼ਿਸ਼ ਕਰਦਾ ਹੈ-ਕਿਉਂਕਿ ਉਸਨੂੰ ਜ਼ਰੂਰਤ ਹੈ ਉਹਨਾਂ ਨੂੰ ਮੰਨਣ ਦੀ – ਉਹ ਕਦੇ ਵੀ ਆਗਿਆਕਾਰੀ ਦੇ ਅਨੰਦ ਵਿੱਚ ਪਰਵੇਸ਼ ਨਹਾਈ ਕਰ ਸਕਦਾ ਹੈ। ਉਹ ਪਾਲਣਾ ਨਹੀਂ ਕਰਦਾ ਹੈ। ਜਦੋਂ ਪਰਮੇਸ਼ੁਰ ਦੀਆਂ ਮੰਗਾਂ ਨੂੰ ਬੋਝ ਸਮਝਿਆ ਜਾਂਦਾ ਹੈ ਕਿਉਂਕਿ ਉਹ ਮਨੁੱਖੀ ਲਾਲਸਾਵਾਂ ਦਾ ਖੰਡਨ ਕਰਦੀਆਂ ਹਨ, ਤਾਂ ਅਸੀਂ ਇਹ ਜਾਣ ਸਕਦੇ ਹਾਂ ਕਿ ਉਹ ਜੀਵਨ ਮਸੀਹੀ ਜੀਵਨ ਨਹੀਂ ਹੈ। ਸੱਚੀ ਆਗਿਆਕਾਰੀ ਇੱਕ ਸਿਧਾਂਤ ਦਾ ਅੰਦਰ ਕੰਮ ਕਰਨਾ ਹੈ। ਇਹ ਧਾਰਮਿਕਤਾ ਦਾ ਪਿਆਰ, ਪਰਮੇਸ਼ੁਰ ਦੀ ਬਿਵਸਥਾ ਦੇ ਪਿਆਰ ਦੇ ਨਾਲ ਪੈਦਾ ਹੁੰਦਾ ਹੈ। ਸਾਡੀ ਧਾਰਮਿਕਤਾ

ਦਾ ਸਾਰ ਸਾਡੇ ਮੁਕਤੀਦਾਤੇ ਦੇ ਪ੍ਰਤੀ ਵਫ਼ਾਦਾਰੀ ਹੈ। ਇਹ ਸਾਨੂੰ ਸਹੀ ਕਰਨ ਦੇ ਲਈ ਪ੍ਰੇਰਿਤ ਕਰੇਗਾ ਕਿਉਂਕਿ ਇਹ ਸਹੀ ਹੈ-ਕਿਉਂਕਿ ਸਹੀ ਕਰਨਾ ਪਰਮੇਸ਼ੁਰ ਨੂੰ ਭਾਉਂਦਾ ਹੈ। ਕੋਈ ਵੀ ਵਿਅਕਤੀ ਖੁਸ਼ ਨਹੀਂ ਹੋ ਸਕਦਾ ਹੈ ਪਰਮੇਸ਼ੁਰ ਦੀਆਂ ਖ਼ਾਸ ਮੰਗਾਂ ਤੋਂ ਦੂਰ ਨਹੀਂ ਜਾ ਸਕਦਾ ਹੈ ਅਤੇ ਖ਼ੁਦ ਦਾ ਇੱਕ ਮਾਪਦੰਡ ਸਥਾਪਿਤ ਨਹੀਂ ਕਰ ਸਕਦਾ ਹੈ ਜਿਸਦਾ ਉਹ ਨਿਰਣਾ ਲੈ ਸਕੇ ਤਾਂ ਜੋ ਉਹ ਉਸਦਾ ਸੁਰੱਖਿਅਤ ਰੂਪ ਦੇ ਵਿੱਚ ਪਾਲਣ ਕਰ ਸਕੇ। ਇਸ ਤਰਾਂ ਤਾਂ ਵੱਖਰੇ ਵੱਖਰੇ ਦਿਮਾਗਾਂ ਦੇ ਲਈ ਕਈ ਪ੍ਰਕਾਰ ਦੇ ਮਾਪਦੰਡ ਹੋ ਜਾਣਗੇ, ਅਤੇ ਪਰਮੇਸ਼ੁਰ ਦੇ ਹੱਥੋਂ ਲਈ ਗਈ ਹਕੂਮਤ ਦੀ ਵਾਂਗਡੋਰ ਮਨੁੱਖ ਸੰਭਾਲਣਗੇ।
ਸ੍ਵੈ ਦੇ ਨਿਯਮਾਂ ਨੂੰ ਲਾਗੂ ਕੀਤਾ ਜਾਂਦਾ ਹੈ, ਅਤੇ ਮਨੁੱਖ ਦੀ ਇੱਛਾ ਨੂੰ ਸਰਵ-ਉੱਚ ਬਣਾਇਆ ਜਾਂਦਾ ਹੈ; ਅਤੇ ਜਦ ਪਰਮੇਸ਼ੁਰ ਦੀ ਪਵਿੱਤਰ ਇੱਛਾ ਨੂੰ ਪਾਲਣ ਅਤੇ ਆਦਰ ਕਰਨ ਅਤੇ ਉਸਦੀ ਇੱਜ਼ਤ ਕਰਨ ਦੇ ਲਈ ਪੇਸ਼ ਕੀਤਾ ਜਾਂਦਾ ਹੈ, ਇਸਦੀਆਂ ਆਪਣੀਆਂ ਪ੍ਰੇਰਨਾਵਾਂ ਨੂੰ ਪੂਰਾ ਕਰਨ ਲਈ, ਮਨੁੱਖੀ ਇੱਛਾ ਆਪਣੀ ਮਨ ਮਰਜ਼ੀ ਕਰਨਾ ਚਾਹੁੰਦੀ ਹੈ, ਅਤੇ ਮਨੁੱਖੀ ਵਿੱਚੋਲੇ ਅਤੇ ਰੂਹਾਨੀ ਦੇ ਵਿੱਚ ਇੱਕ ਵਿਵਾਦ ਹੈ।

**(13) ਜਦੋਂ ਅਸੀਂ ਪਿਆਰ ਤੋਂ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਦੇ ਨਾਲ, ਉਸਦੀਆਂ ਅਗਿਆਵਾਂ ਦਾ ਪਾਲਣ ਕਰਦੇ ਹਾਂ, ਤਾਂ ਸਾਡੇ ਲਈ ਵਾਇਦਾ ਕੀਤੀ ਹੋਈ ਬਰਕਤ ਕਿਹੜੀ ਹੈ?**

***'ਧੰਨ ਉਹ ਜਿਹੜੇ ਆਪਣੇ ਬਸਤਰ ਧੋ ਲੈਂਦੇ ਹਨ ਭਈ ਉਹਨਾਂ ਨੂੰ ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਉਹ ਦਰਵਾਜ਼ਿਆਂ ਰਾਹੀਂ ਉਸ ਨਗਰੀ ਦੇ ਅੰਦਰ ਜਾਣ।***
*' (ਪ੍ਰਕਾਸ਼ ਦੀ ਪੋਥੀ 22:14)*

ਸੰਸਾਰ ਦਾ ਬਚਾਉਣ ਵਾਲਾ ਸਾਡੇ ਨਾਲ ਗੱਲਾਂ ਕਰ ਰਿਹਾ ਹੈ; ਆਓ ਅਸੀਂ ਸੁਣੀਏ ਕਿ ਉਹ ਕੀ ਕਹਿ ਰਿਹਾ ਹੈ; "'ਧੰਨ ਉਹ ਜਿਹੜੇ ਆਪਣੇ ਬਸਤਰ ਧੋ ਲੈਂਦੇ ਹਨ ਭਈ ਉਹਨਾਂ ਨੂੰ ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਉਹ ਦਰਵਾਜਿਆਂ ਰਾਹੀਂ ਉਸ ਨਗਰੀ ਦੇ ਅੰਦਰ ਜਾਣ। (ਪ੍ਰਕਾਸ਼ ਦੀ ਪੋਥੀ 22:14) ਫਿਰ ਜੋ ਲੋਕ ਉਸਦੇ ਵਚਨ ਵਿੱਚ ਪਰਮੇਸ਼ੁਰ ਦੇ ਦਾਅਵਿਆਂ ਨੂੰ ਵੇਖਦੇ ਹਨ ਅਤੇ ਉਸਦਾ ਪਾਲਣ ਕਰਦੇ ਹਨ, ਪਰ ਆਪਣੀ ਲਾਪਰਵਾਹੀ ਜਾਂ ਜਾਣ-ਬੁੱਝ ਕੇ ਪਰਮੇਸ਼ੁਰ ਦੀਆਂ ਮੰਗਾਂ ਨੂੰ ਤੁੱਛ ਜਾਣਨ ਦਾ ਬਹਾਨਾ ਬਣਾਉਂਦੇ ਹਨ ਉਹ ਆਪਣੇ ਕੰਮਾਂ ਦੇ ਦੁਆਰਾ ਇਹ ਦਿਖਾਉਂਦੇ ਹਨ ਕਿ ਉਹ ਆਗਿਆਕਾਰੀ ਦੀ ਸ਼ਰਤ ਦੇ ਅਨੁਸਾਰ ਧੰਨ ਵਾਇਦੇ ਵਿੱਚ ਸ਼ਾਮਿਲ ਨਹੀਂ ਹਨ। ਉਹ ਉਹ ਲੋਕ ਨਹੀਂ ਹਨ ਜਿਹਨਾਂ ਦਾ ਜੀਵਨ ਦੇ ਦਰਖ਼ਤ ਉੱਤੇ ਅਧਿਕਾਰ ਹੋਵੇਗਾ, ਪਰ ਉਹ ਪਰਮੇਸ਼ੁਰ ਦੀ ਬਿਵਸਥਾ ਦੀ ਉਲੰਘਣਾ ਕਰਨ ਵਾਲਿਆਂ ਦੇ ਨਾਲ ਸ਼ਾਮਿਲ ਹਨ, ਜਿਹਨਾਂ ਨੂੰ ਯਿਸੂ ਕਹਿੰਦਾ ਹੈ, "ਹੇ ਅਧਰਮ ਦੇ ਕੰਮ ਕਰਨ ਵਾਲਿਓ, ਮੇਰੇ ਕੋਲੋਂ ਦੂਰ ਚਲੇ ਜਾਓ। (ਲੂਕਾ 13:27)

**(14) ਜਦੋਂ ਇੱਕ ਵਾਰ ਅਸੀਂ ਆਪਣੇ ਸਵਰਗੀ ਪਿਤਾ ਅਤੇ ਸਾਡੇ ਮੁੱਕਤੀਦਾਤੇ ਯਿਸੂ ਮਸੀਹ ਦੇ ਪਿਆਰ ਨੂੰ ਜਾਣ ਲੈਂਦੇ ਹਾਂ ਅਤੇ ਅਨੁਭਵ ਕਰ ਲੈਂਦੇ ਹਾਂ, ਤਾਂ ਰਾਜਾ ਦਾਊਦ ਦੀ ਤਰਾਂ, ਸਾਡਾ ਗੀਤ ਅਤੇ ਗਵਾਹੀ ਕੀ ਹੋਣਗੇ?**

***ਮੈਂ ਯਹੋਵਾਹ ਦੇ ਧਰਮ ਦੇ ਅਨੁਸਾਰ ਉਸ ਦਾ ਧੰਨਵਾਦ ਕਰਾਂਗਾ, ਅਤੇ ਮੈਂ ਅੱਤ ਮਹਾਨ ਯਹੋਵਾਹ ਦੇ ਨਾਮ ਦੀ ਉਸਤਤ ਗਾਵਾਂਗਾ। (ਜ਼ਬੂਰ 7:17)***

ਜੀਵਨ ਦਾਤਾ ਦੇ ਰੂਪ ਵਿੱਚ ਮਸੀਹ ਦੇ ਵਿੱਚ ਕਿਰਿਆਸ਼ੀਲ ਵਿਸ਼ਵਾਸ ਵਿੱਚ ਠਿਕਾਣਾ ਪਾਉਣਾ ਸਾਡੇ

ਲਈ ਸਨਮਾਨ ਦੀ ਗੱਲ ਹੈ। ਸਾਰੇ ਸੰਤਾਂ ਦੇ ਨਾਲ ਪਰਮੇਸ਼ੁਰ ਦੇ ਉਸ ਪਿਆਰ ਦੀ ਲੰਬਾਈ ਅਤੇ ਗਹਿਰਾਈ ਅਤੇ ਉੱਚਾਈ ਨੂੰ ਸਮਝਣ, ਜਾਣਨ ਦੇ ਲਈ ਇਹ ਸਾਡੇ ਲਈ ਸਨਮਾਨ ਦੀ ਗੱਲ ਹੈ, ਜੋ ਗਿਆਨ ਤੋਂ ਪਰੇ ਹੈ ਅਤੇ ਪਰਮੇਸ਼ੁਰ ਦੀ ਸਾਰੀ ਭਰਭੂਰੀ ਦੇ ਨਾਲ ਭਰਿਆ ਹੋਇਆ ਹੈ। ਆਓ ਅਸੀਂ ਮਸੀਹ ਉੱਤੇ ਮਨਨ ਕਰੀਏ ਕਿ ਉਹ ਇੱਕ ਹੈ ਜਿਸ ਵਿੱਚ ਸਾਰੀ ਭਰਭੂਰੀ ਵਾਸ ਕਰਦੀ ਹੈ। ਉਸਨੂੰ ਆਪਣੇ ਵਿਅਕਤੀਗਤ ਮੁੱਕਤੀਦਾਤੇ ਦੇ ਰੂਪ ਵਿੱਚ ਵੇਖਦੇ ਹੋਏ, ਅਸੀਂ ਉਸਦੀ ਬਚਾਉਣ ਵਾਲੀ ਕਿਰਪਾ ਦੇ ਮੁੱਲ ਦੀ ਸ਼ਲਾਗਾ ਕਰਾਂਗੇਂ। ਸਾਨੂੰ ਯਿਸੂ ਦੇ ਬਾਰੇ ਜਿੰਨਾਂ ਅਸੀਂ ਸੋਚਦੇ ਹਾਂ ਉਸਤੋਂ ਵੱਧ ਕੇ ਸੋਚਣਾ ਚਾਹੀਦਾ ਹੈ। ਸਾਨੂੰ ਉਸਦੀ ਮਹਿਮਾ ਨੂੰ ਸਾਡੇ ਹਿਰਦਿਆਂ ਵਿੱਚ ਬਣੇ ਰਹਿਣ ਦੇਣਾ ਚਾਹੀਦਾ ਹੈ। ਸਾਨੂੰ ਉਸ ਪਿਆਰ ਦੇ ਬਾਰੇ ਗੱਲ ਕਰਨੀ ਚਾਹੀਦੀ ਹੈ ਜੋ ਸਾਡੇ ਲਈ ਜ਼ਾਹਿਰ ਕੀਤਾ ਗਿਆ ਹੈ। ਸਾਡੇ ਕੋਲ ਸੱਚਮੁੱਚ ਹੀ ਦਿਲ, ਆਤਮਾ ਅਤੇ ਆਵਾਜ਼ ਦੇ ਨਾਲ ਪਰਮੇਸ਼ੁਰ ਦੀ ਮਹਿਮਾ ਕਰਨ ਅਤੇ ਇਹ ਕਹਿਣ ਦਾ ਹਰੇਕ ਕਾਰਣ ਹੈ, ਕਿ ਮੈਂ ਪਰਮੇਸ਼ੁਰ ਦੇ ਉਸ ਮਹਾਨ ਪਿਆਰ ਦੇ ਕਾਰਣ ਉਸਦੀ ਮਹਿਮਾ ਕਰਾਂਗਾਂ ਜਿਸ ਨਾਲ ਉਸ ਨੇ ਮੈਨੂੰ ਪਿਆਰ ਕੀਤਾ ਹੈ।

ਕਲਵਰੀ ਦੇ ਮਸੀਹ ਨੂੰ ਉੱਪਰ ਉਠਾਓ, ਉਸ ਨੂੰ ਉੱਪਰ ਉਠਾਓ ਤਾਂ ਜੋ ਇਹ ਸੰਸਾਰ ਉਸ ਨੂੰ ਵੇਖ ਸਕਦੇ, ਉਸਦੀ ਭਲਿਆਈ ਦੇ ਬਾਰੇ ਗੱਲ ਕਰੋ, ਉਸਦੇ ਪਿਆਰ ਦੇ ਗੀਤ ਗਾਓ ਅਤੇ ਉਸਨੂੰ ਆਪਣੇ ਦਿਲ ਤੋਂ ਧੰਨਵਾਦ ਦਿਓ {ਯੂ ਐਲ 37}

***ਮੈਂ ਬਹੁਤ ਖੁਸ਼ ਅਤੇ ਧਨ ਹਾਂ ਕਿ ਸਾਡੀ ਮੁੱਕਤੀ ਦੇ ਅਨੰਦ ਦੇ ਲਈ ਮਸੀਹ ਨੇ ਸਲੀਬ ਨੂੰ ਸਹਿਣ ਕੀਤਾ। ਉਸਨੇ ਮੇਰਾ ਪਿਆਰ ਜਿੱਤ ਲਿਆ ਅਤੇ ਮੈਂ ਉਸ ਨੂੰ ਹਰ ਚੀਜ਼***

ਵਿੱਚ ਪਹਿਲਾਂ, ਆਖ਼ਰੀ ਅਤੇ ਸਰਵ-ਉੱਤਮ ਬਣਾਉਣਾ ਚਾਹੁੰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਪ੍ਰਾਥਨਾ ਕਰਦਾ ਹਨ ਕਿ ਮੇਰੀਆਂ ਅੱਖਾਂ ਸਪਸ਼ੱਟ ਰੂਪ ਵਿੱਚ ਦੇਖਣ ਕਿ ਪਿਤਾ ਨੇ ਇਸ ਅਦਬੁਤ ਤੱਥ ਵਿੱਚ ਇਸ ਪ੍ਰਕਾਰ ਪਿਆਰ ਦਰਸਾਇਆ ਤਾਂ ਜੋ ਉਹ ਮੈਨੂੰ ਆਪਣੇ ਪੁੱਤਰ ਦੇ ਰੂਪ ਵਿੱਚ ਸਵੀਕਾਰ ਕਰ ਲਵੇ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਪ੍ਰਾਥਨਾ ਕਰਦਾ ਹਾਂ ਕਿ ਮੈਂ ਅਸਲ ਵਿੱਚ ਉਸਦੇ ਪਿਆਰ ਨੂੰ ਜਾਣ ਸਕਾਂ ਅਤੇ ਉਸ ਉੱਤੇ ਵਿਸ਼ਵਾਸ ਕਰ ਸਕਾਂ ਅਤੇ ਉਹ ਮੈਨੂੰ ਇਸ ਪਿਆਰ ਨੂੰ ਦੂਸਰਿਆਂ ਦੇ ਲਈ ਵਿਅਕਤ ਕਰਨ ਦੇ ਲਈ ਸ਼ਬਦ ਦੇਵੇਗਾ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਆਪਣੇ ਠੰਡੇ ਪੱਥਰ ਦਿਲ ਨੂੰ ਕੱਢਣ ਅਤੇ ਇਸ ਦੀ ਜਗਾ ਪਿਆਰ ਦੇ ਭਰੇ ਦਿਲ ਨੂੰ ਪਾਉਣ ਦੇ ਵਾਅਦੇ ਦੇ ਘੋਸ਼ਣਾ ਕਰਦਾ ਹਾਂ ਤਾਂਕਿ ਮੈਂ ਉਸਨੂੰ ਅਤੇ ਦੂਸਰਿਆਂ ਨੂੰ ਪਿਆਰ ਕਰਨ ਦੀ ਕਾਬਲੀਅਤ ਰੱਖ ਸਕਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਉਸਦੇ ਪ੍ਰਤੀ ਆਪਣੇ ਦਿਲ ਵਚਨਬੱਧ ਕਰਦਾ ਹਾਂ ਅਤੇ ਆਪਣੀ ਪੂਰੀ ਜਾਨ, ਬੱਲ ਅਤੇ ਮਨ ਦੇ ਨਾਲ ਉਸਨੂੰ ਭਾਲਣ ਦੀ ਚੋਣ ਕਰਦਾ ਹਾਂ। ਉਸਦੀ ਸੇਵਾ ਦੇ ਲਈ ਆਪਣਾ ਸੰਪੂਰਨ ਹੋਂਦ, ਪਿਆਰ, ਜੀਵਨ, ਸ਼ਰੀਰਕ ਸ਼ਕਤੀ ਅਤੇ ਬੁੱਧ ਨੂੰ ਦੇ ਦਿੰਦਾ ਹਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਪ੍ਰਾਥਨਾ ਕਰਦਾ ਹਾਂ ਕਿ ਪਰਮੇਸ਼ੁਰ ਦੀ ਕਿਰਪਾ ਦੇ ਨਾਲ ਮੈਂ ਉਸ ਸੱਚੇ ਧਰਮ ਦਾ ਅਨੁਭਵ ਕਰ ਸਕਾਂ ਜਿਹੜਾ ਉਸਦੇ ਨਾਲ ਇੱਕ ਸੰਬੰਧ ਵਿੱਚ ਆਉਂਦਾ ਹੈ ਜਿਸਦੇ ਫਲਸਰੂਪ ਮੇਰੇ ਜੀਵਨ ਵਿੱਚ ਉਸਦੀ ਨਿਰੰਤਰ ਮੌਜੂਦਗੀ ਬਣੀ ਰਹਿੰਦੀ ਹੈ। ਮੈਂ ਪਰਮੇਸ਼ੁਰ ਦੀ ਬਿਵਸਥਾ ਦੇ ਅਨੁਰੂਪ ਜੀਣਾ ਚਾਹੁੰਦਾ ਹਾਂ ਕਿ ਉਸਦੇ ਹੁਕਮਾਂ ਦੀ ਪਾਲਣਾ ਕਰਨਾ ਮੇਰੇ ਲਈ ਖੁਸ਼ੀ ਦੀ ਗੱਲ ਹੋਵੇਗੀ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਉਸ ਦਿਨ ਦੀ ਇੰਤਜ਼ਾਰੀ ਕਰ ਰਿਹਾ ਹਾਂ ਜਦੋਂ ਮੈਨੂੰ ਅਤੇ ਉਹਨਾਂ ਸਾਰਿਆਂ ਨੂੰ ਜੋ ਉਸਦੇ ਪ੍ਰਤਾਪੀ ਰਾਜ ਵਿੱਚ ਵਿਸ਼ਵਾਸਯੋਗ ਹਨ, ਨੂੰ ਸੱਦਾ ਦੇਣ ਦੇ ਲਈ ਸ਼ਹਿਰ ਦੇ ਦਰਵਾਜ਼ੇ ਖੋਲੇਗਾ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ



## ਅਧਿਆਇ 15
## ਪਰਮੇਸ਼ੁਰ ਦੇ ਪਿਆਰ ਦੀ ਸਮੱਰਥ ਨੂੰ ਪ੍ਰਾਪਤ ਕਰਨਾ

**(1) ਪਰਮੇਸ਼ੁਰ ਨੇ ਸਾਨੂੰ ਕਿਹੜਾ ਰੂਹਾਨੀ, ਸ਼ਕਤੀਸ਼ਾਲੀ ਦਾਨ ਦਿੱਤਾ ਹੈ, ਜੇਕਰ ਅਸੀਂ ਇਹ ਹੋਣ ਦਿੰਦੇ ਹਾਂ, ਅਤੇ ਸਾਡੇ ਚਰਿੱਤਰ ਵਿੱਚ ਸੁਧਾਰ ਕਰਾਂਗੇ, ਅਤੇ ਸਾਡੀਆਂ ਭਾਵਨਾਵਾਂ ਨੂੰ ਨਿਯੰਤਰਣ ਕਰਦੇ ਹਾਂ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਅਤੇ ਦੂਸਰਿਆਂ ਦੇ ਨਾਲ ਪਿਆਰ ਕਰਨ ਦੇ ਯੋਗ ਕਰਾਂਗੇ?**

***ਅਸੀਂ ਪਿਆਰ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਸ ਨੇ ਸਾਨੂੰ ਪਿਆਰ ਕੀਤਾ। (1 ਯੂਹੰਨਾ 4:19)***

ਪਰਮੇਸ਼ੁਰ ਦੇ ਲਈ ਸਰਵ-ਉੱਚ ਪਿਆਰ ਅਤੇ ਇੱਕ ਦੂਸਰੇ ਦੇ ਲਈ ਨਿਰਸੁਆਰਥ ਪਿਆਰ- ਇਹ ਹੀ ਸਭ ਤੋਂ ਚੰਗਾ ਉਪਹਾਰ ਹੈ ਜੋ ਸਾਡਾ ਸਵਰਗੀ ਪਿਤਾ ਪ੍ਰਦਾਨ ਕਰ ਸਕਦਾ ਹੈ। ਇਹ ਪਿਆਰ ਕੋਈ ਉਤੇਜਨਾ ਨਹੀਂ ਹੈ ਬਲਕਿ ਇੱਕ ਰੂਹਾਨੀ ਸਿਧਾਂਤ ਹੈ, ਅਤੇ ਇੱਕ ਸਥਾਈ ਸ਼ਕਤੀ ਹੈ। ਨਾਪਾਕ ਹਿਰਦਾ ਇਸ ਨੂੰ ਉਤਪੰਨ ਜਾਂ ਇਸਦੀ ਰਚਨਾ ਨਹੀਂ ਕਰ ਸਕਦਾ ਹੈ। ਇਹ ਕੇਵਲ ਉਸ ਹਿਰਦੇ ਵਿੱਚ

ਪਾਇਆ ਜਾਂਦਾ ਹੈ ਜਿਸ ਵਿੱਚ ਯਿਸੂ ਰਾਜ ਕਰਦਾ ਹੈ। "ਅਸੀਂ ਉਸ ਨੂੰ ਪਿਆਰ ਕਰਦੇ ਹਾਂ ਕਿਉਂਕਿ ਉਸ ਨੇ ਪਹਿਲਾਂ ਸਾਡੇ ਨਾਲ ਪਿਆਰ ਕੀਤਾ ਹੈ।" ਰੱਬੀ ਕਿਰਪਾ ਦੇ ਨਾਲ ਨਵਾਂ ਹੋਏ ਹਿਰਦੇ ਵਿੱਚ ਪਿਆਰ ਹੀ ਕਿਰਿਆ ਦਾ ਸਿਧਾਂਤ ਹੈ। ਇਹ ਚਰਿੱਤਰ ਵਿੱਚ ਸੁਧਾਰ ਕਰਦਾ ਹੈ, ਲਾਲਸਾਵਾਂ ਉੱਤੇ ਹਕੂਮਤ ਕਰਦਾ ਹੈ, ਜੋਸ਼ ਨੂੰ ਨਿਯੰਤਰਿਤ ਕਰਦਾ ਹੈ ਅਤੇ ਪਿਆਰ ਨੂੰ ਵਧਾਉਂਦਾ ਹੈ। ਇਹ ਪਿਆਰ ਆਤਮਾ ਵਿੱਚ ਵੱਸਿਆ ਹੋਇਆ ਹੈ, ਅਤੇ ਇਹ ਜੀਵਨ ਨੂੰ ਮਨੋਹਰ ਬਣਾਉਂਦਾ ਹੈ ਅਤੇ ਚਾਰੇ ਪਾਸੇ ਇੱਕ ਸਿੱਧ ਪ੍ਰਭਾਵ ਨੂੰ ਪਾਉਂਦਾ ਹੈ।

**(2) ਆਤਮਾ, ਅਤੇ ਲਹੂ ਦੇ ਨਾਲ ਸ਼ੁੱਧ ਪਿਆਰ ਦੇ ਵਿੱਚ ਕੀ ਕਰਨ ਦੀ ਤਾਕਤ ਹੈ?**

***ਵੈਰ ਝਗੜੇ ਛੇੜਦਾ ਹੈ, ਪਰੰਤੂ ਪ੍ਰੇਮ ਸਾਰਿਆਂ ਅਪਰਾਧਾਂ ਨੂੰ ਢੱਕ ਲੈਂਦਾ ਹੈ।** (ਕਹਾਉਤਾਂ 10:12)*

ਪਿਆਰ ਸ਼ਕਤੀ ਹੈ। ਇਸ ਸਿਧਾਂਤ ਵਿੱਚ ਬੌਧਿਕ ਅਤੇ ਨੈਤਿਕ ਸ਼ਕਤੀ ਸ਼ਾਮਲ ਹੈ, ਅਤੇ ਇਸ ਤੋਂ ਇਸ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਪੈਸੇ ਦੀ ਸ਼ਕਤੀ ਵਿੱਚ ਭ੍ਰਿਸ਼ਟ ਅਤੇ ਨਸ਼ਟ ਕਰਨ ਦੀ ਪ੍ਰਵਿਰਤੀ ਹੁੰਦੀ ਹੈ; ਬੱਲ ਦੀ ਤਾਕਤ ਜ਼ਖਮੀ ਕਰਨ ਲਈ ਮਜ਼ਬੂਤ ਹੈ; ਪਰ ਸ਼ੁੱਧ ਪਿਆਰ ਦਾ ਉੱਤਮ ਮੁੱਲ ਚੰਗਾ ਕਰਨ ਦੀ ਇਸਦੀ ਯੋਗਤਾ ਦੇ ਨਾਲ ਭਰਿਆ ਹੁੰਦਾ ਹੈ, ਅਤੇ ਚੰਗਾ ਕੰਮ ਕਰਨ ਤੋਂ ਇਲਾਵਾ ਇਹ ਹੋਰ ਕੁਝ ਨਹੀਂ ਕਰਦਾ ਹੈ। ਜੋ ਵੀ ਸ਼ੁੱਧ ਪਿਆਰ ਨਾਲ ਕੀਤਾ ਜਾਂਦਾ ਹੈ, ਚਾਹੇ ਉਹ ਮਨੁੱਖਾਂ ਦੀ ਨਜ਼ਰ ਵਿੱਚ ਛੋਟਾ ਜਾਂ ਘਿਣਾਉਣਾ ਹੋਵੇ, ਪੂਰੀ ਤਰ੍ਹਾਂ ਫਲਦਾਇਕ ਹੁੰਦਾ ਹੈ; ਕਿਉਂਕਿ ਇੱਕ ਵਿਅਕਤੀ ਜਿੰਨਾ ਹੀ ਉਹ ਪਿਆਰ ਕਰਦਾ ਹੈ, ਉਸਤੋਂ ਕਿਤੇ ਜ਼ਿਆਦਾ ਇਸ ਗੱਲ ਦੀ ਪਰਵਾਹ ਕਰਦਾ ਹੈ ਕਿ ਪਰਮੇਸ਼ੁਰ ਉਸ ਨਾਲੋਂ

ਕਿੰਨਾ ਜ਼ਿਆਦਾ ਪਿਆਰ ਕਰਦਾ ਹੈ। ਪਿਆਰ ਪਰਮੇਸ਼ੁਰ ਦਾ ਹੈ। ਨਾ ਬਦਲਣ ਵਾਲਾ ਦਿਲ ਸਵਰਗੀ ਉੱਨਤੀ ਦੇ ਇਸ ਪੌਦੇ ਨੂੰ ਪੈਦਾ ਨਹੀਂ ਕਰ ਸਕਦਾ ਜਾਂ ਇਸਦੀ ਰਚਨਾ ਨਹੀਂ ਕਰ ਸਕਦਾ, ਜਿਹੜਾ ਕੀ ਸਿਰਫ ਉੱਥੇ ਹੀ ਜੀਉਂਦਾ ਅਤੇ ਪ੍ਰਫੁੱਲਤ ਹੁੰਦਾ ਹੈ ਜਿੱਥੇ ਮਸੀਹ ਰਾਜ ਕਰਦਾ ਹੈ। ਮਸੀਹ ਦਾ ਪਿਆਰ ਗਹਿਰਾ ਅਤੇ ਸੱਚਾ ਹੈ, ਜਿਹੜਾ ਕੀ ਇਸ ਨੂੰ ਸਵੀਕਾਰ ਕਰਨ ਵਾਲਿਆਂ ਸਾਰੇ ਲੋਕਾਂ ਦੇ ਲਈ ਇੱਕ ਨਾ ਰੁੱਕਣ ਵਾਲੀ ਨਦੀ ਦੇ ਵਾਂਗ ਵਹਿ ਰਿਹਾ ਹੈ। ਉਸਦੇ ਪਿਆਰ ਦੇ ਵਿੱਚ ਕੋਈ ਸਵਾਰਥ ਨਹੀਂ ਹੈ। ਜੇਕਰ ਇਹ ਸਵਰਗੀ-ਪੈਦਾ ਹੋਇਆ ਪਿਆਰ ਹਿਰਦੇ ਵਿੱਚ ਇੱਕ ਸਥਾਈ ਸਿਧਾਂਤ ਹੈ, ਤਾਂ ਇਹ ਨਾ ਕੇਵਲ ਉਹਨਾਂ ਲੋਕਾਂ ਦੇ ਲਈ, ਜਿਹਨਾਂ ਨੂੰ ਅਸੀਂ ਪਵਿੱਤਰ ਸੰਬੰਧਾਂ ਦੇ ਵਿੱਚ ਸਭ ਤੋਂ ਪਿਆਰੇ ਜਾਣਦੇ ਹਾਂ, ਬਲਕਿ ਉਹਨਾਂ ਸਾਰਿਆਂ ਦੇ ਲਈ ਜਾਣੂ ਹੋਵੇਗਾ, ਜਿਹਨਾਂ ਦੇ ਨਾਲ ਅਸੀਂ ਸੰਪਰਕ ਵਿੱਚ ਆਉਂਦੇ ਹਾਂ। ਇਹ ਸਾਨੂੰ ਛੋਟੇ ਛੋਟੇ ਆਕਰਸ਼ਣ ਦੇ ਕੰਮਾਂ, ਰਿਆਇਤਾਂ ਦੇਣ, ਦਿਆਲਗੀ ਦੇ ਕੰਮ ਕਰਨ, ਕੋਮਲ, ਸੱਚਾਈ, ਉਤਸ਼ਾਹਜਨਕ ਸ਼ਬਦ ਬੋਲਣ ਦੇ ਲਈ ਅਗਵਾਹੀ ਕਰੇਗਾ। ਇਹ ਸਾਨੂੰ ਉਹਨਾਂ ਲੋਕਾਂ ਦੇ ਨਾਲ ਹਮਦਰਦੀ ਰੱਖਣ ਦੇ ਲਈ ਪ੍ਰੇਰਿਤ ਕਰੇਗਾ, ਜਿਹਨਾਂ ਦੇ ਦਿਲ ਹਮਦਰਦੀ ਦੇ ਲਈ ਭੁੱਖੇ ਹਨ। (ਐਮ ਐਸ 17, 1899)

**(3) ਪਰਮੇਸ਼ੁਰ ਸਾਨੂੰ ਕਿਹੜੀਆਂ ਤਿੰਨ ਚੀਜ਼ਾਂ ਦੇਣਾ ਚਾਹੁੰਦਾ ਹੈ ਤਾਂਕਿ ਅਸੀਂ ਮਸੀਹ ਦੇ ਸੂਰਤ ਨੂੰ ਦਰਸਾ ਸਕੀਏ ਅਤੇ ਦੁਨੀਆਂ ਦੇ ਲਈ ਉਸਦੇ ਸੁਭਾਅ ਨੂੰ ਪ੍ਰਗਟ ਕਰ ਸਕੀਏ?**

***ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ, ਸਗੋਂ ਸਮਰੱਥਾ, ਪਿਆਰ ਅਤੇ ਸੰਜਮ ਦਾ ਆਤਮਾ***

*ਦਿੱਤਾ ਹੈ। (2 ਤਿਮੋਥੀਅਸ ਨੂੰ 1:7)*

ਜਦੋਂ ਵੀ ਮਨੁੱਖ ਮੁੱਕਤੀਦਾਤੇ ਦੇ ਸੱਦੇ ਨੂੰ ਨਾਂਹ ਕਰਦੇ ਹਨ, ਤਾਂ ਉਹ ਖ਼ੁਦ ਨੂੰ ਸ਼ੈਤਾਨ ਦੇ ਹਵਾਲੇ ਕਰ ਦਿੰਦੇ ਹਨ। ਜੀਵਨ ਦੇ ਹਰ ਖੇਤਰ ਵਿੱਚ, ਘਰ ਵਿੱਚ, ਕਾਰੋਬਾਰ ਵਿੱਚ, ਅਤੇ ਇੱਥੋਂ ਤੱਕ ਚਰਚ ਵਿੱਚ ਵੀ, ਬਹੁਤ ਸਾਰੇ ਲੋਕ ਅੱਜ ਵੀ ਅਜਿਹਾ ਕਰ ਰਹੇ ਹਨ। ਇਸੇ ਹੀ ਵਜਹ ਦੇ ਕਰਕੇ ਹਿੰਸਾ ਅਤੇ ਅਪਰਾਧ ਨੇ ਧਰਤੀ ਨੂੰ ਘੇਰਿਆ ਹੋਇਆ ਹੈ, ਅਤੇ ਨੈਤਿਕ ਹਨੇਰ ਮੌਤ ਦੇ ਕਫ਼ਨ ਦੀ ਤਰਾਂ ਮਨੁੱਖਾਂ ਦੇ ਬਸੇਰਿਆਂ ਨੂੰ ਘੇਰ ਲੈਂਦਾ ਹੈ। ਸ਼ੈਤਾਨ ਆਪਣੇ ਦਿਖਾਵੇ ਵਾਲੇ ਲਾਲਚਾਂ ਦੇ ਮਾਧਿਅਮ ਦੇ ਨਾਲ ਲੋਕਾਂ ਨੂੰ ਘਿਨਾਉਣੀ ਤੋਂ ਘਿਨਾਉਣੀ ਬੁਰਿਆਈਆਂ ਦੀ ਵੱਲ ਲੈ ਕੇ ਜਾਂਦਾ ਹੈ ਜਦ ਤੱਕ ਇਸਦਾ ਨਤੀਜਾ ਪੂਰੀ ਤਰਾਂ ਨਾਲ ਭ੍ਰਿਸ਼ਟਤਾ ਅਤੇ ਬਰਬਾਦੀ ਦੇ ਰੂਪ ਵਿੱਚ ਨਹੀਂ ਨਿਕਲ ਆਉਂਦਾ। ਉਸਦੀ ਸ਼ਕਤੀ ਦੇ ਵਿਰੁੱਧ ਇੱਕਮਾਤਰ ਬਚਾਅ ਯਿਸੂ ਦੀ ਹਜ਼ੂਰੀ ਵਿੱਚ ਪਾਇਆ ਜਾਂਦਾ ਹੈ। ਮਨੁੱਖਾਂ ਅਤੇ ਸਵਰਗ ਦੂਤਾਂ ਦੇ ਸਾਹਮਣੇ ਸ਼ੈਤਾਨ ਮਨੁੱਖ ਦਾ ਵੈਰੀ ਅਤੇ ਨਾਸ਼ ਕਰਨ ਵਾਲੇ ਦੇ ਰੂਪ ਵਿੱਚ ਪ੍ਰਗਟ ਹੋਇਆ ਹੈ; ਅਤੇ ਮਸੀਹ ਮਨੁੱਖ ਦਾ ਮਿੱਤਰ ਅਤੇ ਮੁੱਕਤੀਦਾਤੇ ਦੇ ਰੂਪ ਵਿੱਚ ਪ੍ਰਗਟ ਹੋਇਆ ਹੈ। ਉਸਦਾ ਆਤਮਾ ਮਨੁੱਖ ਵਿੱਚ ਉਹ ਸਭ ਵਿਕਸਿਤ ਕਰੇਗੀ ਜੋ ਚਰਿੱਤਰ ਨੂੰ ਸਿੱਧ ਅਤੇ ਸੁਭਾਅ ਨੂੰ ਆਦਰਮਈ ਕਰੇਗਾ। ਇਹ ਸ਼ਰੀਰ, ਪ੍ਰਾਣ ਅਤੇ ਆਤਮਾ ਵਿੱਚ ਪਰਮੇਸ਼ੁਰ ਦੀ ਮਹਿਮਾ ਦੇ ਲਈ ਮਨੁੱਖ ਦਾ ਨਿਰਮਾਣ ਕਰੇਗਾ। "ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ, ਸਗੋਂ ਸਮਰੱਥਾ, ਪਿਆਰ ਅਤੇ ਸੰਜਮ ਦਾ ਆਤਮਾ ਦਿੱਤਾ ਹੈ"। 2 ਤਿਮੋਥੀਅਸ ਨੂੰ 1:7. ਉਸਨੇ ਸਾਨੂੰ ਮਸੀਹ ਯਿਸੂ ਦੇ ਪ੍ਰਤਾਪ ਅਤੇ ਚਰਿੱਤਰ ਨੂੰ ਪ੍ਰਾਪਤ ਕਰਨ ਦੇ ਲਈ ਬੁਲਾਇਆ ਹੈ। ਉਸਨੇ ਸਾਨੂੰ ਉਸਦੇ ਪੁੱਤਰ ਦੇ ਸਰੂਪ ਦੇ ਅਨੁਰੂਪ ਹੋਣ ਦੇ ਲਈ ਬੁਲਾਇਆ ਹੈ। 2 ਥੱਸਲੁਨੀਕੀਆਂ ਨੂੰ 2:14; ਰੋਮੀਆਂ ਨੂੰ 8:29.

(4) ਇੱਕ ਵਾਰ ਜਦੋਂ ਪਿਆਰ ਦਾ ਇਨਾਮ ਪ੍ਰਾਪਤ ਹੋ ਜਾਂਦਾ ਅਤੇ ਇਮਾਨਦਾਰੀ ਦੇ ਨਾਲ ਇਸਦਾ ਇਸਤੇਮਾਲ ਕੀਤਾ ਜਾਂਦਾ ਹੈ, ਤਾਂ ਬੁਰਿਆਈ ਦੇ ਸ਼ਕਤੀਸ਼ਾਲੀ ਹੜ੍ਹ ਇਸਦਾ ਕੀ ਨਹੀਂ ਕਰ ਪਾਉਣਗੇ?

*ਬਹੁਤੇ ਪਾਣੀ ਪ੍ਰੇਮ ਨੂੰ ਬੁਝਾ ਨਹੀਂ ਸਕਦੇ, ਨਾ ਹੜ੍ਹ ਉਹ ਨੂੰ ਦੱਬ ਸਕਦੇ ਹਨ। ਜੇ ਕੋਈ ਆਪਣੇ ਘਰ ਦਾ ਸਾਰਾ ਧਨ ਪ੍ਰੇਮ ਦੇ ਬਦਲੇ ਦੇ ਦਿੰਦਾ, ਤਾਂ ਉਹ ਉਸ ਨੂੰ ਅੱਤ ਤੁੱਛ ਜਾਣਦਾ। (ਸਰੇਸ਼ਟ ਗੀਤ 8:7)*

ਪਿਆਰ ਕਾਰਜ ਦੇ ਬਿਨਾ ਨਹੀਂ ਰਹੀ ਸਕਦਾ, ਅਤੇ ਹਰੇਕ ਕਾਰਜ ਉਸ ਨੂੰ ਵਧਾਉਂਦਾ, ਅਤੇ ਮਜ਼ਬੂਤ ਕਰਦਾ ਹੈ ਅਤੇ ਇਸਦਾ ਵਿਸਥਾਰ ਕਰਦਾ ਹੈ। ਜਦੋਂ ਵਿਵਾਦ ਅਤੇ ਹਕੂਮਤ ਸ਼ਕਤੀਹੀਣ ਹੋਣਗੇ ਤਾਂ ਪਿਆਰ ਦੀ ਜਿੱਤ ਹੋਵੇਗੀ। ਪਿਆਰ ਨਾ ਤੇ ਲਾਭ ਦੇ ਲਈ ਅਤੇ ਨਾ ਹੀ ਇਨਾਮ ਦੇ ਲਈ ਕੰਮ ਕਰਦਾ ਹੈ; ਤਾਂ ਵੀ ਪਰਮੇਸ਼ੁਰ ਨੇ ਇਹ ਠਹਿਰਾਇਆ ਹੈ ਕੀ ਪਿਆਰ ਦੀ ਹਰ ਮਿਹਨਤ ਦਾ ਨਿਸ਼ਚਿਤ ਨਤੀਜਾ ਮਹਾਨ ਲਾਭ ਹੋਵੇਗਾ। ਇਹ ਆਪਣੇ ਸੁਭਾਅ ਵਿੱਚ ਵਿਆਪੀ ਅਤੇ ਆਪਣੇ ਕਾਰਜ ਵਿੱਚ ਸ਼ਾਂਤ ਹੈ। ਫਿਰ ਵੀ ਇਹ ਮਹਾਨ ਬੁਰਾਈਆਂ ਨੂੰ ਦੂਰ ਕਰਨ ਦੇ ਉਦੇਸ਼ ਵਿੱਚ ਮਜ਼ਬੂਤ ਅਤੇ ਸ਼ਕਤੀਸ਼ਾਲੀ ਹੈ। ਇਹ ਪਿਗਲ ਰਿਹਾ ਹੈ ਅਤੇ ਆਪਣੇ ਪ੍ਰਭਾਵਾਂ ਵਿੱਚ ਬਦਲ ਰਿਹਾ ਹੈ, ਜਦੋਂ ਹਰ ਦੂਸਰਾ ਢੰਗ ਅਸਫਲ ਸਾਬਿਤ ਹੋ ਜਾਵੇਗਾ, ਇਹ ਪਾਪੀਆਂ ਦੇ ਜੀਵਨ ਨੂੰ ਫੜ ਲਵੇਗਾ ਅਤੇ ਉਹਨਾਂ ਦੇ ਦਿਲਾਂ ਨੂੰ ਪ੍ਰਭਾਵਿਤ ਕਰੇਗਾ।
ਜਿੱਥੇ ਕਿਤੇ ਵੀ ਬੁੱਧੀ, ਅਧਿਕਾਰ, ਜਾਂ ਅਧਿਕਾਰ ਦੀ ਤਾਕਤ ਦਾ ਉਪਯੋਗ ਕੀਤਾ ਜਾਂਦਾ ਹੈ, ਅਤੇ ਪਿਆਰ ਪ੍ਰਗਟ ਰੂਪ ਵਿੱਚ ਮੌਜੂਦ ਨਹੀਂ ਹੁੰਦਾ, ਉਹਨਾਂ ਲੋਕਾਂ ਦੇ ਸਨੇਹ, ਅਤੇ ਇੱਛਾ, ਜਿਹਨਾਂ ਤੱਕ ਅਸੀਂ ਪਹੁੰਚਣਾ ਚਾਹੁੰਦੇ

ਹਨ, ਉਹ ਇੱਕ ਹਿਫ਼ਾਜ਼ਤੀ, ਦੂਰ ਜਾਣ ਦੀ ਸਥਿਤੀ ਦੀ ਧਾਰਨਾ ਬਣਾ ਲੈਂਦੇ ਹਨ ਅਤੇ ਉਹਨਾਂ ਦੇ ਵਿਰੋਧ ਦੀ ਤਾਕਤ ਵੱਧ ਜਾਂਦੀ ਹੈ। ਯਿਸੂ ਸ਼ਾਂਤੀ ਦਾ ਰਾਜ ਕੁਮਾਰ ਸੀ। ਉਹ ਦੁਨੀਆਂ ਵਿੱਚ ਵਿਰੋਧ ਅਤੇ ਅਧਿਕਾਰ ਨੂੰ ਆਪਣੇ ਅਧੀਨ ਕਰਨ ਆਇਆ ਸੀ। ਬੁੱਧੀ ਅਤੇ ਸ਼ਕਤੀ ਨੂੰ ਉਹ ਆਦੇਸ਼ ਦੇ ਸਕਦਾ ਸੀ, ਪਰ ਬੁਰਾਈ ਉੱਤੇ ਜਿੱਤ ਪ੍ਰਾਪਤ ਕਰਨ ਦੇ ਲਈ ਜਿਹੜੇ ਸਾਧਨਾਂ ਦਾ ਉਪਯੋਗ ਉਸਨੇ ਕੀਤਾ, ਉਹ ਪਿਆਰ ਦੀ ਬੁੱਧ ਅਤੇ ਸਮਰੱਥ ਸੀ। ਆਪਣੇ ਮੌਜੂਦਾ ਕੰਮ ਤੋਂ ਆਪਣੀ ਰੁੱਚੀ ਨੂੰ ਵੰਡਣ ਦੇ ਲਈ ਕੁਝ ਵੀ ਨਾ ਛੱਲੋ, ਜਦ ਤੱਕ ਪਰਮੇਸ਼ੁਰ ਤੁਹਾਨੂੰ ਉਸੇ ਹੀ ਖੇਤਰ ਵਿੱਚ ਇੱਕ ਹੋਰ ਕਾਰਜ ਦੇਣ ਦੇ ਲਈ ਯੋਗ ਨਾ ਵੇਖ ਲਵੇ। ਖੁਸ਼ੀ ਦੀ ਭਾਲ ਨਾ ਕਰੋ, ਕਿਉਂਕਿ ਇਹ ਭਾਲ ਕੀਤਿਆਂ ਨਹੀਂ ਮਿਲਦੀ ਹੈ। ਆਪਣੇ ਕਾਰਜ ਦੇ ਬਾਰੇ ਸੋਚੋ। ਆਪਣੇ ਸਾਰੇ ਕੰਮਾਂ ਦੇ ਵਿੱਚ ਇਮਾਨਦਾਰੀ ਦੀ ਛਾਪ ਛੱਡੋ, ਅਤੇ ਦੀਨਤਾ ਨੂੰ ਪਹਿਨੇ ਰਹੋ।

**(5) ਇੱਕ ਵਾਰ ਜਦ ਅਸੀਂ ਆਪਣੇ ਅੰਦਰ ਮਸੀਹ ਦੇ ਪਿਆਰ ਦੀ ਸ਼ਕਤੀ ਦਾ ਅਨੁਭਵ ਕਰ ਲਿਆ ਅਤੇ ਉਸਨੂੰ ਹੋਰ ਭਾਲਦੇ ਹੈ, ਤਾਂ ਉਹ ਸਾਡੀ ਪਿਆਰ ਕਰਨ ਦੀ ਸਮਰੱਥ ਨੂੰ ਕਿੰਨਾ ਵਧਾਵੇਗਾ?**

***ਹੁਣ ਉਹ ਦੀ ਜਿਹੜਾ ਅਜਿਹਾ ਸਮਰੱਥ ਹੈ ਕਿ ਜੋ ਕੁਝ ਅਸੀਂ ਮੰਗਦੇ ਜਾਂ ਸੋਚਦੇ ਹਾਂ ਉਸ ਨਾਲੋਂ ਕਿਤੇ ਵਧੇਰੇ ਕਰ ਸਕਦਾ ਹੈ, ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਅੰਦਰ ਕੰਮ ਕਰਦੀ ਹੈ! (ਅਫਸੀਆਂ ਨੂੰ 3:20)***

ਦਿਓ ਅਤੇ ਤੁਹਾਨੂੰ ਵੀ ਦਿੱਤਾ ਜਾਵੇਗਾ” (ਲੂਕਾ 6:38) ਕਿਉਂਕਿ ਪਰਮੇਸ਼ੁਰ ਦਾ ਵਚਨ ਬਾਗ਼ਾਂ ਦਾ ਇੱਕ ਸੋਤਾ, ਅੰਮ੍ਰਿਤ ਜਲ ਦਾ ਇੱਕ ਖੂਹ ਅਤੇ ਲਬਾਨੋਨ ਤੋਂ ਵਗਦੀ ਹੋਈ ਨਦੀ ਹੈਂ। (ਸਰੇਸ਼ਟ ਗੀਤ 4:15) ਜਿਸ ਹਿਰਦੇ ਨੇ

ਇੱਕ ਵਾਰ ਮਸੀਹ ਦੇ ਪਿਆਰ ਦਾ ਸਵਾਦ ਚੱਖ਼ ਲਿਆ ਹੈ, ਉਹ ਲਗਾਤਾਰ ਗਹਿਰੇ ਘੁੱਟਾਂ ਦੇ ਲਈ ਪੁਕਾਰਦਾ ਹੈ, ਜਿੰਨਾਂ ਤੁਸੀਂ ਦਿਓਗੇ, ਤੁਸੀਂ ਉਸਤੋਂ ਵੱਧ ਕੇ ਚੋਖਾ ਅਤੇ ਬਹੁਤਾਤ ਦੇ ਨਾਲ ਪ੍ਰਾਪਤ ਕਰੋਗੇ। ਆਤਮਾ ਦੇ ਲਈ ਪਰਮੇਸ਼ੁਰ ਦੇ ਹਰੇਕ ਪ੍ਰਕਾਸ਼ ਨੂੰ ਜਾਣਨ ਅਤੇ ਪਿਆਰ ਕਰਨ ਦੀ ਤਾਕਤ ਨੂੰ ਵਧਾਉਂਦਾ ਹੈ। ਹਿਰਦੇ ਦੀ ਇਹ ਨਿਰੰਤਰ ਪੁਕਾਰ ਹੈ ਕਿ "ਤੁਹਾਡੇ ਬਾਰੇ ਹੋਰ" ਅਤੇ ਆਤਮਾ ਦਾ ਉੱਤਰ ਹਮੇਸ਼ਾ ਇਹ ਹੁੰਦਾ ਹੈ ਕਿ ਇਸਤੋਂ ਵੀ ਵੱਧ" ਰੋਮੀਆਂ ਨੂੰ (5:9,10) ਜੋ ਕੁਝ ਅਸੀਂ ਮੰਗਦੇ ਜਾਂ ਸੋਚਦੇ ਹਾਂ ਉਸ ਨਾਲੋਂ ਕਿਤੇ ਵਧੇਰੇ ਪਰਮੇਸ਼ੁਰ ਕਰ ਸਕਦਾ ਹੈ (ਅਫਸੀਆਂ ਨੂੰ 3:20) ਯਿਸੂ ਨੂੰ ਜਿਸਨੇ ਇਸ ਗਵਾਚੀ ਹੋਈ ਮਨੁੱਖਜਾਤੀ ਦੀ ਮੁੱਕਤੀ ਦੇ ਲਈ ਆਪਣੇ ਆਪ ਨੂੰ ਖਾਲੀ ਕਰ ਦਿੱਤਾ, ਪਵਿੱਤਰ ਆਤਮਾ ਬਿਨਾ ਕਿਸੇ ਮਾਪ ਦੇ ਦਿੱਤਾ ਗਿਆ ਸੀ। ਇਸੇ ਤਰਾਂ ਹੀ ਮਸੀਹ ਦੇ ਹਰੇਕ ਅਨੁਯਾਈ ਨੂੰ ਤਦ ਦਿੱਤਾ ਜਾਵੇਗਾ ਜਦੋਂ ਉਸਦੇ ਵਾਸ ਦੇ ਲਈ ਸੰਪੂਰਨ ਹਿਰਦੇ ਨੂੰ ਸਮਰਪਿਤ ਕੀਤਾ ਜਾਵੇਗਾ। ਸਾਡੇ ਪ੍ਰਭੂ ਨੇ ਖੁਦ ਇਹ ਆਗਿਆ ਦਿੱਤੀ ਹੈ, "ਆਤਮਾ ਦੇ ਨਾਲ ਭਰ ਜਾਓ" (ਅਫਸੀਆਂ 5:18), ਅਤੇ ਇਹ ਆਗਿਆ ਵੀ ਇਸਦੇ ਪੂਰੇ ਹੋਣ ਦਾ ਵਾਇਦਾ ਹੈ। ਕਿਉਂ ਜੋ ਪਰਮੇਸ਼ੁਰ ਦੀ ਸਾਰੀ ਭਰਪੂਰੀ ਉਸੇ ਵਿੱਚ ਹੋ ਕੇ ਵੱਸਦੀ ਹੈ। ਅਤੇ ਤੁਸੀਂ ਉਹ ਦੇ ਵਿੱਚ ਪੂਰੇ ਹੋ ਗਏ ਹੋ (ਕੁਲੁੱਸੀਆਂ ਨੂੰ 1:19; 2:10)

**(6) ਜਦੋਂ ਛੁਟਕਾਰੇ ਦੇ ਪਿਆਰ ਦੀ ਸ਼ਕਤੀ ਸਾਡੇ ਹਿਰਦਿਆਂ ਨੂੰ ਭਰ ਦਿੰਦੀ ਹੈ ਅਤੇ ਸਾਡੇ ਹਰੇਕ ਉਦੇਸ਼ ਉੱਤੇ ਹਕੂਮਤ ਕਰਦੀ ਹੈ, ਤਾਂ ਪਰਮੇਸ਼ੁਰ ਕਿਹੜਾ ਵਾਅਦਾ ਦਾਅਵਾ ਕਰਨ ਦੇ ਲਈ ਸਾਨੂੰ ਦੇ ਸਕਦਾ ਹੈ?**

***ਅਤੇ ਉਹ ਦੇ ਅੱਗੇ ਜੋ ਸਾਨੂੰ ਦਲੇਰੀ ਹੈ ਸੋ ਇਹ ਹੈ ਕਿ ਜੇ ਅਸੀਂ ਉਹ ਦੀ ਮਰਜ਼ੀ ਦੇ ਅਨੁਸਾਰ ਕੁਝ ਮੰਗਦੇ ਹਾਂ,***

*ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਕਿ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ, ਤਾਂ ਇਹ ਵੀ ਜਾਣਦੇ ਹਾਂ ਕਿ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸੀਂ ਉਸ ਤੋਂ ਮੰਗੀਆਂ ਹਨ, ਉਹ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ। (1 ਯੂਹੰਨਾ 5:14-15)*

ਯੂਹੰਨਾ ਨੇ ਵਿਸ਼ਵਾਸੀਆਂ ਨੂੰ ਉਹਨਾਂ ਮਹਾਨ ਅਧਿਕਾਰਾਂ ਨੂੰ ਸਮਝਾਉਣ ਦੇ ਲਈ ਅਗਵਾਈ ਕਰਨ ਦੀ ਕੋਸ਼ਿਸ਼ ਕੀਤੀ ਜੋ ਪਿਆਰ ਦੀ ਆਤਮਾ ਦੇ ਅਭਿਆਸ ਦੇ ਵਸੀਲੇ ਸੇ ਨਾਲ ਉਹਨਾਂ ਨੂੰ ਪ੍ਰਾਪਤ ਹੋਣਗੇ। ਦਿਲ ਨੂੰ ਭਰਨ ਵਾਲੀ ਇਹ ਮੁੱਕਤੀਦਾਇਕ ਸ਼ਕਤੀ ਹਰ ਦੂਸਰੇ ਉਦੇਸ਼ ਨੂੰ ਨਿਯੰਤਰਣ ਕਰੇਗੀ ਅਤੇ ਇਸਦੇ ਕਾਬਜ਼ਾਂ ਨੂੰ ਦੁਨੀਆਂ ਦੇ ਭ੍ਰਿਸ਼ਟ ਪ੍ਰਭਾਵਾਂ ਤੋਂ ਉੱਪਰ ਚੁੱਕੇਗੀ। ਅਤੇ ਜਦੋਂ ਇਸ ਪਿਆਰ ਨੂੰ ਪੂਰਨ ਰੂਪ ਵਿੱਚ ਪ੍ਰਭਾਵੀ ਹੋਣ ਦਿੱਤਾ ਗਿਆ ਅਤੇ ਜੀਵਨ ਵਿੱਚ ਇੱਕ ਪ੍ਰੇਰਕ ਸ਼ਕਤੀ ਬਣ ਗਿਆ, ਤਾਂ ਉਹਨਾਂ ਦਾ ਪਰਮੇਸ਼ੁਰ ਉੱਤੇ ਭਰੋਸਾ ਅਤੇ ਵਿਸ਼ਵਾਸ ਅਤੇ ਉਸਦਾ ਉਹਨਾਂ ਦੇ ਨਾਲ ਵਿਵਹਾਰ ਪੂਰਨ ਹੋ ਜਾਂਦਾ ਹੈ। ਤਦ ਉਹ ਵਿਸ਼ਵਾਸ ਦੇ ਪੂਰਨ ਭਰੋਸੇ ਦੇ ਨਾਲ ਇਹ ਜਾਣਦੇ ਹੋਏ ਵੀ ਉਸਦੇ ਕੋਲ ਆ ਸਕਦੇ ਸੀ, ਕਿ ਉਹ ਉਸਤੋਂ ਉਹ ਸਭ ਕੁਝ ਪ੍ਰਾਪਤ ਕਰਨਗੇ ਜੋ ਉਹਨਾਂ ਦੇ ਵਰਤਮਾਨ ਅਤੇ ਸਦੀਪਕ ਭਲਿਆਈ ਦੇ ਲਈ ਜ਼ਰੂਰੀ ਹੈ। ਉਸਨੇ ਲਿੱਖਿਆ, "ਪਿਆਰ ਸਾਡੇ ਵਿੱਚ ਇਸ ਤੋਂ ਸੰਪੂਰਨ ਹੋਇਆ ਹੈ ਕਿ ਨਿਆਂ ਦੇ ਦਿਨ ਸਾਨੂੰ ਦਲੇਰੀ ਹੋਵੇ, ਕਿਉਂਕਿ ਜਿਵੇਂ ਉਹ ਹੈ ਉਸੇ ਤਰ੍ਹਾਂ ਅਸੀਂ ਵੀ ਇਸ ਸੰਸਾਰ ਵਿੱਚ ਹਾਂ। ਪਿਆਰ ਵਿੱਚ ਡਰ ਨਹੀਂ ਸਗੋਂ ਸਿੱਧ ਪਿਆਰ ਡਰ ਨੂੰ ਹਟਾ ਦਿੰਦਾ ਹੈ, "ਅਤੇ ਉਹ ਦੇ ਅੱਗੇ ਜੋ ਸਾਨੂੰ ਦਲੇਰੀ ਹੈ ਸੋ ਇਹ ਹੈ ਕਿ ਜੇ ਅਸੀਂ ਉਹ ਦੀ ਮਰਜ਼ੀ ਦੇ ਅਨੁਸਾਰ ਕੁਝ ਮੰਗਦੇ ਹਾਂ, ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਕਿ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ, ਤਾਂ ਇਹ ਵੀ ਜਾਣਦੇ ਹਾਂ ਕਿ ਮੰਗੀਆਂ ਹੋਈਆਂ ਵਸਤਾਂ

ਜਿਹੜੀਆਂ ਅਸੀਂ ਉਸ ਤੋਂ ਮੰਗੀਆਂ ਹਨ, ਉਹ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ।

**(7) ਪੌਲੁਸ ਦੇ ਵਾਂਗ, ਮਸੀਹ ਦੇ ਪਿਆਰ ਨੂੰ ਸਾਡੇ ਤੋਂ ਦੂਸਰਿਆਂ ਤੱਕ ਵਹਾਉਣ ਦੇ ਲਈ ਸਾਡੇ ਸੰਬੰਧ ਵਿੱਚ ਸਾਡੀ ਗਵਾਹੀ ਕੀ ਹੋਣੀ ਚਾਹੀਦੀ ਹੈ?**

***'ਮੈਂ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਗਿਆ ਹਾਂ, ਪਰ ਹੁਣ ਮੈਂ ਜਿਉਂਦਾ ਨਹੀਂ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜੋ ਮੈਂ ਸਰੀਰ ਵਿੱਚ ਜਿਉਂਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਵਿਸ਼ਵਾਸ ਨਾਲ ਜਿਉਂਦਾ ਹਾਂ, ਜਿਸ ਨੇ ਮੈਨੂੰ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ। ' (ਗਲਾਤੀਆਂ ਨੂੰ 2:20)***

ਦਿਲ ਦੇ ਵਿੱਚ ਮਸੀਹ ਦੇ ਪਿਆਰ ਦੀ ਜ਼ਰੂਰਤ ਹੈ। ਸ੍ਵੈ ਨੂੰ ਸੂਲੀ ਉੱਤੇ ਚੜ੍ਹਾਉਣ ਦੀ ਜ਼ਰੂਰਤ ਹੈ। ਜਦੋਂ ਖ਼ੁਦੀ ਨੂੰ ਮਸੀਹ ਦੇ ਵਿੱਚ ਡੋਬ ਦਿੱਤਾ ਜਾਂਦਾ ਹੈ, ਤਾਂ ਸੱਚਾ ਪਿਆਰ ਖ਼ੁਦ ਹੀ ਫੁੱਟ ਨਿਕਲਦਾ ਹੈ। ਇਹ ਕੋਈ ਲਾਲਸਾ ਜਾਂ ਭਾਵਨਾ ਨਹੀਂ ਹੈ, ਬਲਕਿ ਇਹ ਇੱਕ ਪਵਿੱਤਰ ਇੱਛਾ ਦਾ ਇੱਕ ਨਿਰਣਾ ਹੈ। ਇਹ ਭਾਵਨਾ ਵਿੱਚ ਨਹੀਂ ਬਲਕਿ ਪੂਰੇ ਦਿਲ, ਆਤਮਾ ਅਤੇ ਚਰਿੱਤਰ ਦੇ ਪਰਿਵਰਤਨ ਵਿੱਚ ਹੈ, ਜਿਹੜਾ ਖ਼ੁਦ ਦੇ ਲਈ ਮਰ ਚੁੱਕਿਆ ਹੈ ਅਤੇ ਪਰਮੇਸ਼ੁਰ ਦੇ ਲਈ ਜੀਵਿਤ ਹੈ। ਸਾਡਾ ਪਰਮੇਸ਼ੁਰ ਅਤੇ ਮੁੱਕਤੀਦਾਤਾ ਸਾਨੂੰ ਆਪਣੇ ਆਪ ਨੂੰ ਉਸਨੂੰ ਨੂੰ ਸੌਂਪਣ ਦੇ ਲਈ ਕਹਿੰਦਾ ਹੈ। ਖ਼ੁਦ ਨੂੰ ਪਰਮੇਸ਼ੁਰ ਦੇ ਸਨਮੁੱਖ ਸਮਰਪਣ ਕਰਨ ਦੇ ਲਈ, ਪਰਮੇਸ਼ੁਰ ਜੋ ਮੰਗ ਕਰਦਾ ਹੈ, ਉਹ ਇਹ ਹੈ ਕਿ ਖ਼ੁਦ ਨੂੰ ਜਿਵੇਂ ਵੀ ਪਰਮੇਸ਼ੁਰ ਯੋਗ ਸਮਝਦਾ ਹੈ, ਉਸਦੇ ਇਸਤੇਮਾਲ ਦੇ ਲਈ ਦੇ ਦੇਣਾ। ਜਦ ਤੱਕ ਅਸੀਂ ਸਮਰਪਣ ਦੇ ਇਸ ਪੜਾਅ ਤੱਕ ਨਹੀਂ ਆ ਜਾਂਦੇ, ਅਸੀਂ

ਕਿਤੇ ਵੀ ਖੁਸ਼ੀ ਦੇ ਨਾਲ, ਉਪਯੋਗੀ ਜਾਂ ਸਫਲਤਾਪੂਰਵਕ ਕੰਮ ਨਹੀਂ ਕਰ ਕਰਾਂਗੇ (ਪੱਤਰ 97, 1898).

ਸੱਚਾ ਪਵਿੱਤਰੀਕਰਨ ਵਿਸ਼ਵਾਸੀਆਂ ਨੂੰ ਮਸੀਹ ਅਤੇ ਇੱਕ ਦੂਸਰੇ ਨੂੰ ਕੋਮਲ ਹਮਦਰਦੀ ਦੇ ਬੰਧਨ ਵਿੱਚ ਜੋੜਦਾ ਹੈ। ਇਹ ਮਿਲਾਪ ਲਗਾਤਾਰ ਦਿਲ ਵਿੱਚ ਮਸੀਹ ਦੀ ਤਰਾਂ ਪਿਆਰ ਦੀਆਂ ਨਦੀਆਂ ਨੂੰ ਵਹਾਉਣ ਦਾ ਕਾਰਣ ਬਣਦਾ ਹੈ, ਜਿਹੜਾ ਕੀ ਇੱਕ ਦੂਸਰੇ ਦੇ ਲਈ ਪਿਆਰ ਵਿੱਚ ਮੁੜ ਕੇ ਵਹਿੰਦਾ ਹੈ।

**(8) ਜਦੋਂ ਅਸੀਂ ਖ਼ੁਦ ਦੇ ਲਈ ਮਾਰਨਾ ਚੁਣਦੇ ਹਾਂ, ਤਾਂ ਕੌਣ ਸਾਡੇ ਦਿਲਾਂ ਵਿੱਚ ਰਹਿ ਸਕਦਾ ਹੈ ਤਾਂਕਿ ਅਸਲ ਵਿੱਚ ਅਸੀਂ ਇੱਕ ਦੂਸਰੇ ਦੇ ਨਾਲ ਪਿਆਰ ਕਰ ਸਕੀਏ?**

***'ਮੈਂ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਗਿਆ ਹਾਂ, ਪਰ ਹੁਣ ਮੈਂ ਜਿਉਂਦਾ ਨਹੀਂ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜੋ ਮੈਂ ਸਰੀਰ ਵਿੱਚ ਜਿਉਂਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਵਿਸ਼ਵਾਸ ਨਾਲ ਜਿਉਂਦਾ ਹਾਂ, ਜਿਸ ਨੇ ਮੈਨੂੰ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ। (ਗਲਾਤੀਆਂ ਨੂੰ 2:20)***

ਪਿਆਰ ਭਗਤੀ ਦੀ ਨੀਂਹ ਹੈ। ਕੋਈ ਵੀ ਕਿੱਤਾ ਕਿਉਂ ਨਾ ਹੋਵੇ, ਤਦ ਤੱਕ ਕਿਸੀ ਨੂੰ ਵੀ ਪਰਮੇਸ਼ੁਰ ਦੇ ਸ਼ੁੱਧ ਪਿਆਰ ਨਹੀਂ ਹੈ, ਜਦ ਤੱਕ ਉਸਦੇ ਕੋਲ ਆਪਣੇ ਭਰਾ ਦੇ ਲਈ ਨਿਸਵਾਰਥ ਪਿਆਰ ਨਾ ਹੋਵੇ। ਪਰ ਅਸੀਂ ਦੂਸਰਿਆਂ ਦੇ ਨਾਲ ਪਿਆਰ ਕਰਨ ਦੀ ਕੋਸ਼ਿਸ਼ ਕਰਕੇ ਕਦੇ ਵੀ ਇਸ ਆਤਮਾ ਦੇ ਅਧੀਨ ਨਹੀਂ ਆ ਸਕਦੇ ਹਾਂ। ਦਿਲ ਦੇ ਵਿੱਚ ਪਰਮੇਸ਼ੁਰ ਦੇ ਪਿਆਰ ਦੀ ਜ਼ਰੂਰਤ ਹੈ। ਜਦੋਂ ਸ੍ਵੈ ਮਸੀਹ ਦੇ ਵਿੱਚ ਸਮਾ ਜਾਂਦਾ ਹੈ, ਤਾਂ ਪਿਆਰ ਆਪਣੇ ਆਪ ਹੀ ਫੁੱਟ ਨਿਕਲਦਾ ਹੈ। ਮਸੀਹੀ ਚਰਿੱਤਰ ਦੀ ਪਰਿਪੂਰਨਤਾ ਤੱਦ ਪ੍ਰਾਪਤ ਹੁੰਦੀ ਹੈ ਜਦੋਂ ਦੂਸਰਿਆਂ ਦੀ ਮਦਦ ਕਰਨ ਅਤੇ

ਬਰਕਤ ਦੇਣ ਦੀ ਖੁਆਇਸ਼ ਅੰਦਰੋਂ ਵਹਿ ਨਿਕਲਦੀ ਹੈ ਅਤੇ ਜਦੋਂ ਸਵਰਗ ਦੀ ਧੁੱਪ ਦਿਲ ਨੂੰ ਭਰ ਦਿੰਦੀ ਹੈ, ਅਤੇ ਚਿਹਰੇ ਉੱਤੇ ਪ੍ਰਗਟ ਹੁੰਦੀ ਹੈ

**(9) ਜੇਕਰ ਅਸੀਂ ਵਿਸ਼ਵਾਸ ਦੀ ਆਤਮਾ ਵਿੱਚ ਚੱਲ ਰਹੇ ਹਾਂ, ਤਾਂ ਬਹੁਤ ਸਾਰਿਆਂ ਦੇ ਸੰਗ ਪਹਿਲਾਂ ਫਲ ਕਿਹੜਾ ਹੈ ਜਿਹੜਾ ਅਸੀਂ ਨਾਸ਼ਵਾਨ ਆਤਮਾਵਾਂ ਦੇ ਲਈ ਪ੍ਰਦਰਸ਼ਿਤ ਕਰਾਂਗੇ?**

***'ਪਰ ਆਤਮਾ ਦਾ ਫਲ ਇਹ ਹੈ - ਪਿਆਰ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ। ਇਹੋ ਜਿਹੀਆਂ ਗੱਲਾਂ ਦੇ ਵਿਰੁੱਧ ਕੋਈ ਬਿਵਸਥਾ ਨਹੀਂ ਹੈ। ' (ਗਲਾਤੀਆਂ ਨੂੰ 5:22-23)***

ਪਰਮੇਸ਼ੁਰ ਤੁਹਾਨੂੰ ਇੱਕ ਹੱਥ ਦੇ ਨਾਲ ਵਿਸ਼ਵਾਸ ਦਿਵਾਉਂਦਾ ਹੈ, ਕੀ ਉਸਦੇ ਸ਼ਕਤੀਸ਼ਾਲੀ ਹੱਥ ਨੂੰ ਫੜੀ ਰੱਖੋ, ਅਤੇ ਦੂਸਰੇ ਹੱਥ ਦੇ ਨਾਲ ਨਾਸ਼ ਹੋਰ ਰਹੀਆਂ ਆਤਮਾਵਾਂ ਤੱਕ ਪਿਆਰ ਪਹੁੰਚਾਉਂਦਾ ਹੈ। ਮਸੀਹ ਰਾਹ, ਸੱਚਾਈ ਅਤੇ ਜੀਵਨ ਹੈ। ਉਸਦਾ ਪਿੱਛੇ ਚੱਲੋ। ਸ਼ਰੀਰ ਦੇ ਅਨੁਸਾਰ ਨਹੀਂ ਬਲਕਿ ਆਤਮਾ ਦੇ ਅਨੁਸਾਰ ਚੱਲੋ। ਜਿਵੇਂ ਉਹ ਚੱਲਿਆ ਉਸੇ ਤਰਾਂ ਹੀ ਚੱਲੋ। ਇਹ ਪਰਮੇਸ਼ੁਰ ਦੇ ਇੱਛਾ ਹੈ, ਇੱਥੋਂ ਤੱਕ ਤੁਹਾਡਾ ਪਵਿੱਤਰੀਕਰਨ ਵੀ। ਤੁਹਾਨੂੰ ਜੋ ਵੀ ਕੰਮ ਕਰਨਾ ਹੈ, ਉਸਦੀ ਇੱਛਾ ਨੂੰ ਪੂਰਾ ਕਰਨਾ ਹੈ ਜੋ ਉਸਦੇ ਮਹਿਮਾ ਦੇ ਲਈ ਤੁਹਾਡੀ ਜ਼ਿੰਦਗੀ ਨੂੰ ਬਣਾਈ ਰੱਖਦਾ ਹੈ। ਜੇਕਰ ਤੁਸੀਂ ਆਪਣੇ ਲਈ ਮਿਹਨਤ ਕਰਦੇ ਹੋ, ਤਾਂ ਇਸਤੋਂ ਤੁਹਾਨੂੰ ਕੁਝ ਵੀ ਲਾਭ ਨਹੀਂ ਹੋਵੇਗਾ। ਦੂਸਰਿਆਂ ਦੇ ਭਲਿਆਈ ਦੇ ਲਈ ਮਿਹਨਤ ਕਰਨਾ, ਆਪਣੇ ਆਪ ਦੀ ਘੱਟ ਚਿੰਤਾ ਕਰਨੀ ਅਤੇ ਪਰਮੇਸ਼ੁਰ ਨੂੰ ਸਭ ਕੁਝ ਵੱਧ ਸਮਰਪਿਤ ਕਰਨਾ, ਉਸਨੂੰ ਕਬੂਲ ਹੋਵੇਗਾ, ਅਤੇ ਉਸਦੀ

ਚੋਖੀ ਕਿਰਪਾ ਦੇ ਨਾਲ ਇਹ ਸਭ ਕੁਝ ਵਾਪਿਸ ਕੀਤਾ ਜਾਵੇਗਾ।

**(10) ਜਦ ਪਿਆਰ ਦੀ ਆਤਮਾ ਸਾਨੂੰ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਲੋਕਾਂ ਤੱਕ ਪਹੁੰਚਣ ਦੇ ਲਈ ਮਸੀਹ-ਜਿਹੀਆਂ ਕਿਹੜੀਆਂ ਵਿਧੀਆਂ ਕਾਮਯਾਬ ਹੋਣਗੀਆਂ?**

***ਗੱਲ ਕਾਹਦੀ, ਤੁਸੀਂ ਸੱਭੇ ਇੱਕ ਮਨ ਹੋਵੋ, ਆਪੋ ਵਿੱਚ ਦਰਦੀ ਬਣੋ, ਭਰੱਪਣ ਦਾ ਪਿਆਰ ਰੱਖੋ, ਤਰਸਵਾਨ ਅਤੇ ਮਨ ਦੇ ਹਲੀਮ ਹੋਵੋ (1 ਪਤਰਸ 3:8)***

ਮਸੀਹ ਦਾ ਤਰੀਕਾ ਹੀ ਲੋਕਾਂ ਤੱਕ ਪਹੁੰਚਣ ਵਿੱਚ ਸੱਚੀ ਸਫਲਤਾ ਦੇਵੇਗਾ। ਮੁੱਕਤੀਦਾਤਾ ਮਨੁੱਖਾਂ ਦੇ ਨਾਲ ਉਸ ਵਿਅਕਤੀ ਵਜੋਂ ਸ਼ਾਮਿਲ ਹੋ ਗਿਆ ਜੋ ਉਹਨਾਂ ਦਾ ਭਲਾ ਚਾਹੁੰਦਾ ਸੀ। ਉਸ ਨੇ ਉਹਨਾਂ ਦੇ ਨਾਲ ਆਪਣੀ ਹਮਦਰਦੀ ਜਤਾਈ, ਉਹਨਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕੀਤੀ, ਅਤੇ ਉਹਨਾਂ ਦਾ ਵਿਸ਼ਵਾਸ ਜਿੱਤਿਆ। ਫਿਰ ਉਸਨੇ ਉਹਨਾਂ ਨੂੰ ਆਗਿਆ ਦਿੱਤੀ, “ਮੇਰੇ ਪਿੱਛੇ ਆਓ!”
ਲੋਕਾਂ ਦੇ ਨੇੜੇ ਆਉਣ ਦੇ ਲਈ ਵਿਅਕਤੀਗਤ ਤਜ਼ਰਬੇ ਦੀ ਜ਼ਰੂਰਤ ਹੈ। ਜੇਕਰ ਸੰਦੇਸ਼ ਸੁਣਾਉਣ ਦੇ ਲਈ ਘੱਟ ਸਮੇਂ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਵੱਧ ਸਮਾਂ ਨਿੱਜੀ ਸੇਵਕਾਈ ਦੇ ਲਈ ਬਤੀਤ ਕੀਤਾ ਜਾਂਦਾ ਹੈ, ਤਾਂ ਵੱਡੇ ਨਤੀਜੇ ਵੇਖਣ ਨੂੰ ਮਿਲਣਗੇ। ਗਰੀਬਾਂ ਨੂੰ ਰਾਹਤ ਦਿੱਤੀ ਜਾਣੀ ਚਾਹੀਦੀ ਹੈ, ਬਿਮਾਰਾਂ ਦੇ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ, ਦੁੱਖੀ ਅਤੇ ਸੋਗ ਵਿੱਚ ਪਏ ਲੋਕਾਂ ਨੂੰ ਅਰਾਮ ਦਿੱਤਾ ਜਾਣਾ ਚਾਹੀਦਾ ਹੈ, ਅਗਿਆਨੀ ਨੂੰ ਨਿਰਦੇਸ਼ ਦਿੱਤਾ ਜਾਣਾ ਚਾਹੀਦਾ ਹੈ। ਅਨੁਭਵਹੀਣ ਨੂੰ ਸਲਾਹ ਦਿੱਤੀ ਜਾਣੀ ਚਾਹੀਦੀ ਹੈ। ਸਾਨੂੰ ਉਹਨਾਂ ਦੇ ਨਾਲ ਰੋਣਾ ਚਾਹੀਦਾ ਹੈ ਜੋ ਰੋਂਦੇ ਹਨ, ਅਤੇ ਉਹਨਾਂ ਦੇ ਨਾਲ ਅਨੰਦ ਹੋਣਾ ਚਾਹੀਦਾ ਹੈ ਜੋ ਆਨੰਦ ਹਨ। ਪ੍ਰੇਰਣਾ ਦੀ ਸ਼ਕਤੀ, ਪ੍ਰਾਥਨਾ ਦੀ ਸ਼ਕਤੀ,

ਪਰਮੇਸ਼ੁਰ ਦੇ ਸ਼ਕਤੀ ਦੇ ਨਾਲ, ਇਹ ਕੰਮ ਬੇ-ਫ਼ਲ ਨਹੀਂ ਹੋ ਸਕਦਾ ਅਤੇ ਹੋਵੇਗਾ।

**(11) ਅਸੀਂ ਕਿਸ ਮਹਾਨ ਅਤੇ ਬਹੁਮੁੱਲੇ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ ਤਾਂਕਿ ਅਸੀਂ ਦੂਸਰਿਆਂ ਦੇ ਨਾਲ ਪਵਿੱਤਰ ਪਿਆਰ ਦੇ ਨਾਲ ਪਿਆਰ ਕਰ ਸਕੀਏ ਜਿਵੇਂ ਕੀ ਮਸੀਹ ਨੇ ਕੀਤਾ ਸੀ?**

***ਜਿਹਨਾਂ ਦੇ ਰਾਹੀਂ ਉਹਨਾਂ ਨੇ ਸਾਨੂੰ ਵਡਮੁੱਲੇ ਵੱਡੇ-ਵੱਡੇ ਵਾਅਦੇ ਦਿੱਤੇ ਹਨ ਕਿ ਤੁਸੀਂ ਉਸ ਵਿਨਾਸ਼ ਤੋਂ ਛੁੱਟ ਕੇ ਜੋ ਕਾਮਨਾਂ ਦੇ ਕਾਰਨ ਸੰਸਾਰ ਵਿੱਚ ਹੈ, ਉਹਨਾਂ ਦੇ ਦੁਆਰਾ ਪਰਮੇਸ਼ੁਰਤਾਈ ਦੇ ਸੁਭਾਅ ਵਿੱਚ ਸਾਂਝੀ ਹੋ ਜਾਓ। ' (2 ਪਤਰਸ 1:4)***

ਇੱਕ ਦੂਸਰੇ ਦੇ ਨਾਲ ਪਿਆਰ ਕਰੋ...ਜੇਕਰ ਇਸ ਪਿਆਰ ਨੂੰ ਸੱਚ-ਮੁੱਚ ਵਿੱਚ ਵਿਕਸਿਤ ਕੀਤਾ ਜਾਂਦਾ ਹੈ, ਤਾਂ ਸੀਮਿਤ ਸੀਮਿਤ ਦੇ ਨਾਲ ਮਿਲ ਜਾਂਦਾ ਹੈ ਅਤੇ ਸਭ ਕੁਝ ਅਨੰਤ ਦੇ ਵੱਲ ਕੇਂਦਰਿਤ ਹੋ ਜਾਂਦਾ ਹੈ। ਇਨਸਾਨੀਅਤ ਇਨਸਾਨੀਅਤ ਦੇ ਨਾਲ ਮਿਲ ਜਾਵੇਗੀ ਅਤੇ ਸਾਰੇ ਸਦੀਪਕ ਪਿਆਰ ਦੇ ਦਿਲ ਨਾਲ ਬੰਧ ਜਾਣਗੇ। ਇੱਕ ਦੂਸਰੇ ਦੇ ਲਈ ਸ਼ੁੱਧ ਪਿਆਰ ਪਵਿੱਤਰ ਹੈ। ਇਸ ਮਹਾਨ ਕੰਮ ਵਿੱਚ ਇੱਕ ਦੂਸਰੇ ਦੇ ਲਈ ਮਸੀਹੀ ਪਿਆਰ ਜਿੰਨਾਂ ਵੇਖਿਆ ਗਿਆ ਹੈ ਉਸ ਤੋਂ ਕਿਤੇ ਉੱਚਾ, ਵਧੇਰੇ ਨਿਰੰਤਰ, ਵਧੇਰੇ ਨਮਰ, ਵਧੇਰੇ ਨਿਸਵਾਰਥ ਹੈ, ਇਹ ਮਸੀਹੀ ਕੋਮਲਤਾ, ਮਸੀਹੀ ਪਰਉਪਕਾਰ ਅਤੇ ਨਿਮਰਤਾ ਨੂੰ ਬਰਕਰਾਰ ਕਰਦਾ ਹੈ ਅਤੇ ਮਨੁੱਖੀ ਭਾਈਚਾਰੇ ਨੂੰ ਪਰਮੇਸ਼ੁਰ ਦੀ ਗੱਲਵੱਕੜੀ ਦੇ ਵਿੱਚ ਢੱਕ ਲੈਂਦਾ ਹੈ, ਅਤੇ ਉਸ ਮਰਿਯਾਦਾ ਨੂੰ ਮੰਨਦਾ ਹੈ ਜਿਸਦੇ ਨਾਲ ਪਰਮੇਸ਼ੁਰ ਨੇ ਮਨੁੱਖ ਦੇ ਹੱਕਾਂ ਨੂੰ ਪ੍ਰਦਾਨ ਕੀਤਾ ਹੈ। ਇਹ ਮਰਿਆਦਾ ਮਸੀਹਾਂ ਨੂੰ ਹਮੇਸ਼ਾ ਪਰਮੇਸ਼ੁਰ

ਦੇ ਆਦਰ ਅਤੇ ਮਹਿਮਾ ਦੇ ਲਈ ਵਿਕਸਿਤ ਕਰਨੀ ਚਾਹੀਦੀ ਹੈ।

ਮਸੀਹ ਦੇ ਵਾਂਗਰ ਪਿਆਰ ਕਰਨ ਦਾ ਅਰਥ ਇਹ ਹੈ ਕਿ ਹਰ ਸਮੇਂ ਅਤੇ ਹਰ ਜਗਾ, ਦਿਆਲੂ ਸ਼ਬਦਾਂ ਅਤੇ ਸੁਖਦ ਰੂਪ ਨਾਲ ਉਦਾਰਤਾ ਨੂੰ ਪ੍ਰਗਟ ਕਰਨਾ ਹੈ। ਇਹਨਾਂ ਨੂੰ ਦੇਣ ਵਾਲਿਆਂ ਨੂੰ ਕੋਈ ਕੀਮਤ ਨਹੀਂ ਚੁਕਾਉਣੀ ਪੈਂਦੀ, ਸਗੋਂ  ਉਹ ਆਤਮਾ ਨੂੰ ਘੇਰਨ ਵਾਲੀ ਸੁਗੰਧ ਨੂੰ ਪਿੱਛੇ ਛੱਡ ਜਾਂਦੇ ਹਨ। ਉਹਨਾਂ ਦੇ ਅਸਰ ਦਾ ਕਦੇ ਵੀ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਉਹ ਨਾ ਕੇਵਲ ਪ੍ਰਾਪਤ ਕਰਨ ਵਾਲਿਆਂ ਦੇ ਲਈ ਬਰਕਤ ਹੈ ਬਲਕਿ ਦੇਣ ਵਾਲਿਆਂ ਦੇ ਲਈ ਵੀ ਬਰਕਤ ਹੈ; ਕਿਉਂਕਿ ਉਹ ਉਸ ਉੱਤੇ ਵੀ ਪ੍ਰਤਿਕਿਰਿਆ ਕਰਦੇ ਹਨ। ਸੱਚਾ ਪਿਆਰ ਸਵਰਗੀ ਉਤਪਤੀ ਦਾ ਇੱਕ ਅਨਮੋਲ ਗੁਣ ਹੈ, ਜੋ ਦੂਸਰਿਆਂ ਨੂੰ ਦੇਣ ਉੱਤੇ ਇਸਦੀ ਸੁਗੰਧ ਦੀ ਮਾਤਰਾ ਦੇ ਵਿੱਚ ਵੱਧ ਜਾਂਦਾ ਹੈ। ਮਸੀਹ ਦਾ ਪਿਆਰ ਗਹਿਰਾ ਅਤੇ ਸੱਚਾ ਹੈ, ਜਿਹੜਾ ਕੀ ਇਸ ਨੂੰ ਸਵੀਕਾਰ ਕਰਨ ਵਾਲਿਆਂ ਸਾਰੇ ਲੋਕਾਂ ਦੇ ਲਈ ਇੱਕ ਨਾ ਰੁੱਕਣ ਵਾਲੀ ਨਦੀ ਦੇ ਵਾਂਗ ਵਹਿ ਰਿਹਾ ਹੈ। ਉਸਦੇ ਪਿਆਰ ਦੇ ਵਿੱਚ ਕੋਈ ਸਵਾਰਥ ਨਹੀਂ ਹੈ। ਜੇਕਰ ਇਹ ਸਵਰਗੀ-ਪੈਦਾ ਹੋਇਆ ਪਿਆਰ ਹਿਰਦੇ ਵਿੱਚ ਇੱਕ ਸਥਾਈ ਸਿਧਾਂਤ ਹੈ, ਤਾਂ ਇਹ ਨਾ ਕੇਵਲ ਉਹਨਾਂ ਲੋਕਾਂ ਦੇ ਲਈ, ਜਿਹਨਾਂ ਨੂੰ ਅਸੀਂ ਪਵਿੱਤਰ ਸੰਬੰਧਾਂ ਦੇ ਵਿੱਚ ਸਭ ਤੋਂ ਪਿਆਰੇ ਜਾਣਦੇ ਹਾਂ, ਬਲਕਿ ਉਹਨਾਂ ਸਾਰਿਆਂ ਦੇ ਲਈ ਜਾਣੂ ਹੋਵੇਗਾ, ਜਿਹਨਾਂ ਦੇ ਨਾਲ ਅਸੀਂ ਸੰਪਰਕ ਵਿੱਚ ਆਉਂਦੇ ਹਾਂ। ਇਹ ਸਾਨੂੰ ਛੋਟੇ ਛੋਟੇ ਆਕਰਸ਼ਣ ਦੇ ਕੰਮਾਂ, ਰਿਆਇਤਾਂ ਦੇਣ, ਦਿਆਲਗੀ ਦੇ ਕੰਮ ਕਰਨ, ਕੋਮਲ, ਸੱਚਾਈ, ਉਤਸ਼ਾਹਜਨਕ ਸ਼ਬਦ ਬੋਲਣ ਦੇ ਲਈ ਅਗਵਾਹੀ ਕਰੇਗਾ। ਇਹ ਸਾਨੂੰ ਉਹਨਾਂ ਲੋਕਾਂ ਦੇ ਨਾਲ ਹਮਦਰਦੀ ਰੱਖਣ ਦੇ ਲਈ ਪ੍ਰੇਰਿਤ ਕਰੇਗਾ, ਜਿਹਨਾਂ ਦੇ ਦਿਲ ਹਮਦਰਦੀ ਦੇ ਲਈ ਭੁੱਖੇ ਹਨ।

ਮੈਂ ਇਹ ਜਾਣ ਗਿਆ ਹਾਂ ਕੀ ਧੰਨ ਦੀ ਸ਼ਕਤੀ ਭ੍ਰਿਸ਼ਟ ਕਰ ਸਕਦੀ ਹੈ; ਬੱਲ ਦੀ ਸ਼ਕਤੀ ਸੱਟ ਲਗਾ ਸਕਦੀ ਹੈ, ਪਰ ਪਿਆਰ ਦੀ ਸ਼ਕਤੀ ਦਾ ਨਤੀਜਾ ਚੰਗਾ ਹੀ ਜੋ ਸਕਦਾ ਹੈ। ਮੈਂ ਆਪਣੇ ਜੀਵਨ ਵਿੱਚ ਇਸ ਸ਼ਕਤੀ ਦੀ ਕਾਮਨਾ ਕਰਦਾ ਹਾਂ

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਇਹ ਸਮਝਦਾ ਹਾਂ ਕੀ ਪਿਆਰ ਇੱਕ ਲਾਲਸਾ ਨਹੀਂ ਹੈ, ਬਲਕਿ ਇੱਕ ਰੱਬੀ ਸਿਧਾਂਤ ਹੈ ਜੋ ਕੇਵਲ ਉੱਥੇ ਹੀ ਮੌਜੂਦ ਹੋ ਸਕਦਾ ਹੈ ਜਿੱਥੇ ਯਿਸੂ ਰਾਜ ਕਰਦੇ ਹਨ। ਨਾ ਬਦਲਿਆ ਹੋਇਆ ਦਿਲ ਇਸ ਨੂੰ ਨਾ ਤੇ ਪੈਦਾ ਕਰ ਸਕਦਾ ਹੈ ਅਤੇ ਨਾ ਹੀ ਇਸ ਨੂੰ ਬਣਾ ਸਕਦਾ ਹੈ। ਮੈਂ ਚਾਹੁੰਦਾ ਹਾਂ ਕੀ ਮਸੀਹ ਮੇਰੇ ਜੀਵਨ ਵਿੱਚ ਸਰਵ ਉੱਚ ਰਾਜ ਕਰੇ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਜਾਣਦਾ ਹਾਂ ਕਿ ਮਸੀਹ ਦੇ ਪਿਆਰ ਨੂੰ ਮੇਰੇ ਦਿਲ ਵਿੱਚ ਰਾਜ ਕਰਨ ਦੇ ਲਈ ਖ਼ੁਦ ਨੂੰ ਸਲੀਬ ਉੱਤੇ ਚੜ੍ਹਾਉਣਾ ਪਵੇਗਾ। ਮੈਂ ਇੱਕ ਪਵਿੱਤਰ ਇੱਛਾ ਦੇ ਲਈ ਪ੍ਰਾਥਨਾ ਕਰਦਾ ਹਾਂ ਤਾਂਕਿ ਮੇਰਾ ਜੀਵਨ ਮਸੀਹ ਵਿੱਚ ਡੁੱਬ ਜਾਵੇ ਅਤੇ ਸੱਚਾ ਪਿਆਰ ਆਪਣੇ ਆਪ ਫੁੱਟ ਨਿਕਲੇ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਰੋਜ਼ਾਨਾ ਦੇ ਭਰੋਸੇ ਅਤੇ ਗਿਆਨ ਦੇ ਲਈ ਪ੍ਰਾਥਨਾ ਕਰਦਾ ਹਾਂ ਤਾਂ ਜੋ ਮੈਂ ਪਰਮੇਸ਼ੁਰ ਦੀ ਇੱਕ ਸ਼ਕਤੀਸ਼ਾਲੀ ਹੱਥ ਨੂੰ ਫੜੇ ਰਹਾ ਅਤੇ ਦੂਸਰੇ ਹੱਥ ਨਾਲ ਨਾਸ਼ ਹੋ ਰਹੀਆਂ ਰੂਹਾਂ ਤੱਕ ਲਗਾਤਾਰ ਪਹੁੰਚ ਸਕਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ



## ਅਧਿਆਇ 16
## ਮਸੀਹ ਦਾ ਨਮੂਨਾ ਕਿ ਪਿਆਰ ਕਿਵੇਂ ਕਰਨਾ ਹੈ

**(1) ਦੂਸਰਿਆਂ ਦੇ ਨਾਲ ਪਿਆਰ ਕਰਨ ਅਤੇ ਉਹਨਾਂ ਨੂੰ ਮਸੀਹ ਦੀ ਵੱਲ ਅਕਰਸ਼ਿਤ ਕਰਨ ਦੇ ਲਈ ਸਾਨੂੰ ਕਿਸ ਦੀ ਵੱਲ ਇੱਕ ਮਿਸਾਲ ਦੇ ਰੂਪ ਵਿੱਚ ਵੇਖਣਾ ਚਾਹੀਦਾ ਹੈ?**

***ਕਿਉਂਕਿ ਤੁਸੀਂ ਇਸੇ ਕਾਰਨ ਸੱਦੇ ਗਏ ਹੋ, ਕਿਉਂਕਿ ਮਸੀਹ ਵੀ ਤੁਹਾਡੇ ਲਈ ਦੁੱਖ ਝੱਲ ਕੇ ਇੱਕ ਨਮੂਨਾ ਛੱਡ ਗਿਆ ਕਿ ਤੁਸੀਂ ਉਸ ਦੇ ਕਦਮਾਂ ਉੱਤੇ ਚੱਲੋ। (1 ਪਤਰਸ 2:21)***

ਸੁਆਮੀ ਯਿਸੂ ਗਰੀਬ ਬਣ ਗਿਆ ਤਾਂ ਜੋ ਸਾਡੇ ਕੋਲ ਅਨੰਤ ਧਨ ਹੋ ਸਕੇ; ਉਹ ਮਰਿਆ ਤਾਂ ਜੋ ਸਾਡੇ ਕੋਲ ਜੀਵਨ, ਅਮਰ ਜੀਵਨ ਹੋ ਸਕੇ। ਕੀ ਸਾਨੂੰ ਉਸਦੇ ਨਮੂਨੇ ਦੇ ਅਨੁਸਾਰ ਚੱਲਣ ਲਈ ਤਿਆਰ ਨਹੀਂ ਹੋਣਾ ਚਾਹੀਦਾ ਹੈ

ਅਤੇ ਜਿੰਨਾਂ ਹੋ ਸਕੇ ਦੂਸਰਿਆਂ ਦੇ ਲਈ ਕਰਨਾ ਚਾਹੀਦਾ ਹੈ ਜਿਹਾ ਉਸਨੇ ਸਾਡੇ ਨਾਲ ਕੀਤਾ ਹੈ? ਅਜਿਹਾ ਕਰਨ ਦੇ ਨਾਲ ਸਾਡਾ ਆਪਣਾ ਚਰਿੱਤਰ ਅਨੁਸ਼ਾਸ਼ਿਤ ਅਤੇ ਸੁਧਰੇਗਾ, ਅਤੇ ਸਾਡਾ ਵਿਸ਼ਵਾਸ ਮਜ਼ਬੂਤ ਹੋਵੇਗਾ, ਸਾਡਾ ਜੋਸ਼ ਵਧੇਰੇ ਸਥਿਰ ਅਤੇ ਈਮਾਨਦਾਰ ਹੋ ਜਾਵੇਗਾ, ਪਰਮੇਸ਼ੁਰ ਅਤੇ ਸੱਚਾਈ ਦੇ ਲਈ ਅਤੇ ਉਹਨਾਂ ਆਤਮਾਵਾਂ ਲਈ ਜਿਹਨਾਂ ਦੇ ਲਈ ਮਸੀਹ ਦੀ ਮੌਤ ਹੋਈ, ਸਾਡਾ ਪਿਆਰ ਗਹਿਰਾ ਅਤੇ ਕੀਮਤੀ ਹੋ ਜਾਵੇਗਾ। ਸਾਡੀ ਮਿਹਨਤ ਦੇ ਫਲਸਰੂਪ ਰੂਹਾਂ ਨੂੰ ਬਚਾਇਆ ਜਾਵੇਗਾ। ਰੂਹਾਂ ਨੂੰ ਮਸੀਹ ਦੀ ਵੱਲ ਅਕਰਸ਼ਿਤ ਕਰਨ ਦੀ ਕੋਸ਼ਿਸ਼ ਤੋਂ ਵੱਧ ਕੇ ਹੋਰ ਕਿਹੜਾ ਕਾਰਜ ਹੋ ਸਕਦਾ ਹੈ। ਇਹ ਕਾਰਜ ਸਧਾਰਨ ਔਰਤਾਂ ਅਤੇ ਮਰਦਾ ਦੁਆਰਾ ਸਫਲਤਾਪੂਰਵਕ ਕੀਤਾ ਗਿਆ ਹੈ, ਸਭ ਤੋਂ ਵਿਧਵਾਨ, ਚੰਗੇ ਬੁਲਾਰਿਆਂ ਜਾਂ ਧਨੀ ਲੋਕਾਂ ਦੁਆਰਾ ਨਹੀਂ ਬਲਕਿ ਸਰਲਤਾ ਦੇ ਨਾਲ ਕਾਰਜ ਕਰਨ ਵਾਲੇ ਸੱਚੇ ਵਿਸ਼ਵਾਸੀਆਂ ਦੁਆਰਾ ਕੀਤਾ ਗਿਆ ਹੈ। ਇਸ ਤਰਾਂ ਬਚਾਈ ਗਈ ਇੱਕ ਰੂਹ, ਬਦਲੇ ਵਿੱਚ ਇੱਕ ਸੈਨਾ ਨੂੰ ਮਸੀਹ ਦੀ ਸੇਵਾ ਵਿੱਚ ਲਿਆ ਸਕਦੀ ਹੈ। ਪਰ ਹਰੇਕ ਕਰਮੀ ਨੂੰ ਗਿਆਨ ਅਤੇ ਸ਼ਕਤੀ ਦੇ ਲਈ ਪੂਰੀ ਤਰਾਂ ਨਾਲ ਅਤੇ ਲਗਾਤਾਰ ਯਿਸੂ ਮਸੀਹ ਉੱਤੇ ਨਿਰਭਰ ਰਹਿਣਾ ਚਾਹੀਦਾ ਹੈ। {ਆਰ ਐਚ, ਜੂਨ 10, 1880}

**(2) ਦੂਸਰਿਆਂ ਦੇ ਨਾਲ ਸਾਡੇ ਸੰਬੰਧਾਂ ਦੇ ਬਾਰੇ ਵਿੱਚ ਮਸੀਹ ਨੇ ਉਦਾਹਰਣਾਂ ਅਤੇ ਉਪਦੇਸ਼ਾਂ ਦੁਆਰਾ ਕੀ ਨਿਰਦੇਸ਼ ਦਿੱਤਾ ਹੈ?**

*ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ। ਉਹ ਇਹ ਹੈ, ਕਿ ਤੁਸੀਂ ਇੱਕ ਦੂਜੇ ਨੂੰ ਪਿਆਰ ਕਰੋ। ਇੱਕ ਦੂਜੇ ਨੂੰ ਉਸੇ ਤਰ੍ਹਾਂ ਪਿਆਰ ਕਰੋ ਜਿਵੇਂ ਮੈਂ ਤੁਹਾਨੂੰ ਪਿਆਰ ਕਰਦਾ*

*ਹਾਂ। (ਯੂਹੰਨਾ 13:34)*

ਮਸੀਹ ਨੇ ਆਪਣੇ ਪਹਿਲੇ ਚੇਲਿਆਂ ਨੂੰ ਇੱਕ ਦੂਸਰੇ ਦੇ ਨਾਲ ਪਿਆਰ ਕਰਨ ਦੇ ਲਈ ਕਿਹਾ ਸੀ ਜਿਵੇ ਉਸਨੇ ਉਹਨਾਂ ਦੇ ਨਾਲ ਕੀਤਾ ਸੀ। ਇਸ ਤਰਾਂ ਉਹਨਾਂ ਨੂੰ ਜਗਤ ਦੇ ਸਾਹਮਣੇ ਗਵਾਹੀ ਦੇਣੀ ਸੀ ਕਿ ਮਸੀਹ ਜੋ ਮਹਿਮਾ ਦੀ ਆਸ ਹੈ ਅੰਦਰੂਨੀ ਤੌਰ ਤੇ ਰੱਚਿਆ ਸੀ। "ਮੈਂ ਤੁਹਾਨੂੰ ਇੱਕ ਨਵਾਂ ਹੁਕਮ ਦਿੰਦਾ ਹਾਂ, "ਕਿ ਤੁਸੀਂ ਇੱਕ ਦੂਸਰੇ ਦੇ ਨਾਲ ਪਿਆਰ ਕਰੋ; ਜਿਵੇਂ ਮੈਂ ਤੁਹਾਡੇ ਨਾਲ ਕੀਤਾ।" (ਯੂਹੰਨਾ 13:34) ਜਿਸ ਸਮੇਂ ਇਹ ਗੱਲਾਂ ਕਹੀਆਂ ਗਈਆਂ, ਉਸ ਸਮੇਂ ਚੇਲੇ ਉਹਨਾਂ ਨੂੰ ਸਮਝ ਨਹੀਂ ਸਕੇ; ਪਰ ਜਦੋਂ ਉਹਨਾਂ ਨੇ ਮਸੀਹ ਦੇ ਕਸ਼ਟਾਂ ਨੂੰ ਦੇਖਿਆ, ਉਸਦੇ ਸਲੀਬ ਉਠੀ ਚੜਾਏ ਜਾਣ ਅਤੇ ਜੀ ਉੱਠਣ ਤੋਂ ਬਾਅਦ, ਅਤੇ ਸਵਰਗ ਵਿੱਚ ਉਠਾਏ ਜਾਣ ਤੋਂ ਬਾਅਦ, ਅਤੇ ਪਵਿੱਤਰ ਆਤਮਾ ਦੇ ਪੰਤੇਕੁਸਤ ਦੇ ਦਿਨ ਉਹਨਾਂ ਉੱਤੇ ਉਤਰਣ ਤੋਂ ਬਾਅਦ, ਚੇਲਿਆਂ ਦੇ ਕੋਲ ਪਰਮੇਸ਼ੁਰ ਦੇ ਪਯਾਰ ਅਤੇ ਉਸ ਦੇ ਪਿਆਰ ਦੇ ਸੁਭਾਅ ਦੀ ਸਪਸ਼ਟ ਧਾਰਨਾ ਸੀ, ਜੋ ਉਹਨਾਂ ਦੇ ਕੋਲ ਇੱਕ ਦੂਸਰੇ ਦੇ ਪ੍ਰਤੀ ਹੋਣੀ ਚਾਹੀਦੀ ਸੀ। ਫਿਰ ਹੀ ਯੂਹੰਨਾ ਆਪਣੇ ਸੰਗੀ-ਸਾਥੀਆਂ ਨੂੰ ਇਹ ਕਹਿ ਸਕਿਆ: "ਇਸ ਤੋਂ ਅਸੀਂ ਪਿਆਰ ਨੂੰ ਜਾਣਿਆ ਕਿ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ।"

ਪਰਮੇਸ਼ੁਰ ਆਪਣੇ ਉਦੇਸ਼ ਦੀ ਉੱਨਤੀ ਦੇ ਲਈ ਮਨੁੱਖਾਂ ਉੱਤੇ ਨਿਰਭਰ ਨਹੀਂ ਕਰਦਾ ਹੈ। ਉਸਨੇ ਆਪਣੇ ਸਵਰਗੀ ਦੂਤਾਂ ਨੂੰ ਉਸਦੀ ਸੱਚਾਈ ਦੇ ਰਾਜਦੂਤ ਬਣਾਇਆ ਹੋਵੇਗਾ। ਹੋ ਸਕਦਾ ਹੈ ਉਸਨੇ ਆਪਣੀ ਇੱਛਾ ਨੂੰ ਜ਼ਾਹਿਰ ਕੀਤਾ ਹੋਵੇ, ਜਦੋਂ ਉਸਨੇ ਆਪਣੀ ਆਵਾਜ਼ ਦੇ ਨਾਲ ਸਿੱਨਈ ਪਹਾੜ ਤੋਂ ਬਿਵਸਥਾ ਦੀ ਘੋਸ਼ਣਾ ਕੀਤੀ ਸੀ। ਪਰ ਸਾਡੇ ਵਿੱਚ ਪਰਉਪਕਾਰ ਦੇ ਭਾਵਨਾ ਪੈਦਾ ਕਰਨ ਦੇ ਲਈ

ਉਸਨੇ ਇਸ ਕੰਮ ਨੂੰ ਕਰਨ ਦੇ ਲਈ ਮਨੁੱਖਾਂ ਨੂੰ ਨਿਉਕਤ ਕਰਨਾ ਚੁਣਿਆ।
ਦੂਸਰਿਆਂ ਦੀ ਭਲਿਆਈ ਦੇ ਲਈ ਆਤਮ-ਬਲੀਦਾਨ ਦਾ ਹਰੇਕ ਕਾਰਜ ਦੇਣ ਵਾਲੇ ਦੇ ਹਿਰਦੇ ਵਿੱਚ ਉਪਕਾਰ ਦੀ ਭਾਵਨਾ ਨੂੰ ਮਜ਼ਬੂਤ ਕਰੇਗਾ, ਉਸ ਨੂੰ ਦੁਨੀਆ ਦੇ ਮੁੱਕਤੀਦਾਤੇ ਦੇ ਨਾਲ ਹੋਰ ਨਿਕਟਤਾ ਦੇ ਨਾਲ ਜੋੜ ਦੇਵੇਗਾ, ਜਿਹੜਾ ਧਨਵਾਨ ਸੀ, ਪਰ ਫਿਰ ਵੀ ਸਾਡੇ ਲਈ ਗਰੀਬ ਹੋ ਗਿਆ, ਤਾਂ ਜੋ ਅਸੀਂ ਉਸਦੀ ਗਰੀਬੀ ਦੇ ਵਸੀਲੇ ਨਾਲ ਅਮੀਰ ਹੋ ਸਕੀਏ। ਅਤੇ ਜਦੋਂ ਅਸੀਂ ਆਪਣੀ ਸ੍ਰਿਸ਼ਟੀ ਵਿੱਚ ਪਰਮੇਸ਼ੁਰ ਦੇ ਰੂਹਾਨੀ ਉਦੇਸ਼ ਨੂੰ ਪੂਰਾ ਕਰਦੇ ਹਾਂ ਤਾਂ ਜੀਵਨ ਸਾਡੇ ਲਈ ਇੱਕ ਬਰਕਤ ਹੋ ਸਕਦਾ ਹੈ। ਮਨੁੱਖ ਦੇ ਲਈ ਪਰਮੇਸ਼ੁਰ ਦੇ ਸਾਰੇ ਚੰਗੇ ਦਾਨ ਕੇਵਲ ਇੱਕ ਸ਼ਰਾਪ ਸਾਬਿਤ ਹੋਣਗੇ ਜਦ ਤੱਕ ਕਿ ਉਹ ਉਹਨਾਂ ਨੂੰ ਪਾਣੇ ਸਾਥੀ ਲੋਕਾਂ ਦੇ ਲਈ ਬਰਕਤ ਦੇਣ ਦੇ ਲਈ ਅਤੇ ਧਰਤੀ ਉੱਤੇ ਪਰਮੇਸ਼ੁਰ ਦੇ ਕੰਮ ਦੀ ਉੱਨਤੀ ਦੇ ਲਈ ਇਸਤੇਮਾਲ ਨਹੀਂ ਕਰਦਾ ਹੈ।

**(3) ਮਸੀਹ ਨੇ ਕੀ ਕਿਹਾ ਸੀ ਕਿ ਉਸ ਉਸਦੇ ਸਾਡੇ ਨਾਲ ਰਿਸ਼ਤੇ ਦਾ ਦੁਨੀਆ ਨੂੰ ਸਭ ਤੋਂ ਵੱਡਾ ਸਬੂਤ ਦੇਵੇਗਾ?**

***ਜੇ ਤੁਸੀਂ ਇੱਕ ਦੂਜੇ ਨੂੰ ਪਿਆਰ ਕਰੋਂਗੇ ਤਾਂ ਸਾਰੇ ਲੋਕ ਜਾਨਣਗੇ ਕਿ ਤੁਸੀਂ ਮੇਰੇ ਚੇਲੇ ਹੋ।" (ਯੂਹੰਨਾ 13:35)***

ਮਹਾਨ ਸਿੱਖਿਅਕਾਂ ਦੇ ਚੇਲੇ ਆਪਣੇ ਸਿੱਖਿਅਕਾਂ ਦੇ ਗੁਣਾਂ ਨੂੰ ਦਰਸਾਉਂਦੇ ਹਨ। ਪਿਆਰ ਯਿਸੂ ਦੇ ਪ੍ਰਮੁੱਖ ਗੁਣਾਂ ਦੇ ਵਿੱਚੋਂ ਇੱਕ ਸੀ। ਯਿਸ ਦਾ ਜੀਵਨ, ਕਾਰਜ ਦੇ ਵਿੱਚ ਪਿਆਰ ਦਾ ਇੱਕ ਵਿਹਾਰਿਕ ਪ੍ਰਗਟੀਕਰਨ ਸੀ। ਯਿਸੂ ਦੇ ਚੇਲਿਆਂ ਦੁਆਰਾ ਇਸੇ ਤਰਾਂ ਦੇ ਪਿਆਰ ਦਾ ਪ੍ਰਗਟੀਕਰਨ ਉਹਨਾਂ ਦੇ ਸੰਬੰਧ ਅਤੇ ਉਹਨਾਂ ਦਾ ਉਹਨਾਂ

ਦੇ ਗੁਰੂ ਦੇ ਨਾਲ ਗਹਿਰੇ ਸੰਬੰਧ ਦਾ ਪ੍ਰਮਾਣ ਦਿੰਦਾ ਸੀ। ਇਹ ਕਿੱਤੇ ਦੀ ਬਜਾਏ ਇੱਕ ਪਿਆਰ ਹੈ ਜੋ ਇੱਕ ਮਸੀਹੀ ਨੂੰ ਦਰਸਾਉਂਦਾ ਹੈ।
ਇਹ ਪਿਆਰ ਉਹਨਾਂ ਦੇ ਚੇਲੇਪਣ ਦਾ ਪ੍ਰਮਾਣ ਹੈ। ਯਿਸੂ ਨੇ ਕਿਹਾ, "ਇਸ ਦੇ ਨਾਲ ਸਭ ਲੋਕ ਇਹ ਜਾਣਨਗੇ ਕਿ ਤੁਸੀਂ ਮੇਰੇ ਚੇਲੇ ਹੋ, "ਜੇਕਰ ਤੁਸੀਂ ਇੱਕ ਦੂਸਰੇ ਦੇ ਨਾਲ ਪਿਆਰ ਰੱਖਦੇ ਹੋ।

ਜਦੋਂ ਮਨੁੱਖ ਇੱਕਜੁੱਟਦਾ ਵਿੱਚ ਹੁੰਦੇ ਹਨ, ਕਿਸੇ ਬੱਲ ਨਾਲ ਜਾਂ, ਸਵਾਰਥ ਨਾਲ ਨਹੀਂ, ਬਲਕਿ ਪਿਆਰ ਦੇ ਨਾਲ ਇੱਕਜੁੱਟਦਾ ਵਿੱਚ ਇੱਕਠੇ ਹੁੰਦੇ ਹਨ ਤਾਂ ਉਹ ਇੱਕ ਪ੍ਰਭਾਵ ਦੇ ਕਾਰਜ ਨੂੰ ਦਿਖਾਉਂਦੇ ਹਨ ਜੋ ਹਰ ਮਨੁੱਖੀ ਪ੍ਰਭਾਵ ਤੋਂ ਉੱਤੇ ਹੁੰਦਾ ਹੈ। ਜਿੱਥੇ ਏਕਤਾ ਹੁੰਦੀ ਹੈ, ਉੱਥੇ ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਪਰਮੇਸ਼ੁਰ ਮਨੁੱਖ ਦੇ ਵਿੱਚ ਆਪਣੀ ਸੂਰਤ ਨੂੰ ਬਹਾਲ ਕਰ ਰਿਹਾ ਹੈ ਅਤੇ ਇੱਕ ਨਵੇਂ ਸਿਧਾਂਤ ਨੂੰ ਸਥਾਪਿਤ ਕੀਤਾ ਜਾ ਚੁੱਕਾ ਹੈ। ਇਹ ਦਰਸਾਉਂਦਾ ਹੈ ਕਿ ਰੱਬੀ ਸੁਭਾਅ ਦੇ ਵਿੱਚ ਆਤਮਿਕ ਤਾਕਤਾਂ ਦਾ ਸਾਹਮਣਾ ਕਰਨ ਦੀ ਸ਼ਕਤੀ ਹੈ, ਅਤੇ ਪਰਮੇਸ਼ੁਰ ਦੀ ਕਿਰਪਾ ਸੁਭਾਵਿਕ ਹਿਰਦੇ ਵਿੱਚ ਪਾਏ ਜਾਣ ਵਾਲੇ ਸਵਾਰਥ ਨੂੰ ਕਾਬੂ ਵਿੱਚ ਕਰਦੀ ਹੈ। ਪਿਆਰ ਦੀ ਕਮੀ ਤੋਂ ਬਿਨਾ, ਹੋਰ ਕੁਝ ਵੀ ਨਹੀਂ ਹੈ ਜੋ ਕਲੀਸਿਆ ਦੇ ਪ੍ਰਭਾਵ ਨੂੰ ਕੰਮਜ਼ੋਰ ਕਰ ਸਕੇ। ਦੁਨੀਆ ਦੇ ਲੋਕ ਸਾਨੂੰ ਇਹ ਦੇਖਣ ਦੇ ਲਈ ਦੇਖ ਰਹੇ ਹਨ ਕਿ ਸਾਡਾ ਵਿਸ਼ਵਾਸ ਸਾਡੇ ਚਰਿੱਤਰਾਂ ਅਤੇ ਜੀਵਨਾਂ ਦੇ ਲਈ ਕੀ ਕਰ ਰਿਹਾ ਹੈ। ਇਹ ਇਹ ਦੇਖਣ ਦੇ ਲਈ ਦੇਖ ਰਹੇ ਹਨ ਕਿ ਜੇਕਰ ਅਸੀਂ ਮਸੀਹ ਦੀ ਸਮਾਨਤਾ ਦੇ ਵਿੱਚ ਤਬਦੀਲ ਹੋ ਰਹੇ ਹਾਂ ਤਾਂ ਕੀ ਇਹ ਸਾਡੇ ਦਿਲਾਂ ਉੱਤੇ ਪਵਿੱਤਰ ਪ੍ਰਭਾਵ ਪਾ ਰਿਹਾ ਹੈ। ਉਹ ਸਾਡੇ ਜੀਵਨ ਦੇ ਵਿੱਚੋਂ ਹਰ ਦੋਸ਼, ਸਾਡੇ ਕੰਮਾਂ ਦੇ ਵਿੱਚ ਹਰ ਗਲਤੀ ਨੂੰ ਲੱਭਣ ਦੇ ਲਈ ਤਿਆਰ ਹਨ। ਆਓ ਅਸੀਂ ਉਹਨਾਂ ਨੂੰ ਸਾਡੇ ਵਿਸ਼ਵਾਸ ਨੂੰ

ਬਦਨਾਮ ਕਰਨ ਦਾ ਕੋਈ ਮੌਕਾ ਨਾਂ ਦੇਈਏ। {ਟੀ ਐਮ ਕੇ 153}

**(4) ਜਦ ਅਸੀਂ ਅਸਲ ਵਿੱਚ ਸਾਡੇ ਲਈ ਪਰਮੇਸ਼ੁਰ ਦੇ ਪਿਆਰ ਦਾ ਅਨੁਭਵ ਕਰਦੇ ਹਾਂ, ਤਾਂ ਅਸੀਂ ਦੁਨੀਆ ਉੱਤੇ ਕੀ ਅਸਰ ਪਾਵਾਂਗੇ?**

***ਤੁਹਾਡਾ ਚਾਨਣ ਲੋਕਾਂ ਦੇ ਸਾਹਮਣੇ ਅਜਿਹਾ ਚਮਕੇ ਕਿ ਉਹ ਤੁਹਾਡੇ ਚੰਗੇ ਕੰਮਾਂ ਨੂੰ ਵੇਖ ਕੇ ਤੁਹਾਡੇ ਪਿਤਾ ਦੀ ਵਡਿਆਈ ਕਰਨ, ਜਿਹੜਾ ਸਵਰਗ ਵਿੱਚ ਹੈ। (ਮੱਤੀ 5:16)***

ਦੂਸਰਿਆਂ ਨੂੰ ਉਹ ਪਿਆਰ ਅਤੇ ਕੋਮਲਤਾ ਪ੍ਰਦਾਨ ਕਰਕੇ ਜੋ ਪਰਮੇਸ਼ੁਰ ਨੇ ਸਾਨੂੰ ਬਹੁਤਾਤ ਨਾਲ ਦਿੱਤਾ ਹੈ, ਸਾਨੂੰ ਆਪਣੇ ਪ੍ਰਕਾਸ਼ ਨੂੰ ਚਮਕਣ ਦੇਣਾ ਹੈ। ਸਾਨੂੰ ਪਰਮੇਸ਼ੁਰ ਦੇ ਹਰ ਦਾਨ ਨੂੰ ਇੱਕ ਚੰਗਾ ਉਤਪਾਦਕ ਬਣਾਉਂਦੇ ਹੋਏ, ਸਰਵਉੱਤਮ ਇਸਤੇਮਾਲ ਕਰਨਾ ਚਾਹੀਦਾ ਹੈ। ਅਸੀਂ ਪਰਮੇਸ਼ੁਰ ਨੂੰ ਕੁਝ ਵੀ ਨਹੀਂ ਦੇ ਸਕਦੇ ਜੋ ਪਹਿਲਾਂ ਤੋਂ ਹੀ ਉਸਦਾ ਨਾ ਹੋਵੇ, ਪਰ ਅਸੀਂ ਆਪਣੇ ਆਸ ਪਾਸ ਦੇ ਦੁੱਖੀ ਲੋਕਾਂ ਦੀ ਮਦਦ ਕਰ ਸਕਦੇ ਹਾਂ। ਅਸੀਂ ਉਹਨਾਂ ਦੀਆਂ ਇਸ ਜੀਵਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਾਂ, ਅਤੇ ਨਾਲ ਹੀ ਅਸੀਂ ਉਹਨਾਂ ਦੇ ਨਾਲ ਪਰਮੇਸ਼ੁਰ ਦੇ ਪਿਆਰ ਦੇ ਬਾਰੇ ਗੱਲ ਕਰ ਸਕਦੇ ਹਾਂ।

ਜੋ ਪਰਮੇਸ਼ੁਰ ਵਿੱਚ ਵਾਸ ਕਰਦਾ ਹੈ, ਉਹ ਪਿਆਰ ਵਿੱਚ ਵਾਸ ਕਰਦਾ ਹੈ। ਉਹ ਸਭ ਜੋ ਅਸਲ ਵਿੱਚ ਅਨੁਭਵੀ ਗਿਆਨ ਦੇ ਨਾਲ, ਸਾਡੇ ਸਵਰਗੀ ਪਿਤਾ ਦੇ ਪਿਆਰ ਅਤੇ ਕੋਮਲ ਕਿਰਪਾ ਨੂੰ ਜਾਣ ਗਏ ਹਨ, ਉਹ ਭਾਵੇਂ ਕਿਤੇ ਵੀ ਹੋਣ, ਚਾਨਣ ਅਤੇ ਅਨੰਦ ਨੂੰ ਵੰਡਣਗੇ। ਉਹਨਾਂ ਦੀ ਮੌਜੂਦਗੀ ਅਤੇ ਪ੍ਰਭਾਵ ਉਹਨਾਂ ਦੇ ਸਹਿਯੋਗੀਆਂ ਦੇ ਲਈ ਮਨਮੋਹਕ ਸੁਗੰਧ ਦੇ ਰੂਪ ਵਿੱਚ ਹੋਵੇਗੀ ਕਿਉਂਕਿ ਉਹ ਪਰਮੇਸ਼ੁਰ ਅਤੇ ਸਵਰਗ ਦੇ ਨਾਲ ਜੁੜੇ ਹੋਏ ਹਨ,

ਅਤੇ ਉਹਨਾਂ ਦੇ ਦੁਆਰਾ ਸਵਰਗ ਦੀ ਪਵਿੱਤਰਤਾ ਅਤੇ ਉੱਚ ਸੁੰਦਰਤਾ ਦਾ ਸੰਚਾਰ ਉਹਨਾਂ ਦੇ ਲਈ ਕੀਤਾ ਜਾਂਦਾ ਹੈ, ਜੋ ਉਹਨਾਂ ਦੇ ਪ੍ਰਭਾਵ ਹੇਠਾਂ ਆਉਂਦੇ ਹਨ। ਇਹ ਉਹਨਾਂ ਉਹ ਜਗਤ ਦਾ ਚਾਨਣ ਅਤੇ ਧਰਤੀ ਦਾ ਲੂਣ ਬਣਾਉਂਦਾ ਹੈ। ਉਹ ਸੱਚਮੁੱਚ ਜ਼ਿੰਦਗੀ ਦੇ ਜ਼ਿੰਦਗੀ ਦਾ ਸੁਆਦ ਹਨ, ਪਰ ਮੌਤ ਦੇ ਲਈ ਮੌਤ ਦਾ ਨਹੀਂ। {ਐਮ ਵਾਏ ਪੀ 363}

**(5)** ਮਸੀਹ ਆਪਣੇ ਹਰੇਕ ਚੇਲੇ ਨੂੰ ਪਰਮੇਸ਼ੁਰ ਦੀ ਆਤਮਾ ਦੁਆਰਾ ਲਿਖੇ ਜਾਣ ਦੇ ਲਈ ਕੀ ਕਹਿੰਦਾ ਹੈ ਤਾਂ ਜੋ ਦੁਨੀਆ ਨੂੰ ਉਸਦੀ ਭਲਿਆਈ ਅਤੇ ਦਯਾ ਨੂੰ ਵਿਖਾਇਆ ਜਾ ਸਕੇ?

***'ਸਾਡੀ ਚਿੱਠੀ ਤੁਸੀਂ ਹੋ ਜਿਹੜੀ ਸਾਡਿਆਂ ਦਿਲਾਂ ਵਿੱਚ ਲਿਖੀ ਹੋਈ ਹੈ ਜਿਸ ਨੂੰ ਸਭ ਮਨੁੱਖ ਜਾਣਦੇ ਅਤੇ ਪੜ੍ਹਦੇ ਹਨ। ਇਹ ਸੱਚ ਹੈ ਕਿ ਤੁਸੀਂ ਮਸੀਹ ਦੀ ਚਿੱਠੀ ਹੋ ਜਿਹੜੀ ਸਾਡੀ ਸੇਵਕਾਈ ਦੇ ਰਾਹੀਂ ਸਿਆਹੀ ਨਾਲ ਨਹੀਂ ਸਗੋਂ ਪਰਮੇਸ਼ੁਰ ਦੇ ਆਤਮਾ ਨਾਲ ਲਿਖੀ ਹੋਈ ਹੈ ਜੋ ਪੱਥਰ ਦੀਆਂ ਪੱਟੀਆਂ ਉੱਤੇ ਨਹੀਂ ਸਗੋਂ ਮਾਸ ਰੂਪੀ ਦਿਲਾਂ ਦੀਆਂ ਪੱਟੀਆਂ ਉੱਤੇ ਹੈ। ' (2 ਕੁਰੰਥੀਆਂ ਨੂੰ 3:2-3)***

ਪਰਮੇਸ਼ੁਰ ਦੀ ਸੰਤਾਨ ਨੂੰ ਮਸੀਹ ਦੇ ਪ੍ਰਤੀਨਿਧੀ ਹੋਣ ਦੇ ਲਈ ਬੁਲਾਇਆ ਗਿਆ ਹੈ, ਜੋ ਪ੍ਰਭੂ ਦੀ ਭਲਿਆਈ ਅਤੇ ਦਯਾ ਨੂੰ ਦਰਸਾਇਆ ਜਾ ਸਕੇ। ਜਿਵੇਂ ਯਿਸੂ ਨੇ ਸਾਡੇ ਉੱਤੇ ਪਰਮੇਸ਼ੁਰ ਦੇ ਸੱਚੇ ਚਰਿੱਤਰ ਨੂੰ ਪ੍ਰਗਟ ਕੀਤਾ ਹੈ, ਉਸੇ ਤਰਾਂ ਸਾਨੂੰ ਮਸੀਹ ਨੂੰ ਇੱਕ ਅਜਿਹੇ ਸੰਸਾਰ ਵਿੱਚ ਪ੍ਰਗਟ ਕਰਨਾ ਹੈ ਜੋ ਉਸਦੇ ਕੋਮਲ ਅਤੇ ਦਿਆਲੂ ਪਿਆਰ ਨੂੰ ਨਹੀਂ ਜਾਣਦਾ ਹੈ। ਯਿਸੂ ਕਹਿੰਦਾ ਹੈ, “ਜਿਵੇਂ ਕਿ ਤੂੰ ਮੈਨੂੰ ਸੰਸਾਰ ਵਿੱਚ ਭੇਜਿਆ ਹੈ, ਮੈਂ ਵੀ ਉਨ੍ਹਾਂ ਨੂੰ ਸੰਸਾਰ ਵਿੱਚ

ਭੇਜਿਆ ਹੈ। ਮੈਂ ਉਨ੍ਹਾਂ ਵਿੱਚ ਨਿਵਾਸ ਕਰਾਂਗਾ ਅਤੇ ਤੂੰ ਮੇਰੇ ਵਿੱਚ। ਇਸ ਤਰੀਕੇ ਨਾਲ ਇਹ ਸਭ ਸਿੱਧ ਹੋਣ ਅਤੇ ਸੰਸਾਰ ਜਾਣ ਜਾਵੇਗਾ ਕਿ ਤੂੰ ਹੀ ਹੈ ਜਿਸ ਨੇ ਮੈਨੂੰ ਭੇਜਿਆ ਹੈ। ਅਤੇ ਤੂੰ ਉਨ੍ਹਾਂ ਨਾਲ ਪਿਆਰ ਕੀਤਾ ਹੈ। ਜਿਵੇਂ ਤੂੰ ਮੈਨੂੰ ਪਿਆਰ ਕਰਦਾ ਹੈਂ। (ਯੂਹੰਨਾ 17: 18, 23) ਸੰਤ ਪੌਲੁਸ ਯਿਸੂ ਦੇ ਚੇਲਿਆਂ ਨੂੰ ਕਹਿੰਦਾ ਹੈ 'ਸਾਡੀ ਚਿੱਠੀ ਤੁਸੀਂ ਹੋ ਜਿਹੜੀ ਸਾਡਿਆਂ ਦਿਲਾਂ ਵਿੱਚ ਲਿਖੀ ਹੋਈ ਹੈ ਜਿਸ ਨੂੰ ਸਭ ਮਨੁੱਖ ਜਾਣਦੇ ਅਤੇ ਪੜ੍ਹਦੇ ਹਨ।" 2 ਕੁਰੰਥੀਆਂ ਨੂੰ 3:3, 2.

ਆਪਣੀ ਹਰੇਕ ਸੰਤਾਨ ਵਿੱਚ, ਯਿਸੂ ਸੰਸਾਰ ਨੂੰ ਇੱਕ ਪੱਤਰੀ ਭੇਜਦਾ ਹੈ। ਜੇਕਰ ਤੁਸੀਂ ਪਰਮੇਸ਼ੁਰ ਦੇ ਅਨੁਯਾਈ ਹੋ, ਤਾਂ ਉਹ ਪਰਿਵਾਰ, ਪਿੰਡ, ਗਲੀ, ਅਤੇ ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਤੁਹਾਡੇ ਦੁਆਰਾ ਇੱਕ ਪੱਤਰ ਭੇਜਦਾ ਹੈ। ਯਿਸੂ ਤੁਹਾਡੇ ਵਿੱਚ ਵਾਸ ਕਰਦੇ ਹੋਏ, ਉਹਨਾਂ ਲੋਕਾਂ ਦੇ ਦਿਲਾਂ ਦੇ ਨਾਲ ਗੱਲ ਕਰਨਾ ਚਾਹੁੰਦੇ ਹਨ, ਜੋ ਉਸ ਨੂੰ ਨਹੀਂ ਜਾਣਦੇ ਹਨ। ਸ਼ਾਇਦ ਉਹ ਬਾਈਬਲ ਨਹੀਂ ਪੜ੍ਹਦੇ ਹਨ, ਜਾਂ ਉਸ ਆਵਾਜ਼ ਨੂੰ ਨਹੀਂ ਸੁਣਦੇ  ਜੋ ਉਸਦੇ ਪੰਨਿਆਂ ਵਿੱਚ ਉਹਨਾਂ ਦੇ ਨਾਲ ਗੱਲ ਕਰਦੀ ਹੈ; ਉਹ ਪਰਮੇਸ਼ੁਰ ਦੇ ਪਿਆਰ ਨੂੰ ਉਸਦੇ ਕੰਮਾਂ ਦੁਆਰਾ ਨਹੀਂ ਦੇਖਦੇ। ਪਰ ਜੇਕਰ ਤੁਸੀਂ ਪਰਮੇਸ਼ੁਰ ਦੇ ਸੱਚੇ ਪ੍ਰਤੀਨਿਧੀ ਹੋ ਤਾਂ ਹੋ ਸਕਦਾ ਹੈ ਕਿ ਤੁਹਾਡੇ ਦੁਆਰਾ ਉਹਨਾਂ ਨੂੰ ਉਸਦੀ ਭਲਿਆਈ ਦੇ ਬਾਰੇ ਸਮਝਾਉਣ ਦੇ ਲਈ ਅਗਵਾਈ ਕੀਤੀ ਜਾ ਸਕੇ ਅਤੇ ਉਸਨੂੰ ਪਿਆਰ ਕਰਨ ਅਤੇ ਉਸਦੀ ਸੇਵਾ ਕਰਨ ਦੇ ਲਈ ਉਹਨਾਂ ਨੂੰ ਜਿੱਤਿਆ ਜਾਵੇ।

**(6) ਵਿਸ਼ਵਾਸ ਦੀ ਉਹ ਕਿਹੜੀ ਹਾਲਾਤ ਹੈ ਜੋ ਦੂਸਰਿਆਂ ਦੇ ਪ੍ਰਤੀ ਮਸੀਹੀ ਦੇ ਅਨੁਰੂਪ ਪਿਆਰ ਦੇ ਕੰਮਾਂ ਦੁਆਰਾ ਪ੍ਰਦਰਸ਼ਿਤ ਨਹੀਂ ਹੁੰਦੀ ਹੈ?**

*ਇਸੇ ਪ੍ਰਕਾਰ ਵਿਸ਼ਵਾਸ ਜੋ ਅਮਲ ਸਹਿਤ ਨਾ ਹੋਵੇ ਤਾਂ ਆਪਣੇ ਆਪ ਵਿੱਚ ਮਰਿਆ ਹੋਇਆ ਹੈ। ' (ਯਾਕੂਬ 2:17)*

ਇਹ ਮੰਨ ਲੈਣਾ ਸਭ ਤੋਂ ਖਤਰਨਾਕ ਅਤੇ ਸਭ ਤੋਂ ਘਾਤਕ ਧੋਖਾ ਹੈ ਕਿ ਇੱਕ ਵਿਅਕਤੀ ਆਪਣੇ ਭਰਾਵਾਂ ਦੇ ਲਈ ਮਸੀਹ ਦੇ ਸਮਾਨ ਪਿਆਰ ਰੱਖਣ ਤੋਂ ਬਿਨਾ, ਸਦੀਪਕ ਜੀਵਨ ਦੇ ਲਈ ਵਿਸ਼ਵਾਸ ਕਰ ਸਕਦਾ ਹੈ। ਜੋ ਪਰਮੇਸ਼ੁਰ ਅਤੇ ਆਪਣੇ ਗੁਆਂਢੀ ਦੇ ਨਾਲ ਪਿਆਰ ਰੱਖਦਾ ਹੈ, ਉਹ ਚਾਨਣ ਅਤੇ ਪਿਆਰ ਦੇ ਨਾਲ ਭਰਭੂਰ ਹੈ। ਪਰਮੇਸ਼ੁਰ ਉਸਦੇ ਵਿੱਚ ਅਤੇ ਚਾਰ ਚੁਫੇਰੇ ਹੈ। ਮਸੀਹੀ ਆਪਣੇ ਆਸ ਪਾਸ ਦੇ ਲੋਕਾਂ ਦੇ ਨਾਲ ਬਹੁਮੁੱਲੀਆਂ ਰੂਹਾਂ ਦੇ ਰੂਪ ਵਿੱਚ ਪਿਆਰ ਕਰਦੇ ਹਨ ਜਿਹਨਾਂ ਦੇ ਲਈ ਮਸੀਹ ਮਰਿਆ। ਪਿਆਰਹੀਣ ਮਸ਼ੀਹੀ ਨਾ ਦੀ ਕੋਈ ਚੀਜ਼ ਨਹੀਂ ਹੁੰਦੀ ਹੈ; ਕਿਉਂਕਿ ਪਰਮੇਸ਼ੁਰ ਪਿਆਰ ਹੈ," ਅਤੇ ਜੇ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ ਤਾਂ ਇਸ ਤੋਂ ਜਾਣਦੇ ਹਾਂ ਜੋ ਅਸੀਂ ਉਹ ਨੂੰ ਜਾਣਿਆ ਹੈ। ਉਹ ਜਿਹੜਾ ਆਖਦਾ ਹੈ ਕਿ ਮੈਂ ਉਹ ਨੂੰ ਜਾਣਿਆ ਹੈ ਅਤੇ ਉਹ ਦੇ ਹੁਕਮਾਂ ਦੀ ਪਾਲਨਾ ਨਹੀਂ ਕਰਦਾ ਸੋ ਝੂਠਾ ਹੈ ਅਤੇ ਸਚਿਆਈ ਉਹ ਦੇ ਵਿੱਚ ਨਹੀਂ ਹੈ।
"ਤੁਹਾਡੇ ਲਈ ਮੇਰਾ ਇਹ ਹੁਕਮ ਹੈ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਹੈ, ਇਸੇ ਤਰ੍ਹਾਂ ਤੁਸੀਂ ਵੀ ਇੱਕ ਦੂਜੇ ਨੂੰ ਪਿਆਰ ਕਰੋ।" ਇਹ ਉਹ ਫਲ ਹੈ ਜੋ ਪਰਮੇਸ਼ੁਰ ਨੂੰ ਵਾਪਿਸ ਦਿੱਤਾ ਜਾਣਾ ਚਾਹੀਦਾ ਹੈ।

**(7) ਜੋ ਲੋਕ ਆਪਣੀ ਆਤਮਾ ਵਿੱਚ ਪਿਆਰ ਦਾ ਕਾਇਮ ਰਹਿਣ ਵਾਲਾ ਸਿਧਾਂਤ ਰੱਖਦੇ ਹੋਏ ਮਸੀਹ ਦੀ ਮਿਸਾਲ ਦਿੰਦੇ ਹਨ, ਉਹਨਾਂ ਉੱਤੇ ਪਰਮੇਸ਼ੁਰ ਕਿਹੜੇ ਦੋ ਤਰੀਕਿਆਂ ਦੇ ਨਾਲ ਪ੍ਰਸੰਨ ਹੋਵੇਗਾ?**

*ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿਚਕਾਰ ਹੈ, ਉਹ ਬਚਾਉਣ ਵਿੱਚ ਸਮਰੱਥੀ ਹੈ, ਉਹ ਅਨੰਦ ਨਾਲ ਤੇਰੇ ਉੱਤੇ ਖੁਸ਼ ਹੋਵੇਗਾ, ਉਹ ਆਪਣੇ ਪ੍ਰੇਮ ਨੂੰ ਤਾਜ਼ਾ ਕਰੇਗਾ, ਉਹ ਉੱਚੀ ਅਵਾਜ਼ ਨਾਲ ਗਾਉਂਦਾ ਹੋਇਆ ਤੇਰੇ ਕਾਰਨ ਮਗਨ ਹੋਵੇਗਾ।" (ਸਫ਼ਨਯਾਹ 3:17)*

ਪਰਮੇਸ਼ੁਰ ਕਿਸੇ ਨੂੰ ਵੀ ਸਵਰਗ ਵਿੱਚ ਨਹੀਂ ਲੈ ਜਾਂਦਾ ਹੈ, ਸਿਵਾਏ ਉਹਨਾਂ ਦੇ ਜੋ ਇਸ ਸੰਸਾਰ ਵਿੱਚ ਮਸੀਹ ਦੀ ਕਿਰਪਾ ਦੇ ਦੁਆਰਾ ਪਹਿਲੇ ਸੰਤ ਬਣਾਏ ਗਏ ਹਨ, ਅਤੇ ਜਿਹਨਾਂ ਦੇ ਵਿੱਚੋਂ ਉਹ ਮਸੀਹ ਨੂੰ ਇੱਕ ਮਿਸਾਲ ਦੇ ਰੂਪ ਵਿੱਚ ਦੇਖ ਸਕਦਾ ਹੈ। ਜਦੋਂ ਮਸੀਹ ਦਾ ਪਿਆਰ ਆਤਮਾ ਦੇ ਵਿੱਚ ਇੱਕ ਸਥਾਈ ਸਿਧਾਂਤ ਹੈ, ਤਾਂ ਸਾਨੂੰ ਇਹ ਪਤਾ ਲਗੇਗਾ ਕਿ ਅਸੀਂ ਮਸੀਹ ਦੇ ਨਾਲ ਪਰਮੇਸ਼ੁਰ ਦੇ ਵਿੱਚ ਲੁੱਕੇ ਹੋਏ ਹਾਂ।

ਕੇਵਲ ਉਹ ਹੀ, ਜੋ ਪ੍ਰਾਥਨਾ ਅਤੇ ਜਾਗਰੂਕਤਾ ਅਤੇ ਪਿਆਰ ਦੇ ਨਾਲ ਮਸੀਹ ਦੇ ਕੰਮਾਂ ਨੂੰ ਕਰਦੇ ਹਨ, ਉਹਨਾਂ ਤੋਂ ਪਰਮੇਸ਼ੁਰ ਗਾਇਣ ਦੇ ਨਾਲ ਖੁਸ਼ ਹੋ ਸਕਦਾ ਹੈ। ਜਿੰਨਾਂ ਵੱਧ ਪਰਮੇਸ਼ੁਰ ਪਿਆਰੇ ਪੁੱਤਰ ਦੇ ਸੁਭਾਅ ਨੂੰ ਆਪਣੇ ਲੋਕਾਂ ਦੇ ਵਿੱਚ ਪ੍ਰਗਟ ਹੁੰਦਾ ਵੇਖਦਾ ਹੈ, ਓਨੀ ਹੀ ਖੁਸ਼ੀ ਅਤੇ ਸੰਤੁਸ਼ਟੀ ਉਸਨੂੰ ਉਹਨਾਂ ਦੇ ਵਿੱਚ ਹੁੰਦੀ ਹੈ। ਪਰਮੇਸ਼ੁਰ ਖ਼ੁਦ ਸਵਰਗੀ ਦੂਤਾਂ ਦੇ ਗਾਇਣ ਦੇ ਨਾਲ ਉਹਨਾਂ ਉੱਤੇ ਅਨੰਦ ਹੁੰਦਾ ਹੈ।

**(8) ਇਸ ਆਇਤ ਦੇ ਅੰਤ ਵਿੱਚ ਕਿਹੜਾ ਪੁੱਛਿਆ ਗਿਆ ਸਵਾਲ ਇਹ ਪੁਸ਼ਟੀ ਕਰਦਾ ਹੈ ਕਿ ਇਹ ਮੰਨ ਲੈਣਾ ਸਭ ਤੋਂ ਖਤਰਨਾਕ ਅਤੇ ਸਭ ਤੋਂ ਘਾਤਕ ਧੋਖਾ ਹੈ ਕਿ ਇੱਕ ਵਿਅਕਤੀ ਆਪਣੇ ਭਰਾਵਾਂ ਦੇ ਲਈ ਮਸੀਹ ਦੇ**

**ਸਮਾਨ ਪਿਆਰ ਰੱਖਣ ਤੋਂ ਬਿਨਾ, ਸਦੀਪਕ ਜੀਵਨ ਦੇ ਲਈ ਵਿਸ਼ਵਾਸ ਕਰ ਸਕਦਾ ਹੈ?**

***ਪਰ ਜਿਸ ਕਿਸੇ ਕੋਲ ਸੰਸਾਰ ਦੀਆਂ ਵਸਤੂਆਂ ਹੋਣ ਅਤੇ ਉਹ ਆਪਣੇ ਭਰਾ ਨੂੰ ਲੋੜਵੰਦ ਵੇਖ ਕੇ ਉਸ ਉੱਤੇ ਤਰਸ ਨਾ ਖਾਵੇ, ਤਾਂ ਉਹ ਦੇ ਵਿੱਚ ਪਰਮੇਸ਼ੁਰ ਦਾ ਪਿਆਰ ਕਿਵੇਂ ਰਹਿੰਦਾ ਹੈ? (1 ਯੂਹੰਨਾ 3:17)***

ਸੱਚਾ ਪਵਿੱਤਰੀਕਰਨ ਵਿਸ਼ਵਾਸੀਆਂ ਨੂੰ ਮਸੀਹ ਅਤੇ ਇੱਕ ਦੂਸਰੇ ਨੂੰ ਕੋਮਲ ਹਮਦਰਦੀ ਦੇ ਬੰਧਨ ਵਿੱਚ ਜੋੜਦਾ ਹੈ। ਇਹ ਮਿਲਾਪ ਲਗਾਤਾਰ ਦਿਲ ਵਿੱਚ ਮਸੀਹ-ਜਿਹੇ ਪਿਆਰ ਦੀਆਂ ਨਦੀਆਂ ਨੂੰ ਵਹਾਉਣ ਦਾ ਕਾਰਣ ਬਣਦਾ ਹੈ, ਜਿਹੜਾ ਕੀ ਇੱਕ ਦੂਸਰੇ ਦੇ ਲਈ ਪਿਆਰ ਵਿੱਚ ਮੁੜ ਮੁੜ ਕੇ ਵਹਿੰਦਾ ਹੈ।
ਜੋ ਗੁਣ ਸਾਰਿਆਂ ਦੇ ਲਈ ਜ਼ਰੂਰੀ ਹਨ ਅਤੇ ਜੋ ਮਸੀਹ ਦੇ ਸੁਭਾਅ ਦੀ ਸੰਪੂਰਨਤਾ ਉੱਤੇ ਮੋਹਰ ਲਗਾਉਂਦੇ ਹਨ – ਉਹ ਹਨ ਉਸਦਾ ਪਿਆਰ, ਉਸਦਾ ਧੀਰਜ, ਉਸਦਾ ਨਿਸਵਾਰਥ ਅਤੇ ਉਸਦੀ ਭਲਿਆਈ। ਇਹਨਾਂ ਗੁਣਾਂ ਨੂੰ ਦਿਆਲੂ ਦਿਲ ਦੇ ਨਾਲ ਦਿਆਲੂ ਕੰਮ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

**(9) ਜਿਹੜੇ ਆਤਮਿਕ ਤੌਰ ਤੇ ਗੁਵਾਚੇ ਹੋਇਆ ਨੂੰ ਬਚਾਉਣ ਦੇ ਲਈ ਮਸੀਹ ਪਿਆਰ ਕਰਦੇ ਹਨ, ਉਹ ਉਹਨਾਂ ਨੂੰ ਕਿਹੜੀ ਮਿਸਾਲ, ਮੌਕਾ ਅਤੇ ਆਗਿਆ ਦਿੰਦਾ ਹੈ?**

***ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਤੇ ਉਨ੍ਹਾਂ ਨੂੰ ਸਿਖਾਓ ਕਿ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ***

*ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਸੰਸਾਰ ਦੇ ਅੰਤ ਤੱਕ ਹਰ ਵੇਲੇ ਤੁਹਾਡੇ ਨਾਲ ਹਾਂ।' (ਮੱਤੀ 28:19-20)*

ਯਿਸੂ ਨੇ ਅਸੀਮ ਦਯਾ ਦੇ ਨਾਲ ਸੰਸਾਰ ਦੀ ਪਾਪਮਈ ਸਥਿਤੀ ਨੂੰ ਦੇਖਿਆ। ਉਸ ਨੇ ਇਨਸਾਨੀਅਤ ਦਾ ਰੂਪ ਵਟਾਇਆ ਤਾਂ ਜੋ ਉਹ ਮਨੁੱਖਤਾ ਨੂੰ ਛੂ ਸਕੇ ਅਤੇ ਉੱਪਰ ਉੱਠਾ ਸਕੇ। ਉਹ ਉਸਨੂੰ ਭਾਲਣ ਅਤੇ ਬਚਾਉਣ ਦੇ ਲਈ ਆਇਆ ਜੋ ਗਵਾਚ ਗਿਆ ਸੀ। ਉਹ ਮਨੁੱਖੀ ਦੁੱਖ ਅਤੇ ਸ਼ਰਾਪ ਦੀ ਗਹਿਰਾਈ ਤੱਕ ਇਨਸਾਨ ਨੂੰ ਕੱਢਣ ਦੇ ਲਈ ਪਹੁੰਚਿਆ, ਜਿਸ ਤਰਾਂ ਵੀ ਉਸ ਨੇ ਉਸ ਨੂੰ ਪਾਇਆ ਭਾਵ ਭ੍ਰਿਸ਼ਟਾਚਾਰ ਦੇ ਨਾਲ ਭ੍ਰਿਸ਼ਟ ਹੁੰਦਾ ਹੋਇਆ, ਬਦੀ ਦੇ ਨਾਲ ਬੇਕਦਰਾ, ਪਾਪ ਦੇ ਨਾਲ ਨਕਾਰਿਆ ਹੋਇਆ, ਅਤੇ ਸ਼ੈਤਾਨ ਦੇ ਨਾਲ ਕੁਫ਼ਰ ਦੇ ਵਿੱਚ ਸ਼ਾਮਿਲ, ਪਰ ਮਸੀਹ ਨੇ ਉਸਨੂੰ ਆਪਣੇ ਸਿੰਘਾਸਨ ਦੇ ਨਾਲ ਉਸਨੂੰ ਉੱਚਾ ਚੁੱਕਿਆ। ਪਰ ਇਹ ਉਸਦੇ ਲਈ ਲਿੱਖਿਆ ਗਿਆ ਸੀ ਕਿ ਉਹ ਅਸਫਲ ਨਹੀਂ ਹੋਵੇਗਾ ਅਤੇ ਨਾ ਹੀ ਨਿਰਾਸ਼ ਹੋਵੇਗਾ," ਅਤੇ ਉਹ ਸ੍ਵੈ-ਇਨਕਾਰ ਅਤੇ ਸ੍ਵੈ-ਬਲੀਦਾਨ ਦੇ ਰਸਤੇ ਵਿੱਚ ਅੱਗੇ ਵੱਧ ਗਿਆ, ਅਤੇ ਸਾਨੂੰ ਇੱਕ ਉਦਾਹਰਣ ਦਿੱਤੀ ਕਿ ਸਾਨੂੰ ਉਸਦੇ ਨਕਸ਼-ਏ-ਕਦਮਾਂ ਉੱਤੇ ਚੱਲਣਾ ਚਾਹੀਦਾ ਹੈ।

ਸਾਨੂੰ ਉਸੇ ਤਰਾਂ ਕੰਮ ਕਰਨਾ ਚਾਹੀਦਾ ਹੈ ਜਿਵੇਂ ਯਿਸੂ ਨੇ ਕੀਤਾ, ਉਹ ਖ਼ੁਦ ਦੇ ਅਨੰਦ ਤੋਂ ਦੂਰ ਰਿਹਾ, ਸ਼ੈਤਾਨ ਦੇ ਲਾਲਚਾਂ ਨੂੰ ਠੁਕਰਾਇਆ, ਅਰਾਮ ਨੂੰ ਘਿਰਣਾ ਕੀਤੀ, ਸਵਾਰਥੀਪਣ ਦੇ ਨਾਲ ਨਫਰਤ ਕੀਤੀ, ਤਾਂਕਿ ਅਸੀਂ ਜੋ ਗੁਵਾਚ ਚੁੱਕੇ ਸੀ ਨੂੰ ਭਾਲ ਅਤੇ ਬਚਾ ਸਕੇ, ਆਤਮਾਵਾਂ ਨੂੰ ਹਨੇਰੇ ਤੋਂ ਪ੍ਰਕਾਸ਼, ਪਰਮੇਸ਼ੁਰ ਦੇ ਪਿਆਰ ਦੀ ਧੁੱਪ ਵਿੱਚ ਲਿਆਂਦਾ। ਸਾਨੂੰ ਅੱਗੇ ਵੱਧਣ ਅਤੇ ਹਰ ਇਨਸਾਨ ਨੂੰ ਸੁਸਮਾਚਾਰ ਦਾ ਪ੍ਰਚਾਰ ਕਰਨ ਦੇ ਲਈ ਆਗਿਆ ਦਿੱਤੀ ਗਈ ਹੈ। ਅਸੀਂ ਗੁਵਾਚੇ ਹੋਇਆ ਦੇ ਲਈ ਚੰਗੀ ਖ਼ਬਰ

ਲਿਆਉਣ ਦੇ ਲਈ ਹਾਂ ਕਿ ਮਸੀਹ ਪਾਪ ਨੂੰ ਮਾਫ਼ ਕਰ ਸਕਦਾ ਹੈ, ਸੁਭਾਅ ਨੂੰ ਨਵਿਆਂ ਕਰ ਸਕਦਾ ਹੈ, ਆਤਮਾ ਨੂੰ ਧਾਰਮਿਕਤਾ ਦੇ ਜਾਮੇ ਦੇ ਨਾਲ ਢੱਕ ਸਕਦਾ ਹੈ, ਪਾਪੀ ਨੂੰ ਉਸਦੀ ਸਹੀ ਸਮਝ ਵਿੱਚ ਲਿਆ ਸਕਦਾ ਹੈ, ਅਤੇ ਉਸਨੂੰ ਸਿਖਾ ਅਤੇ ਪਰਮੇਸ਼ੁਰ ਦੇ ਨਾਲ ਸੇਵਾ ਦੇ ਵਿੱਚ ਸ਼ਾਮਿਲ ਕਰ ਸਕਦਾ ਹੈ।

**(10) ਜਦੋਂ ਮਸੀਹ ਮਸੀਹ ਵਿੱਚ ਕਾਇਮ ਹਾਂ, ਤਾਂ ਉਹ ਪਵਿੱਤਰ ਆਤਮਾ ਦੇ ਵਸੀਲੇ ਦੇ ਨਾਲ ਸਾਨੂੰ ਅਜਿਹਾ ਕੀ ਕਰਨ ਦੀ ਸ਼ਕਤੀ ਦੇਵੇਗਾ ਤਾਂ ਜੋ ਅਸੀਂ ਦੂਸਰਿਆਂ ਦੇ ਲਈ ਪਿਆਰ ਵਿੱਚ ਮਿਹਨਤ ਕਰ ਸਕੀਏ?**

***ਉਹ ਜਿਹੜਾ ਆਖਦਾ ਹੈ ਕਿ ਮੈਂ ਉਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਕਿ ਜਿਵੇਂ ਯਿਸੂ ਚੱਲਦਾ ਸੀ ਉਹ ਆਪ ਵੀ ਚੱਲੇ।*** *(1 ਯੂਹੰਨਾ 2:6)*

ਮਸੀਹਾਂ ਦਾ ਸੁਭਾਅ, ਉਹਨਾਂ ਦੇ ਪਰਮੇਸ਼ੁਰ ਦੇ ਤਰਾਂ ਹੈ। ਉਸਨੇ ਮਾਪਦੰਡ ਨੂੰ ਕਾਇਮ ਕੀਤਾ ਅਤੇ ਸਾਡੇ ਲਈ ਇਹ ਕਹਿਣ ਦੇ ਲਈ ਛੱਡ ਦਿੱਤਾ ਕਿ ਚਾਹੇ ਜਾਂ ਨਹੀਂ, ਅਸੀਂ ਇਸਦੇ ਦੁਆਲੇ ਇੱਕਠੇ ਹੋਵਾਂਗੇ। ਸਾਡੇ ਮੁੱਕਤੀਦਾਤੇ ਅਤੇ ਪਰਮੇਸ਼ੁਰ ਨੇ ਆਪਣੀ ਪ੍ਰਭੂਤਾ, ਉਸਦੇ ਸ਼ਾਨੋ-ਸ਼ੌਕਤ ਅਤੇ ਪ੍ਰਤਾਪ ਨੂੰ ਤਿਆਗ ਦਿੱਤਾ ਅਤੇ ਸਾਡੇ ਪਿੱਛੇ ਆਏ ਤਾਂ ਜੋ ਉਹ ਸਾਨੂੰ ਦੁੱਖ ਤੋਂ ਬਚਾ ਸਕੇ ਅਤੇ ਆਪਣੇ ਜਿਹਾ ਬਣਾ ਸਕੇ। ਉਸ ਨੇ ਆਪਣੇ ਆਪ ਨੂੰ ਨਮਰ ਕਰ ਲਿਆ ਅਤੇ ਸਾਡੇ ਸੁਭਾਅ ਨੂੰ ਧਾਰ ਲਿਆ ਤਾਂ ਕਿ ਅਸੀਂ ਉਸ ਕੋਲੋਂ ਸਿੱਖਣ ਦੇ ਵਿੱਚ ਯੋਗ ਹੋ ਸਕੀਏ ਅਤੇ ਪਰਉਪਕਾਰੀ ਅਤੇ ਸ੍ਵੈ-ਤਿਆਗ ਦੇ ਉਸਦੇ ਜੀਵਨ ਦੀ ਰੀਸ ਕਰ ਸਕੀਏ, ਅਤੇ ਸਵਰਗ ਦੀ ਵੱਲ ਕਦਮ ਦਰ ਕਦਮ ਉਸਦੇ ਪਿੱਛੇ ਚੱਲ ਸਕੀਏ। ਤੁਸੀਂ ਪੂਰੀ ਤਰਾਂ ਨਕਲ ਨਹੀਂ ਕਰ ਸਕਦੇ; ਪਰ ਤੁਸੀਂ ਇਸਦੇ ਨਾਲ ਮੇਲ ਖਾ ਸਕਦੇ ਹੋ ਅਤੇ ਤੁਹਾਡੀ ਕਾਬਲੀਅਤ ਦੇ ਅਨੁਸਾਰ ਇਸੇ ਤਰਾਂ ਕਰੋ। "ਤੂੰ ਪ੍ਰਭੂ

ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ।" ਇਸ ਤਰਾਂ ਦਾ ਪਿਆਰ ਤੁਹਾਡੇ ਦਿਲਾਂ ਦੇ ਵਿੱਚ ਵੱਸਣਾ ਚਾਹੀਦਾ ਹੈ, ਕਿ ਤੁਸੀਂ ਜੇਕਰ ਇਸ ਤਰਾਂ ਮਸੀਹ ਦੀ ਸੇਵਾ ਵਿੱਚ ਸ਼ਾਮਿਲ ਹੋਣ ਦੇ ਲਈ ਇੱਕ ਰੂਹ ਨੂੰ ਪ੍ਰਭਾਵਿਤ ਕਰ ਸਕਦੇ ਹੋ ਤਾਂ ਤੁਸੀਂ ਇਸ ਦੁਨੀਆਂ ਦੇ ਧਨ ਅਤੇ ਸਨਮਾਨ ਨੂੰ ਦੇਣ ਦੇ ਲਈ ਤਿਆਰ ਹੋਵੋਗੇ।

*ਜਿਵੇਂ ਕਿ ਮੈਂ ਪਵਿੱਤਰ ਸ਼ਾਸਤਰ ਪੜ੍ਹਿਆ ਹੈ, ਅਤੇ ਮੈਂ ਹੈਰਾਨ ਹਾਂ ਕਿ ਮਸੀਹ ਸੁਆਮੀ ਅਤੇ ਸਿਰਜਨਹਾਰ ਗਰੀਬ ਬਣ ਗਿਆ ਤਾਂ ਕਿ ਮੈਂ ਅਨੰਤ ਧਨ ਨੂੰ ਪ੍ਰਾਪਤ ਕਰ ਸਕਾਂ; ਉਹ ਮਰਿਆ ਤਾਂ ਜੋ ਮੈਂ ਜੀਵਨ ਪਾ ਸਕਾਂ; ਤਾਂਕਿ ਉਹ ਮੈਨੂੰ ਰਾਜ ਦੇ ਲਈ ਬਹੁਮੁੱਲੀਆਂ ਆਤਮਾਵਾਂ ਦੇ ਬਚਾਅ ਦੇ ਵਿੱਚ ਇਮਾਨਦਾਰ, ਉਤਸ਼ਾਹ, ਅਨੁਸ਼ਾਸ਼ਨ ਅਤੇ ਵਿਸ਼ਵਾਸ ਦਾ ਮੌਕਾ ਅਤੇ ਉਦਾਹਰਣ ਦੇ ਸਕੇ।*

*ਘੇਰਾ ਲਗਾਓ:    ਹਾਂ                ਪੱਕਾ ਨਹੀਂ ਹੈ*

*ਮੈਂ ਮਸੀਹ ਜੋ ਕਿ ਇੱਕ ਮਹਾਨ ਸਿੱਖਿਅਕ ਹਨ ਉਹਨਾਂ ਦੇ ਪਿਆਰ ਦੀ ਉਦਾਹਰਣ ਦਾ ਪਾਲਣ ਕਰਨ ਦੀ ਚੋਣ ਕਰਦਾ ਹਾਂ ਜੋ ਕੀ ਆਪਣੇ ਬੱਚਿਆਂ ਨੂੰ ਇਹ ਦਰਸਾਉਂਦਾ ਹੈ ਕਿ ਵਿਵਹਾਰਿਕ ਪਿਆਰ ਕਰਮ ਵਿੱਚ ਕਿਸ ਤਰਾਂ ਦਾ ਦਿਖਦਾ ਹੈ। ਮੈਂ ਉਸਦਾ ਲਿੱਖਿਆ ਹੋਇਆ ਪ੍ਰੇਮ ਪੱਤਰ ਬਣਨਾ ਚਾਹੁੰਦਾ ਹਾਂ ਅਤੇ ਇਸ ਦੁਨੀਆ ਵਿੱਚ ਪਹੁੰਚਣਾ ਚਾਹੁੰਦਾ ਹਾਂ।*

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਜਦ ਮੈਂ ਉਸਦੇ ਪਿਆਰ ਦੀ ਸ਼ਕਤੀ ਦਾ ਅਹਿਸਾਸ ਕਰਦਾ ਹਾਂ ਅਤੇ ਉਸਦੀ ਮਿਸਾਲ ਨੂੰ ਦੇਖਦਾ ਹਾਂ, ਤਾਂ ਇਹ ਮੇਰੀ ਦਿਲੀ ਇੱਛਾ ਹੈ ਕਿ ਮੈਂ ਦੂਸਰਿਆਂ ਦੇ ਨਾਲ ਪਿਆਰ ਕਰਾਂ ਜਿਵੇਂ ਉਹ ਮੇਰੇ ਨਾਲ ਕਰਦਾ ਹੈ। ਅਜਿਹਾ ਇਸ ਲਈ ਨਹੀਂ ਕਿ ਪਰਮੇਸ਼ੁਰ ਆਪਣੇ ਉਦੇਸ਼ ਦੀ ਪ੍ਰਗਤੀ ਦੇ ਲਈ ਮੇਰੇ ਉੱਤੇ ਨਿਰਭਰ ਹੈ ਕਿ ਉਹ ਮੈਨੂੰ ਇਹ ਮੌਕਾ ਦਿੰਦਾ ਹੈ ਬਲਕਿ ਇਸ ਲਈ ਕਿ ਉਹ ਮੇਰੇ ਵਿੱਚ ਪਰਉਪਕਾਰ ਦੀ ਆਤਮਾ ਦੀ ਉਤਪਤੀ ਕਰਨਾ ਚਾਹੁੰਦਾ ਹੈ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ

ਮੈਂ ਰੋਜ਼ਾਨਾ ਮਸੀਹ ਵਿੱਚ ਕਾਇਮ ਰਹਿਣ ਨੂੰ ਚੁਣਦਾ ਹਾਂ ਤਾਂ ਜੋ ਮੈਂ ਉਸਦੀ ਪਵਿੱਤਰ ਆਤਮਾ ਦੇ ਨਾਲ ਭਰ ਜਾਵਾਂ ਅਤੇ ਇਸ ਨਾਸ ਹੋਣ ਵਾਲੇ ਸੰਸਾਰ ਵਿੱਚ ਸੁਸਮਾਚਾਰ ਲੈ ਕੇ ਜਾਣ ਦੇ ਲਈ ਉਸਦੇ ਸਮਰਪਿਤ ਹੱਥ ਅਤੇ ਪੈਰ ਬਣ ਜਾਵਾਂ।

ਘੇਰਾ ਲਗਾਓ: ਹਾਂ ਪੱਕਾ ਨਹੀਂ ਹੈ




## ਅਧਿਆਇ 17
## ਪਿਆਰ ਕਰਮ ਵਿੱਚ

**(1) ਪਰਮੇਸ਼ੁਰ ਮਸੀਹ ਦਾ ਕਿਹੜਾ ਦਾਨ ਆਪਣੇ ਚੇਲਿਆਂ ਦੇ ਵਿੱਚ ਦੇਖਣਾ ਚਾਹੁੰਦਾ ਹੈ ਅਤੇ ਉਹ ਉਸਦੀ ਨਿਗਾਹ ਵਿੱਚ ਇੱਕ ਬਹੁਮੁੱਲਾ ਖਜ਼ਾਨਾ ਹੈ?**

***ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਉਸ ਅਵਿਨਾਸ਼ੀ ਸ਼ਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੀ ਨਜ਼ਰ ਵਿੱਚ ਵੱਡੇ ਮੁੱਲ ਦੀ ਹੈ (1 ਪਤਰਸ 3:4)***

ਸਭ ਤੋਂ ਸੁੰਦਰ ਪੌਸ਼ਾਕ ਉਹ ਸਾਨੂੰ ਆਤਮਾ ਦੇ ਉੱਤੇ ਪਹਿਨਣ ਦੇ ਲਈ ਕਹਿੰਦਾ ਹੈ। ਕੋਈ ਵੀ ਬਾਹਰੀ ਸਜਾਵਟ ਕੀਮਤ ਅਤੇ ਸੁੰਦਰਤਾ ਦੇ ਵਿੱਚ ਉਸ ਨਮਰ ਅਤੇ ਸ਼ਾਂਤ

ਆਤਮਾ ਦੇ ਨਾਲ ਤੁਲਨਾ ਨਹੀਂ ਕਰ ਸਕਦੀ ਹੈ, ਜੋ ਉਸਦੀ ਨਿਗਾਹ ਵਿੱਚ ਬਹੁਮੁੱਲੀ ਹੈ। (1 ਪਤਰਸ 3:4)

ਮਸੀਹ ਦਾ ਦਾਨ, ਇੱਕ ਨਮਰ ਅਤੇ ਸ਼ਾਂਤ ਆਤਮਾ ਦਾ ਸ਼ਿੰਗਾਰ ਹੈ ਜੋ ਉਸਦੇ ਦੁਆਰਾ ਅਧਿਕਾਰਿਕ ਰੂਪ ਨਾਲ ਠਹਿਰਾਇਆ ਗਿਆ ਹੈ ਜੋ ਬਹੁਮੁੱਲਾ ਹੋਣ ਵਿੱਚ ਕੋਈ ਵੀ ਗਲਤੀ ਨਹੀਂ ਕਰ ਸਕਦਾ ਹੈ। ਸਾਡੇ ਵਿਚੋਂ ਹਰੇਕ ਨੂੰ ਪਰਮੇਸ਼ੁਰ ਤੋਂ ਇਸ ਦੀ ਭਾਲ ਕਰਕੇ ਆਪਣੇ ਲਈ ਉਸਦੀ ਕੀਮਤ ਦਾ ਪਤਾ ਲਗਾਉਣਾ ਚਾਹੀਦਾ ਹੈ। ਹਾਲਾਕਿ ਮਨੁੱਖ ਸਾਡਾ ਅੰਦਾਜਾ ਲਗਾ ਸਕਦੇ ਹਨ, ਪਰ ਜੇਕਰ ਅਸੀਂ ਇਸ ਸ਼ਿੰਗਾਰ ਨੂੰ ਪਹਿਨਦੇ ਹਾਂ, ਤਾਂ ਅਸੀਂ ਮਸੀਹ ਦੇ ਨਾਲ ਆਪਣੇ ਚੇਲੇਪਨ ਦੀ ਛਾਪ ਨੂੰ ਧਾਰਨ ਕਰਦੇ ਹਾਂ। ਅਸੀਂ ਪਰਮ-ਪਰਮੇਸ਼ੁਰ ਦੇ ਦੁਆਰਾ ਸਨਮਾਨਿਤ ਹੁੰਦੇ ਹਾਂ; ਕਿਉਂਕਿ ਅਸੀਂ ਜੋ ਸ਼ਿੰਗਾਰ ਪਹਿਨਦੇ ਹਾਂ, ਉਸਦਾ ਮੁੱਲ ਉਸਦੀ ਨਿਗਾਹ ਵਿੱਚ ਬਹੁਤ ਵੱਡਾ ਹੈ। ਇਹ ਕੀਮਤੀ ਰਤਨ ਦੀ ਤਲਾਸ਼ ਕੀਤੀ ਜਾਣੀ ਚਾਹੀਦੀ ਹੈ।

**(2) ਜਦੋਂ ਦੂਸਰਿਆਂ ਦੇ ਨਾਲ ਪਿਆਰ ਕਰਨ ਦੀ ਗੱਲ ਆਉਂਦੀ ਹੈ ਤਾਂ ਯਹੋਵਾਹ ਸਾਡੇ ਹੋਠਾਂ ਦੀ ਸੇਵਾ ਦੀ ਲਾਲਸਾ ਨਹੀਂ ਕਰਦਾ, ਤਾਂ ਉਹ ਸਾਨੂੰ ਪਿਆਰ ਕਰਨ ਦੇ ਲਈ ਕਿਵੇਂ ਕਹਿੰਦਾ ਹੈ?**

***ਹੇ ਬੱਚਿਓ, ਅਸੀਂ ਗੱਲਾਂ ਬਾਤਾਂ ਨਾਲ ਨਹੀਂ ਸਗੋਂ ਕੰਮਾਂ ਅਤੇ ਸਚਿਆਈ ਨਾਲ ਪਿਆਰ ਕਰੀਏ। (1 ਯੂਹੰਨਾ 3:18)***

ਰਸੂਲ ਲਿਖਦਾ ਹੈ, " ਆਓ ਅਸੀਂ ਬੋਲਣ ਦੇ ਵਿੱਚ ਪਿਆਰ ਨਾ ਕਰੀਏ, ਬਲਕਿ ਕਰਮ ਅਤੇ ਸੱਚਾਈ ਦੇ ਵਿੱਚ। ਮਸੀਹੀ ਚਰਿੱਤਰ ਦੀ ਪੂਰਨਤਾ ਤਦ ਹੁੰਦੀ ਹੈ ਜਦੋਂ ਦੂਸਰਿਆਂ ਦੀ ਮਦਦ ਕਰਨ ਅਤੇ ਬਰਕਤ ਦੇਣ ਦੀ ਚਾਹਤ ਲਗਾਤਾਰ ਅੰਦਰ ਤੋਂ ਵਹਿੰਦੀ ਹੈ। ਇਹ ਵਿਸ਼ਵਾਸੀ

ਦੀ ਆਤਮਾ ਦੇ ਚਾਰ ਚੁਫੇਰੇ ਇਸਦੇ ਪਿਆਰ ਦਾ ਵਾਤਾਵਰਣ ਹੈ ਜੋ ਉਸਨੂੰ ਜੀਵਨ ਦਾ ਸੁਵਾਦ ਦਿੰਦਾ ਹੈ। ਅਤੇ ਪਰਮੇਸ਼ੁਰ ਨੂੰ ਉਸਦੇ ਕੰਮ ਨੂੰ ਬਰਕਤ ਦੇਣ ਦੇ ਯੋਗ ਬਣਾਉਂਦਾ ਹੈ।
ਪਰਮੇਸ਼ੁਰ ਦੇ ਲਈ ਸਰਵ ਉੱਚ ਪਿਆਰ ਅਤੇ ਦੂਸਰਿਆਂ ਦੇ ਲਈ ਨਿਸਵਾਰਥ ਪਿਆਰ—ਸਭ ਤੋਂ ਉੱਤਮ ਦਾਨ ਹੈ ਜੋ ਕਿ ਸਾਡੇ ਸਵਰਗੀ ਪਿਤਾ ਪ੍ਰਦਾਨ ਕਰ ਸਕਦੇ ਹਨ, ਇਹ ਪਿਆਰ ਕੋਈ ਲਾਲਸਾ ਨਹੀਂ ਹੈ, ਬਲਕਿ ਇੱਕ ਰੂਹਾਨੀ ਤੱਤ ਹੈ, ਅਤੇ ਇੱਕ ਕਾਇਮ ਰਹਿਣ ਵਾਲੀ ਸ਼ਕਤੀ ਹੈ। ਅਪਵਿੱਤਰ ਹਿਰਦਾ ਇਸ ਨੂੰ ਉਤਪਣ ਜਾਂ ਪੈਦਾ ਨਹੀਂ ਕਰ ਸਕਦਾ ਹੈ। ਇਹ ਕੇਵਲ ਉਸ ਹਿਰਦੇ ਵਿੱਚ ਪਾਇਆ ਜਾਂਦਾ ਹੈ ਜਿੱਥੇ ਪਰਮੇਸ਼ੁਰ ਰਾਜ ਕਰਦੇ ਹਨ, "ਅਸੀਂ ਉਸਦੇ ਨਾਲ ਪਿਆਰ ਕਰਦੇ ਹਨ ਕਿਉਂਕਿ ਉਸਨੇ ਪਹਿਲਾਂ ਸਾਡੇ ਨਾਲ ਪਿਆਰ ਕੀਤਾ"। ਰੱਬੀ ਕਿਰਪਾ ਦੁਆਰਾ ਨਵੇਂ ਕੀਤੇ ਗਏ ਹਿਰਦੇ ਵਿੱਚ ਪਿਆਰ ਹੀ ਕਰਮ ਦਾ ਨਿਯਮ ਹੈ। ਇਹ ਚਰਿੱਤਰ ਨੂੰ ਸ਼ੁੱਧ ਕਰਦਾ ਹੈ, ਅਤੇ ਲਾਲਸਾਵਾਂ ਨੂੰ ਨਿਯੰਤਰਿਤ ਕਰਦਾ ਹੈ, ਅਤੇ ਚਾਹ ਨੂੰ ਵਧਾਉਂਦਾ ਹੈ। ਆਤਮਾ ਵਿੱਚ ਸੰਡੋਇਆ ਹੋਇਆ ਇਹ ਪਿਆਰ ਜੀਵਨ ਨੂੰ ਖੁਸ਼ਹਾਲ ਬਣਾਉਂਦਾ ਹੈ, ਅਤੇ ਚਾਰੇ ਪਾਸੇ ਇੱਕ ਸ਼ੁੱਧ ਪ੍ਰਭਾਵ ਨੂੰ ਪਾਉਂਦਾ ਹੈ।
ਇਹਨਾਂ ਆਇਤਾਂ ਵਿੱਚ ਸੂਚੀਬੱਧ ਅੱਠ ਵਿਹਾਰਿਕ ਤਰੀਕਿਆਂ ਦਾ ਸੰਖੇਪ ਵਿੱਚ ਵਰਣਨ ਕਰੋ ਜਿਨਾਂ ਨੂੰ ਅਸੀਂ ਜਾਰੀ ਰੱਖ ਕੇ ਦੁਨੀਆਂ ਦੇ ਲਈ ਮਸੀਹ ਦੇ ਪਿਆਰ ਦੇ ਉਦੇਸ਼ ਨੂੰ ਅੱਗੇ ਵਧਾ ਸਕਦੇ ਹਾਂ?

**(3) ਇਹਨਾਂ ਆਇਤਾਂ ਵਿੱਚ ਸੂਚੀਬੱਧ ਅੱਠ ਵਿਹਾਰਿਕ ਤਰੀਕਿਆਂ ਦਾ ਸੰਖੇਪ ਵਿੱਚ ਵਰਣਨ ਕਰੋ ਜਿਨਾਂ ਨੂੰ ਅਸੀਂ ਜਾਰੀ ਰੱਖ ਕੇ ਦੁਨੀਆਂ ਦੇ ਲਈ ਮਸੀਹ ਦੇ ਪਿਆਰ ਦੇ ਉਦੇਸ਼ ਨੂੰ ਅੱਗੇ ਵਧਾ ਸਕਦੇ ਹਾਂ?**

***'ਜਿਹੜਾ ਵਰਤ ਮੈਂ ਚੁਣਿਆ ਕੀ ਉਹ ਇਹ ਨਹੀਂ ਹੈ ਕਿ ਤੁਸੀਂ ਅਨਿਆਂ ਦੇ ਬੰਧਨਾਂ ਨੂੰ ਖੋਲ੍ਹੋ, ਅਤੇ ਅਨ੍ਹੇਰ ਦੇ ਜੂਲੇ ਦੇ ਬੰਧਨਾਂ ਨੂੰ ਤੋੜੋ? ਕੁਚਲੇ ਹੋਇਆਂ ਨੂੰ ਛੁਡਾਓ ਅਤੇ ਹਰੇਕ ਜੂਲੇ ਨੂੰ ਭੰਨ ਸੁੱਟੋ? ਕੀ ਇਹ ਨਹੀਂ ਕਿ ਤੁਸੀਂ ਆਪਣੀ ਰੋਟੀ ਭੁੱਖਿਆਂ ਨੂੰ ਵੰਡ ਦਿਓ, ਅਤੇ ਬੇ-ਘਰੇ ਭਟਕਣ ਵਾਲਿਆਂ ਨੂੰ ਆਪਣੇ ਘਰ ਲਿਆਓ? ਜਦ ਤੁਸੀਂ ਕਿਸੇ ਨੂੰ ਨੰਗੇ ਵੇਖੋ ਤਾਂ ਉਹ ਨੂੰ ਕੱਜੋ, ਅਤੇ ਆਪਣੇ ਸਾਥੀਆਂ ਤੋਂ ਆਪਣਾ ਮੂੰਹ ਨਾ ਲੁਕਾਓ? ' (ਯਸਾਯਾਹ 58:6-7)***

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਸਭ ਆਤਮ-ਬਲੀਦਾਨ ਕਰਨ ਵਾਲੀ ਕਾਮੇ ਬਣ ਜਾਈਏ। ਸੱਚਾਈ ਦੇ ਹਰੇਕ ਹਿੱਸੇ ਦਾ ਸਾਡੇ ਰੋਜ਼ਾਨਾ ਜੀਵਨ ਵਿੱਚ ਵਿਹਾਰਿਕ ਉਪਯੋਗ ਹੁੰਦਾ ਹੈ। ਧੰਨ ਹਨ ਓਹ ਜਿਹੜੇ ਪਰਮੇਸ਼ੁਰ ਦਾ ਵਚਨ ਸੁਣਦੇ ਅਤੇ ਮੰਨਦੇ ਹਨ। ਸੁਣਨਾ ਹੀ ਕਾਫੀ ਨਹੀਂ ਹੈ; ਸਾਨੂੰ ਇਸਦੀ ਪਾਲਣਾ ਵੀ ਕਰਨੀ ਹੈ, ਅਤੇ ਸਾਨੂੰ ਕਰਨੀ ਚਾਹੀਦੀ ਹੈ। ਇਹਨਾਂ ਹੁਕਮਾਂ ਦੀ ਪਾਲਣਾ ਵਿੱਚ ਇੱਕ ਮਹਾਨ ਪ੍ਰਤੀਫਲ ਹੈ। ਜੋ ਲੋਕ ਗਰੀਬਾਂ, ਦੁੱਖੀਆਂ, ਮੰਦਭਾਗਿਆਂ ਦੇ ਪ੍ਰਤੀ ਆਪਣੀ ਹਮਦਰਦੀ ਅਤੇ ਦਿਆਲੂ ਕੰਮਾਂ ਦੁਆਰਾ ਆਪਣੇ ਪਰਉਪਕਾਰ ਦਾ ਵਿਹਾਰਿਕ ਪ੍ਰਦਰਸ਼ਨ ਕਰਦੇ ਹਨ, ਉਹ ਨਾ ਕੇਵਲ ਪੀੜਤਾਂ ਨੂੰ ਰਾਹਤ ਦਿੰਦੇ ਹਨ, ਬਲਕਿ ਉਹ ਆਪਣੇ ਆਪ ਦੇ ਸੁੱਖ ਦੇ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਆਤਮਾ ਅਤੇ ਸ਼ਰੀਰ ਦੇ ਤੰਦਰੁਸਤੀ ਨੂੰ ਸੁਰੱਖਿਅਤ ਕਰਨ ਦੇ ਰਾਹ ਵਿੱਚ ਹਨ। ਇਸ ਪ੍ਰਕਾਰ ਯਸਾਯਾਹ ਨੇ ਉਸ ਕਾਰਜ ਦਾ ਸਪਸ਼ਟ ਰੂਪ ਵਿੱਚ ਵਰਣਨ ਕੀਤਾ ਹੈ, ਜਿਸਨੂੰ ਕਰਨ ਵਿੱਚ ਪਰਮੇਸ਼ੁਰ ਆਪਣੇ ਲੋਕਾਂ ਨੂੰ ਸਵੀਕਾਰ ਕਰੇਗਾ ਅਤੇ ਆਸ਼ੀਸ਼ ਦੇਵੇਗਾ।

**(4) ਜੇਕਰ ਅਸੀਂ ਮਸੀਹ ਦੇ ਪਿਆਰ ਅਤੇ ਆਤਮਾ ਦੇ ਨਾਲ ਭਰਭੂਰ ਹਾਂ, ਤਾਂ ਹੋਰਨਾਂ ਵਿਸ਼ਵਾਸੀਆਂ ਦੇ ਨਾਲ**

**ਸਾਡੇ ਸੰਬੰਧਾਂ ਵਿੱਚ ਪਿਆਰ ਦੇ ਕਿਹੜੇ ਗੁਣ ਪ੍ਰਦਰਸ਼ਿਤ ਹੋਣਗੇ?**

***ਤਾਂ ਮੇਰੇ ਅਨੰਦ ਨੂੰ ਪੂਰਾ ਕਰੋ ਕਿ ਤੁਸੀਂ ਇੱਕ ਮਨ ਹੋਵੋ, ਇੱਕੋ ਜਿਹਾ ਪਿਆਰ ਰੱਖੋ, ਇੱਕ ਚਿੱਤ, ਇੱਕ ਮੱਤ ਹੋਵੋ। (ਫਿਲਿੱਪੀਆਂ ਨੂੰ 2:2)***

ਜੋ ਕੋਈ ਮਸੀਹ ਦੇ ਪਿੱਛੇ ਚੱਲਣ ਦਾ ਦਾਅਵਾ ਕਰਦਾ ਹੈ, ਉਹ ਖੁਦ ਨੂੰ ਘੱਟ ਅਤੇ ਦੂਸਰਿਆਂ ਨੂੰ ਵੱਧ ਸਨਮਾਨ ਦੇਵੇ। ਮਿਲ ਕੇ ਚੱਲੋ, ਮਿਲ ਕੇ ਚੱਲੋ ਮਿਲ ਦੇ ਚੱਲਣ ਦੇ ਵਿੱਚ ਸ਼ਕਤੀ ਹੁੰਦੀ ਹੈ; ਮੱਤਭੇਦ ਅਤੇ ਫੁੱਟ ਦੇ ਵਿੱਚ ਕਮਜ਼ੋਰੀ ਅਤੇ ਹਾਰ ਹੁੰਦੀ ਹੈ। ਇਹ ਸ਼ਬਦ ਸਵਰਗ ਤੋਂ ਮੈਨੂੰ ਕਹੇ ਗਏ ਹਨ...ਹਰ ਕੋਈ ਮਸੀਹ ਦੀ ਪ੍ਰਾਥਨਾ ਦੇ ਲਈ ਉੱਤਰ ਦੀ ਤਾਂਗ ਵਿੱਚ ਲਗਾ ਰਹੇ। “ਉਹ ਇੱਕ ਜੁੱਟ ਹੋ ਕੇ ਰਹਿਣ। ਜਿਵੇਂ ਹੇ ਪਿਤਾ ਤੂੰ ਮੇਰੇ ਵਿੱਚ ਹੈਂ ਤੇ ਮੈਂ ਤੇਰੇ ਵਿੱਚ। ਵਾਹ ਕੈਸੀ ਏਕਤਾ ਹੈ! ਅਤੇ ਮਸੀਹ ਕਹਿੰਦਾ ਹੈ, “ਜੇ ਤੁਸੀਂ ਇੱਕ ਦੂਜੇ ਨੂੰ ਪਿਆਰ ਕਰੋਂਗੇ ਤਾਂ ਸਾਰੇ ਲੋਕ ਜਾਨਣਗੇ ਕਿ ਤੁਸੀਂ ਮੇਰੇ ਚੇਲੇ ਹੋ।”

**(5) ਜਦੋਂ ਅਸੀਂ ਮਸੀਹ ਦੇ ਪਿਆਰ ਵਿੱਚ ਬਣੇ ਰਹਿੰਦੇ ਹਾਂ ਅਤੇ ਉਸਦਾ ਪਿਆਰ ਸਾਡੇ ਦੁਆਰਾ ਵਹਿੰਦਾ ਹੈ, ਤਾਂ ਅਸੀਂ ਦੂਸਰਿਆਂ ਦੇ ਨਾਲ ਕਿਹੋ ਜਿਹਾ ਵਿਵਹਾਰ ਕਰਾਂਗੇ?**

***'ਪਿਆਰ ਨਿਸ਼ਕਪਟ ਹੋਵੇ, ਬੁਰਿਆਈ ਤੋਂ ਨਫ਼ਰਤ ਕਰੋ, ਭਲਿਆਈ ਕਰਨ ਵਿੱਚ ਲੱਗੇ ਰਹੋ। ਭਾਈਚਾਰੇ ਦੇ ਪਿਆਰ ਨਾਲ ਇੱਕ ਦੂਜੇ ਨਾਲ ਗੂੜ੍ਹਾ ਪਿਆਰ ਰੱਖੋ, ਆਦਰ ਵਿੱਚ ਦੂਜੇ ਨੂੰ ਚੰਗਾ ਸਮਝੋ। ' (ਰੋਮੀਆਂ ਨੂੰ 12:9-10)***

ਮੁੱਕਤੀਦਾਤੇ ਦੀ ਮਿਸਾਲ ਅਜਮਾਏ ਅਤੇ ਪਾਪ ਕਰਨ ਵਾਲਿਆਂ ਦੇ ਲਈ ਸਾਡੀ ਸੇਵਾ ਦਾ ਮਾਪਦੰਡ ਹੈ। ਜੋ ਲਗਾਵ ਅਤੇ ਕੋਮਲਤਾ ਅਤੇ ਸਹਣਸ਼ੀਲਤਾ ਜੋ ਉਸਨੇ ਸਾਡੇ ਲਈ ਦਰਸਾਈ ਹੈ, ਉਹੀ ਸਾਨੂੰ ਦੂਸਰਿਆਂ ਦੇ ਲਈ ਦਰਸਾਉਣੀ ਹੈ। ਉਹ ਕਹਿੰਦਾ ਹੈ: ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ, ਉਸੇ ਤਰਾਂ ਤੁਸੀਂ ਵੀ ਇੱਕ ਦੂਜੇ ਦੇ ਨਾਲ ਪਿਆਰ ਕਰੋ। (ਯੂਹੰਨਾ 13:34) ਜੇਕਰ ਮਸੀਹ ਸਾਡੇ ਵਿੱਚ ਵਾਸ ਕਰਦਾ ਹੈ ਤਾਂ ਅਸੀਂ ਉਸਦੇ ਨਿਸਵਾਰਥ ਪਿਆਰ ਨੂੰ ਉਹਨਾਂ ਸਾਰਿਆਂ ਦੇ ਪ੍ਰਤੀ ਪ੍ਰਗਟ ਕਰਾਂਗੇ ਜਿਨਾਂ ਦੇ ਪ੍ਰਤੀ ਸਾਨੂੰ ਕਰਨਾ ਚਾਹੀਦਾ ਹੈ। ਜਿਵੇਂ ਕਿ ਅਸੀਂ ਦੇਖਦੇ ਹਾਂ ਕਿ ਆਦਮੀਆਂ ਅਤੇ ਔਰਤਾਂ ਨੂੰ ਹਮਦਰਦੀ ਅਤੇ ਮਦਦ ਦੀ ਲੋੜ ਹੁੰਦੀ ਹੈ, ਸਾਨੂੰ ਇਹ ਨਹੀਂ ਪੁੱਛਣਾ ਚਾਹੀਦਾ ਹੈ, “ਕੀ ਉਹ ਯੋਗ ਹਨ? ਬਲਕਿ ਮੈਂ ਉਹਨਾਂ ਨੂੰ ਕਿਵੇਂ ਲਾਭ ਪਹੁੰਚਾ ਸਕਦਾ ਹਾਂ?

ਸਾਡੇ ਲਈ ਚੁਕਾਈ ਗਏ ਸਦੀਪਕ ਮੁੱਲ ਦੇ ਕਾਰਣ ਹਰ ਸੰਸਾਰਿਕ ਬਰਕਤ ਸਾਡੇ ਕੋਲ ਆਈ ਹੈ। ਜੇਕਰ ਮਨੁੱਖ ਨੂੰ ਛੁਡਾਉਣ ਦੇ ਲਈ ਐਡੀ ਵੱਡੀ ਕੀਮਤ ਨੂੰ ਚੁਕਾਉਣਾ ਪਿਆ, ਤਾਂਕਿ ਉਹ ਨਾਸ਼ ਨਾ ਹੋਵੇ, ਬਲਕਿ ਅਨੰਤ ਜੀਵਨ ਪਾਵੇ, ਤਾਂ ਸਾਨੂੰ ਕਿੰਨਾ ਅਨੰਦ ਹੋਣਾ ਚਾਹੀਦਾ ਹੈ ਕਿ ਸਾਨੂੰ ਮਸੀਹ ਦੇ ਨਾਲ ਸਹਿਕਰਮੀ ਬਣਨ ਦਾ ਅਵਸਰ ਪ੍ਰਾਪਤ ਹੋਇਆ ਹੈ, ਜਿੰਨਾਂ ਦੇ ਲਈ ਉਸਨੇ ਆਪਣਾ ਬਹੁਮੁੱਲਾ ਜੀਵਨ ਦੇ ਦਿੱਤਾ। ਪ੍ਰਭੂ ਯਿਸੂ ਉਹਨਾਂ ਦੇ ਨਾਲ ਪਿਆਰ ਕਰਦਾ ਹੈ ਜਿੰਨਾਂ ਦੇ ਲਈ ਉਸਨੇ ਸਭ ਤੋਂ ਵੱਡਾ ਬਲੀਦਾਨ ਦਿੱਤਾ ਹੈ। ਉਸਨੇ ਉਹਨਾਂ ਸਭ ਲੋਕਾਂ ਦੇ ਲਈ ਜਿੰਨਾਂ ਨੂੰ ਉਸ ਉੱਤੇ ਵਿਸ਼ਵਾਸ ਚਾਹੀਦਾ ਹੈ, ਜੀਵਨ ਅਤੇ ਅਮਰਤਾ ਨੂੰ ਪ੍ਰਕਾਸ਼ ਵਿੱਚ ਲਿਆਉਣ ਦੇ ਲਈ ਆਪਣਾ ਸਭ ਤੋਂ ਕੀਮਤੀ ਜੀਵਨ ਦਿੱਤਾ ਹੈ। “ਇਹ ਸਦੀਪਕ ਜੀਵਨ ਹੈ ਉਹ ਤੈਨੂੰ, ਸੱਚੇ ਪਰਮੇਸ਼ੁਰ ਨੂੰ ਜਾਣਨ ਅਤੇ ਯਿਸੂ ਮਸੀਹ ਜਿਸ ਨੂੰ ਤੂੰ ਭੇਜਿਆ ਹੈ। {ਯੂਹੰਨਾ 17:3} ਜੋ ਲੋਕ ਮਸੀਹ ਨੂੰ ਕਬੂਲ ਕਰਦੇ ਹਨ, ਉਹ

ਉਸਦੇ ਨਾਲ ਭਾਗੀਦਾਰੀ ਵਿੱਚ ਹਨ, ਅਤੇ ਉਹ ਆਪਣੇ ਜੀਵਨ ਕਾਲ ਦੇ ਵਿੱਚ ਗਲਤੀ ਨਹੀਂ ਕਰਨਗੇ। ਉਹ ਮਸੀਹ ਦੁਆਰਾ ਕਹੇ ਗਏ ਵਚਨਾਂ ਉੱਤੇ ਧਿਆਨ ਦੇਣਗੇ। ਉਹਨਾਂ ਨੂੰ ਪਵਿੱਤਰ ਆਤਮਾ ਦੁਆਰਾ ਅਗਵਾਈ ਮਿਲੇਗੀ, ਅਤੇ ਪਰਮੇਸ਼ੁਰ ਦੀਆਂ ਮੰਗਾਂ ਦੇ ਸੰਬੰਧ ਵਿੱਚ ਵੱਧ ਤੋਂ ਵੱਧ ਬੁੱਧੀਮਾਨ ਬਣਨਗੇ ਅਤੇ ਉਹਨਾਂ ਲੋਕਾਂ ਦੇ ਪ੍ਰਤੀ ਮਸੀਹ ਦੇ ਜੀਵਨ ਵਿੱਚ ਪ੍ਰਗਟ ਹੋਏ ਪਿਆਰ ਅਤੇ ਕਿਰਪਾ ਨੂੰ ਪ੍ਰਗਟ ਕਰਨਗੇ ਜਿਹਨਾਂ ਦੇ ਸੰਪਰਕ ਦੇ ਵਿੱਚ ਉਹ ਆਇਆ ਸੀ।

**(6) ਜਦੋਂ ਅਸੀਂ ਮਸੀਹ ਦੇ ਨਾਲ ਇੱਕ ਹੋ ਜਾਂਦੇ ਹਾਂ ਜਿਵੇਂ ਕਿ ਮਸੀਹ ਪਿਤਾ ਦੇ ਨਾਲ ਹੈ, ਤਾਂ ਇਹ ਚੇਲਾਪਣ ਸੰਸਾਰ ਦੇ ਵਿੱਚ ਕਿਵੇਂ ਪ੍ਰਗਟ ਹੋਵੇਗਾ?**

***ਜੇ ਤੁਸੀਂ ਇੱਕ ਦੂਜੇ ਨੂੰ ਪਿਆਰ ਕਰੋਂਗੇ ਤਾਂ ਸਾਰੇ ਲੋਕ ਜਾਨਣਗੇ ਕਿ ਤੁਸੀਂ ਮੇਰੇ ਚੇਲੇ ਹੋ।" (ਯੂਹੰਨਾ 13:35)***

ਮਸੀਹ ਅਤੇ ਉਸਦੇ ਲੋਕਾਂ ਦੇ ਵਿੱਚਲੀ ਇੱਕਜੁੱਟਤਾ ਜੀਵਿਤ ਸੱਚੀ ਅਤੇ ਕਦੇ ਨਾ ਟਲਣ ਵਾਲੀ ਅਤੇ ਪਿਤਾ ਅਤੇ ਪੁੱਤਰ ਦੇ ਵਿੱਚ ਏਕਤਾ ਦੀ ਤਰਾਂ ਹੋਣੀ ਚਾਹੀਦੀ ਹੈ। ਇਹ ਇੱਕਜੁੱਟਤਾ ਪਵਿੱਤਰ ਆਤਮਾ ਦੇ ਅੰਦਰ ਵਾਸ ਦਾ ਫਲ ਹੈ। ਪਰਮੇਸ਼ੁਰ ਦੇ ਸਾਰੇ ਸੱਚੇ ਬੱਚੇ ਦੁਨੀਆਂ ਨੂੰ ਮਸੀਹ ਅਤੇ ਆਪਣੇ ਭਰਾਵਾਂ ਦੇ ਨਾਲ ਆਪਣੀ ਏਕਤਾ ਨੂੰ ਪ੍ਰਗਟ ਕਰਨਗੇ। ਜਿਹਨਾਂ ਦੇ ਦਿਲਾਂ ਦੇ ਵਿੱਚ ਮਸੀਹ ਵਾਸ ਕਰਦਾ ਹੈ, ਉਹ ਭਾਈਚਾਰੇ ਦੇ ਪਿਆਰ ਦਾ ਫਲ ਭੋਗਣਗੇ। ਉਹ ਜਾਣਨਗੇ ਕਿ ਪਰਮੇਸ਼ੁਰ ਦੇ ਪਰਿਵਾਰ ਦੇ ਸਦੱਸਾਂ ਦੇ ਰੂਪ ਵਿੱਚ ਉਹਨਾਂ ਨੂੰ ਆਤਮਾ, ਸ਼ਬਦਾਂ ਅਤੇ ਕਾਰਜਾਂ ਵਿੱਚ ਮਸੀਹੀ ਪਿਆਰ ਅਤੇ ਸੰਗਤੀ ਨੂੰ ਵਿਕਸਿਤ ਕਰਨ, ਅਤੇ ਸਝੋਏ ਰੱਖਣ ਅਤੇ ਬਣਾਏ ਰੱਖਣ ਦੇ ਵਾਅਦੇ ਵਿੱਚ ਬੱਧੇ ਹੋਏ ਹਨ।

ਪਰਮੇਸ਼ੁਰ ਦੇ ਬੱਚੇ ਹੋਣ ਦੇ ਲਈ, ਭਾਵ ਸ਼ਾਹੀ ਪਰਿਵਾਰ ਦੇ ਸਦੱਸ ਹੋਣਾ, ਕਈ ਲੋਕਾਂ ਦੀ ਤੁੱਲਣਾ ਵਿੱਚ ਵੱਧ ਹਨ। ਜਿਹਨਾਂ ਨੂੰ ਪਰਮੇਸ਼ੁਰ ਨੇ ਆਪਣੀ ਸੰਤਾਨ ਮੰਨਿਆਂ ਹੈ, ਉਹ ਇੱਕ ਦੂਸਰੇ ਦੇ ਲਈ ਮਸੀਹ ਦੀ ਤਰਾਂ ਪਿਆਰ ਨੂੰ ਪ੍ਰਗਟ ਕਰਨਗੇ। ਉਹ ਇੱਕ ਹੀ ਉਦੇਸ਼ ਦੇ ਲਈ ਜਿਉਣਗੇ ਅਤੇ ਕੰਮ ਕਰਨਗੇ, ਭਾਵ ਦੁਨੀਆਂ ਦੇ ਲਈ ਮਸੀਹ ਨੂੰ ਉੱਚਿਤ ਢੰਗ ਨਾਲ ਪੇਸ਼ ਕਰਨਾ ਹੈ। ਉਹ ਆਪਣੇ ਪਿਆਰ ਅਤੇ ਏਕਤਾ ਦੇ ਨਾਲ ਦੁਨੀਆਂ ਨੂੰ ਦਿਖਾਉਣਗੇ ਕਿ ਉਹ ਈਸ਼ਵਰੀ ਪ੍ਰਮਾਣ-ਪੱਤਰ ਨੂੰ ਧਾਰਨ ਕਰਦੇ ਹਨ। ਪਿਆਰ ਅਤੇ ਸ੍ਵੈ-ਇਨਕਾਰ ਦੇ ਵਡੱਪਣ ਦੇ ਨਾਲ, ਉਹ ਆਸ ਪਾਸ ਦੇ ਲੋਕਾਂ ਨੂੰ ਇਹ ਦਿਖਾਉਣਗੇ ਕਿ ਉਹ ਮੁੱਕਤੀਦਾਤੇ ਦੇ ਸੱਚੇ ਅਨੁਯਾਈ ਹਨ। ਜੇਕਰ ਤੁਸੀਂ ਆਪਸ ਵਿੱਚ ਪਿਆਰ ਕਰੋਗੇ ਤਾਂ ਇਸ ਤੋਂ ਲੋਕ ਜਾਣਨਗੇ ਕਿ ਤੁਸੀਂ ਮੇਰੇ ਚੇਲੇ ਹੋ।

**(7) ਇਸਦੀ ਤੁੱਲਣਾ ਕਿਸਦੇ ਨਾਲ ਕੀਤੀ ਜਾ ਸਕਦੀ ਹੈ ਜਦੋਂ ਅਸੀਂ ਮਸੀਹ ਜਿਹੇ ਪਿਆਰ ਵਿੱਚ, ਦਿਆਲਤਾ ਦੇ ਕਾਰਜ ਦਿਖਾਉਂਦੇ ਹਾਂ ਅਤੇ ਦੂਸਰਿਆਂ ਨੂੰ ਉਤਸ਼ਾਹ ਦੇ ਸ਼ਬਦ ਬੋਲਦੇ ਹਾਂ?**

***ਟਿਕਾਣੇ ਸਿਰ ਆਖੇ ਹੋਏ ਬਚਨ ਚਾਂਦੀ ਦੀ ਟੋਕਰੀ ਵਿੱਚ ਸੋਨੇ ਦੇ ਸੇਬਾਂ ਵਰਗੇ ਹਨ। (ਕਹਾਉਤਾਂ 25:11)***

ਮਸੀਹ ਦੇ ਵਾਂਗਰ ਪਿਆਰ ਕਰਨ ਦਾ ਅਰਥ ਇਹ ਹੈ ਕਿ ਹਰ ਸਮੇਂ ਅਤੇ ਹਰ ਜਗਾ, ਦਿਆਲੂ ਸ਼ਬਦਾਂ ਅਤੇ ਸੁਖਦ ਰੂਪ ਨਾਲ ਉਦਾਰਤਾ ਨੂੰ ਪ੍ਰਗਟ ਕਰਨਾ ਹੈ। ਇਹਨਾਂ ਨੂੰ ਦੇਣ ਵਾਲਿਆਂ ਨੂੰ ਕੋਈ ਕੀਮਤ ਨਹੀਂ ਚੁਕਾਉਣੀ ਪੈਂਦੀ, ਸਗੋਂ ਉਹ ਆਤਮਾ ਨੂੰ ਘੇਰਨ ਵਾਲੀ ਸੁਗੰਧ ਨੂੰ ਪਿੱਛੇ ਛੱਡ ਜਾਂਦੇ ਹਨ। ਉਹਨਾਂ ਦੇ ਅਸਰ ਦਾ ਕਦੇ ਵੀ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਉਹ ਨਾ ਕੇਵਲ ਪ੍ਰਾਪਤ ਕਰਨ ਵਾਲਿਆਂ ਦੇ ਲਈ ਬਰਕਤ ਹੈ ਬਲਕਿ ਦੇਣ ਵਾਲਿਆਂ ਦੇ

ਲਈ ਵੀ ਬਰਕਤ ਹੈ; ਕਿਉਂਕਿ ਉਹ ਉਸ ਉੱਤੇ ਵੀ ਪ੍ਰਤਿਕਿਰਿਆ ਕਰਦੇ ਹਨ। ਸੱਚਾ ਪਿਆਰ ਸਵਰਗੀ ਉੱਤਪਤੀ ਦਾ ਇੱਕ ਅਨਮੋਲ ਗੁਣ ਹੈ, ਜੋ ਦੂਸਰਿਆਂ ਨੂੰ ਦੇਣ ਉੱਤੇ ਇਸਦੀ ਸੁਗੰਧ ਦੀ ਮਾਤਰਾ ਦੇ ਵਿੱਚ ਵੱਧ ਜਾਂਦਾ ਹੈ।

ਮਸੀਹ ਦਾ ਪਿਆਰ ਗਹਿਰਾ ਅਤੇ ਸੱਚਾ ਹੈ, ਜਿਹੜਾ ਕੀ ਇਸ ਨੂੰ ਸਵੀਕਾਰ ਕਰਨ ਵਾਲਿਆਂ ਸਾਰੇ ਲੋਕਾਂ ਦੇ ਲਈ ਇੱਕ ਨਾ ਰੁੱਕਣ ਵਾਲੀ ਨਦੀ ਦੇ ਵਾਂਗ ਵਹਿ ਰਿਹਾ ਹੈ। ਉਸਦੇ ਪਿਆਰ ਦੇ ਵਿੱਚ ਕੋਈ ਸਵਾਰਥ ਨਹੀਂ ਹੈ। ਜੇਕਰ ਇਹ ਸਵਰਗੀ-ਪੈਦਾ ਹੋਇਆ ਪਿਆਰ ਹਿਰਦੇ ਵਿੱਚ ਇੱਕ ਸਥਾਈ ਸਿਧਾਂਤ ਹੈ, ਤਾਂ ਇਹ ਨਾ ਕੇਵਲ ਉਹਨਾਂ ਲੋਕਾਂ ਦੇ ਲਈ, ਜਿਹਨਾਂ ਨੂੰ ਅਸੀਂ ਪਵਿੱਤਰ ਸੰਬੰਧਾਂ ਦੇ ਵਿੱਚ ਸਭ ਤੋਂ ਪਿਆਰੇ ਜਾਣਦੇ ਹਾਂ, ਬਲਕਿ ਉਹਨਾਂ ਸਾਰਿਆਂ ਦੇ ਲਈ ਜਾਣੂ ਹੋਵੇਗਾ, ਜਿਹਨਾਂ ਦੇ ਨਾਲ ਅਸੀਂ ਸੰਪਰਕ ਵਿੱਚ ਆਉਂਦੇ ਹਾਂ। ਇਹ ਸਾਨੂੰ ਛੋਟੇ ਛੋਟੇ ਆਕਰਸ਼ਣ ਦੇ ਕੰਮਾਂ, ਰਿਆਇਤਾਂ ਦੇਣ, ਦਿਆਲਗੀ ਦੇ ਕੰਮ ਕਰਨ, ਕੋਮਲ, ਸੱਚਾਈ, ਉਤਸ਼ਾਹਜਨਕ ਸ਼ਬਦ ਬੋਲਣ ਦੇ ਲਈ ਅਗਵਾਹੀ ਕਰੇਗਾ। ਇਹ ਸਾਨੂੰ ਉਹਨਾਂ ਲੋਕਾਂ ਦੇ ਨਾਲ ਹਮਦਰਦੀ ਰੱਖਣ ਦੇ ਲਈ ਪ੍ਰੇਰਿਤ ਕਰੇਗਾ, ਜਿਹਨਾਂ ਦੇ ਦਿਲ ਹਮਦਰਦੀ ਦੇ ਲਈ ਭੁੱਖੇ ਹਨ।

**(8) ਇਹਨਾਂ ਵਚਨਾਂ ਵਿੱਚ ਪਾਏ ਜਾਣ ਵਾਲੇ ਪਿਆਰ ਅਤੇ ਪਰਮੇਸ਼ੁਰ ਦੇ 16 ਵਿਹਵਾਰਿਕ ਵਿਸ਼ੇਸ਼ਤਾਵਾਂ ਨੂੰ ਸੰਖੇਪ ਵਿੱਚ ਸੂਚੀਬੱਧ ਕਰੋ?**

*ਪਿਆਰ ਧੀਰਜਵਾਨ ਅਤੇ ਕਿਰਪਾਲੂ ਹੈ। ਪਿਆਰ ਖੁਣਸ ਨਹੀਂ ਕਰਦਾ। ਪਿਆਰ ਫੁੱਲਦਾ ਨਹੀਂ, ਪਿਆਰ ਫੂੰ-ਫੂੰ ਨਹੀਂ ਕਰਦਾ। ਕੁਚੱਜਿਆਂ ਨਹੀਂ ਕਰਦਾ, ਆਪ*

*ਸੁਆਰਥੀ ਨਹੀਂ, ਚਿੜਦਾ ਨਹੀਂ, ਬੁਰਾ ਨਹੀਂ ਮੰਨਦਾ। ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ। ਪਿਆਰ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ ਵਾਕ ਹੋਣ ਉਹ ਮੁੱਕ ਜਾਣਗੇ, ਭਾਵੇਂ ਭਾਸ਼ਾ ਹੋਣ ਉਹ ਜਾਂਦੀਆਂ ਰਹਿਣਗੀਆਂ, ਭਾਵੇਂ ਗਿਆਨ ਹੋਵੇ ਉਹ ਮੁੱਕ ਜਾਵੇਗਾ। ' (1 ਕੁਰਿੰਥੀਆਂ ਨੂੰ 13:4-8)*

ਜੇਕਰ ਕੋਈ ਵਿਅਕਤੀ ਆਪਣੀ ਬਾਹ ਦਾ ਇਸਤੇਮਾਲ ਨਹੀਂ ਕਰੇਗਾ, ਤਾਂ ਉਹ ਕਮਜ਼ੋਰ ਹੋ ਜਾਵੇਗੀ ਅਤੇ ਉਸਦੇ ਅੰਦਰੋਂ ਮਾਸਪੇਸ਼ੀਆਂ ਦੀ ਤਾਕਤ ਖਤਮ ਹੋ ਜਾਵੇਗੀ। ਜਦ ਤੱਕ ਇੱਕ ਮਸੀਹੀ ਆਪਣੀਆਂ ਆਤਮਿਕ ਸ਼ਕਤੀਆਂ ਦਾ ਇਸਤੇਮਾਲ ਨਹੀਂ ਕਰਦਾ ਹੈ, ਤਦ ਤੱਕ ਉਸਨੂੰ ਸੁਭਾਅ ਦੀ ਸ਼ਕਤੀ ਅਤੇ ਨੈਤਿਕ ਸ਼ਕਤੀ ਪ੍ਰਾਪਤ ਨਹੀਂ ਹੁੰਦੀ ਹੈ। ਪਿਆਰ ਇੱਕ ਬਹੁਤ ਹੀ ਕੀਮਤੀ ਪੌਦਾ ਹੈ ਅਤੇ ਜੇਕਰ ਇਹ ਫਲਦਾ-ਫੁਲਦਾ ਹੈ ਤਾਂ ਇਸਦੀ ਖੇਤੀ ਕਰਨੀ ਚਾਹੀਦੀ ਹੈ। ਪਿਆਰ ਦੇ ਅਨਮੋਲ ਪੌਦੇ ਨੂੰ ਕੋਮਲਤਾ ਦੇ ਨਾਲ ਵਿਵਹਾਰ ਕਰਨਾ ਚਾਹੀਦਾ ਹੈ। (ਅਭਿਆਸ) ਤਾਂ ਫਿਰ ਇਹ ਮਜ਼ਬੂਤ ਅਤੇ ਤਾਕਤਵਰ ਅਤੇ ਫਲਦਾਇਕ ਅਤੇ ਸਿੱਧ ਹੋ ਜਾਵੇਗਾ, ਅਤੇ ਇਹ ਸੰਪੂਰਨ ਸੁਭਾਅ ਨੂੰ ਜ਼ਾਹਿਰ ਕਰੇਗਾ। ਇੱਕ ਮਸੀਹ ਜਿਹਾ ਸੁਭਾਅ ਸੁਵਾਰਥੀ ਨਹੀਂ ਹੁੰਦਾ ਹੈ, ਨਿਰਦਈ ਨਹੀਂ ਹੁੰਦਾ, ਅਤੇ ਉਹਨਾਂ ਦੇ ਆਤਮਾਵਾਂ ਨੂੰ ਸੱਟ ਨਹੀਂ ਮਾਰਦਾ ਜਿਹੜੀਆਂ ਸ਼ੈਤਾਨ ਦੀਆਂ ਪ੍ਰੀਖਿਆਵਾਂ ਦੇ ਵਿੱਚ ਜੱਦੋ-ਜਹਿਦ ਕਰ ਰਹੇ ਹਨ। ਇਹ ਉਹਨਾਂ ਲੋਕਾਂ ਦੀਆਂ ਭਾਵਨਾਵਾਂ ਦੇ ਵਿੱਚ ਪ੍ਰਵੇਸ਼ ਕਰੇਗਾ ਜਿਹੜੇ ਪ੍ਰੀਖਿਆ ਦੇ ਵਿੱਚ ਹਨ ਤਾਂ ਜੋ ਪ੍ਰੀਖਿਆਵਾਂ ਅਤੇ ਲਾਲਚਾਂ ਨੂੰ ਇਸ ਪ੍ਰਕਾਰ ਰੱਦ ਕੀਤਾ ਜਾ ਸਕੇ ਕਿ ਸੋਨਾ ਬਾਹਰ ਆ ਜਾਵੇ ਅਤੇ ਮੈਲ ਨੂੰ ਖ਼ਤਮ ਕੀਤਾ ਜਾ

